ਹਫਤਾਵਾਰੀ
# ਦੇਸ਼ ਦੁਆਬਾ
VOL - 3 ISSUE - 29
March 19, 2015
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



ਅਦਾਰਾ ''ਅੰਬੇਦਕਰ ਟਾਈਮਜ਼'' ਅਤੇ ''ਦੇਸ਼ ਦੁਆਬਾ'' ਵੱਲੋਂ 23 ਮਾਰਚ ਦੇ ਸ਼ਹੀਦਾਂ ਨੂੰ ਕੋਟਿਨ-ਕੋਟਿ ਪ੍ਰਣਾਮ

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

# ਗੁਰਦੁਆਰਾ ਸਾਹਿਬ ਟਰਲੱਕ ਵਿਖੇ ਮਨਾਇਆ ਚੌਥਾ ਨਗਰ ਕੀਰਤਨ

## ਹੋਲੇ-ਮਹੱਲੇ ਮੌਕੇ ਸੰਗਤਾਂ ਭਾਰੀ ਗਿਣਤੀ 'ਚ ਪੁੱਜੀਆਂ, ਹਰ ਥਾਂ ਨਗਰ ਕੀਰਤਨ ਦਾ ਹੋਇਆ ਸਵਾਗਤ





ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ

**ਕੈਲੀਫੋਰਨੀਆ (ਬਿਊਰੋ ਸਰਵਿਸ)-** ਗੁਰਦੁਆਰਾ ਸਾਹਿਬ ਟਰਲੱਕ ਵਿਖੇ ਦੋ ਦਿਨਾਂ ਧਾਰਮਿਕ ਸਮਾਗਮ ਪੂਰੀ ਸ਼ਾਨੋ-ਸ਼ੌਕਤ ਨਾਲ ਸਮਾਪਤ ਹੋਏ। ਹਜ਼ਾਰਾਂ ਸੰਗਤਾਂ ਨੇ ਇਨ੍ਹਾਂ ਸਮਾਗਮਾਂ ਵਿਚ ਸ਼ਿਰਕਤ ਕੀਤੀ। 14 ਮਾਰਚ ਨੂੰ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। 15 ਮਾਰਚ ਨੂੰ ਨਗਰ ਕੀਰਤਨ ਸਜਾਇਆ ਗਿਆ। ਇਸ ਮੌਕੇ ਹੋਏ ਕੀਰਤਨ ਦਰਬਾਰ ਵਿਚ ਬੀਬੀ ਬਲਜੀਤ ਕੌਰ ਖਾਲਸਾ ਤਲਵਾੜੇ ਵਾਲੇ ਤੇ ਭਾਈ ਸੁਰਜਨ ਸਿੰਘ ਢਾਡੀ ਜਥੇ ਨੇ ਵਾਰਾਂ ਤੇ ਕਵੀਸ਼ਰੀ ਸਰਵਣ ਕਰਵਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਤਕਰੀਬਨ ਸਾਢੇ 11 ਵਜੇ ਟਰਲੱਕ ਦੇ ਮੇਅਰ ਗੁਰੂ ਘਰ ਵਿਖੇ ਪੁੱਜੇ ਜਿਨ੍ਹਾਂ ਨੂੰ ਕਮੇਟੀ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਸਾਢੇ 12 ਵਜੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਬੱਸ 'ਚ ਸਜਾਇਆ ਗਿਆ ਤੇ ਨਗਰ ਕੀਰਤਨ ਆਰੰਭ ਹੋਇਆ। ਨਗਰ ਕੀਰਤਨ ਦੇ ਦੌਰਾਨ ਗੱਤਕੇ ਦੇ ਜੌਹਰ ਵਿਖਾਏ ਗਏ। ਪੂਰਾ ਟਰਲੱਕ ਸ਼ਹਿਰ ਖਾਲਸਾਈ ਰੰਗ ਵਿਚ ਰੰਗਿਆ ਗਿਆ।

(ਬਾਕੀ ਸਫਾ 10 ਤੇ)

# ਪੰਜਾਬ ਦਾ ਬਜਟ- ਨਾ ਕੋਈ ਨਵਾਂ ਟੈਕਸ ਨਹੀਂ ਨਾ ਹੀ ਕੋਈ ਯੋਜਨਾ

**ਚੰਡੀਗੜ੍ਹ-** ਪੰਜਾਬ ਦੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਅੱਜ ਵਿਧਾਨ ਸਭਾ ਵਿੱਚ ਟੈਕਸ-ਰਹਿਤ ਬਜਟ ਪੇਸ਼ ਕੀਤਾ। ਉਨ੍ਹਾਂ ਨੇ ਕੁਝ ਨਵੀਆਂ ਸਕੀਮਾਂ ਜ਼ਰੂਰ ਐਲਾਨੀਆਂ ਪਰ ਕੁੱਲ ਮਿਲਾ ਕੇ ਅਜਿਹਾ ਕੁਝ ਵੀ ਨਹੀਂ, ਜਿਸ ਨੂੰ ਰਾਜ ਦੇ ਸਾਰੇ ਵਰਗਾਂ ਲਈ ਉਤਸ਼ਾਹਵਰਧਕ ਮੰਨਿਆ ਜਾ ਸਕੇ। ਵਿਦਿਆਰਥੀਆਂ ਨੂੰ ਲੈਪਟਾਪ ਦੇਣ ਵਰਗੀਆਂ ਸਹੂਲਤਾਂ ਤੋਂ ਕਿਨਾਰਾਕਸ਼ੀ ਕਰ ਲਈ ਗਈ ਹੈ। ਸਮਾਜਿਕ ਖੇਤਰ ਵਿੱਚ ਵੀ ਸਰਕਾਰ ਨੇ ਵਿੱਤੀ ਵਿਵਸਥਾਵਾਂ ਵਿੱਚ ਵਾਧਾ ਨਾ ਕਰਕੇ ਲੋਕਾਂ ਨੂੰ ਨਿਰਾਸ਼ ਕੀਤਾ ਹੈ। ਬਜਟ 'ਚ ਸਰਕਾਰ ਦੀ ਆਮਦਨ ਤੇ ਖਰਚ ਵਿੱਚ ਵੱਡਾ ਅੰਤਰ ਹੈ। ਇਸੇ ਲਈ 11895.15 ਕਰੋੜ ਰੁਪਏ ਦਾ ਘਾਟਾ ਅਣਪੂਰਿਆ ਛੱਡ ਦਿੱਤਾ ਗਿਆ। ਇਹ ਵੀ ਸਪਸ਼ਟ ਹੈ ਕਿ ਸਰਕਾਰ ਨੇ ਵਿੱਤੀ ਤੰਗਹਾਲੀ ਕਾਰਨ ਯੋਜਨਾ ਖਰਚ ਵਿੱਚ ਕਟੌਤੀ ਕਰਕੇ ਸਾਲਾਨਾ ਯੋਜਨਾ ਦਾ ਆਕਾਰ ਘਟਾ ਦਿੱਤਾ ਹੈ।



ਬਜਟ ਅਨੁਸਾਰ ਸਰਕਾਰ ਸਿਰ ਕਰਜ਼ੇ ਦਾ ਭਾਰ ਅਗਲੇ ਮਾਲੀ ਸਾਲ ਦੇ ਅੰਤ ਤੱਕ 1 ਲੱਖ 25 ਹਜ਼ਾਰ ਕਰੋੜ ਰੁਪਏ ਹੋ ਜਾਵੇਗਾ। ਬਜਟ 'ਚੋਂ ਸੂਬੇ ਦੀ ਲੀਹੋਂ ਲੱਥੀ ਅਰਥ ਵਿਵਸਥਾ ਨੂੰ ਪੈਰਾਂ ਸਿਰ ਕਰਨ ਲਈ ਮਾਲੀ ਸਾਧਨ ਜੁਟਾਉਣ ਦੀ ਕੋਈ ਰੂਪ ਰੇਖਾ ਨਜ਼ਰ ਨਹੀਂ ਆਈ। ਨਵਾਂ ਟੈਕਸ ਨਹੀਂ ਲਗਾਇਆ ਗਿਆ ਤੇ ਕੇਂਦਰੀ ਸਕੀਮਾਂ ਬਾਰੇ ਵੀ ਸਥਿਤੀ ਅਸਪਸ਼ਟ ਹੀ ਬਣੀ ਹੋਈ ਹੈ।

ਵਿੱਤ ਮੰਤਰੀ ਨੇ ਬਜਟ ਦਾ ਕੁੱਲ ਆਕਾਰ 79314 ਕਰੋੜ ਰੁਪਏ ਐਲਾਨਿਆ ਹੈ, ਜਦੋਂ ਕਿ ਸਾਲਾਨਾ ਯੋਜਨਾ 21173.90 ਕਰੋੜ ਰੁਪਏ ਦੀ ਰੱਖੀ ਗਈ ਹੈ। ਮਾਲੀ ਪ੍ਰਾਪਤੀਆਂ 46229 ਅਤੇ ਸਰਕਾਰ ਦੇ ਬੱਝਵੇਂ ਖਰਚੇ 52623.20 ਕਰੋੜ ਹੋਣ ਕਾਰਨ ਖਰਚਿਆਂ ਤੇ ਆਮਦਨ ਵਿੱਚ 6400 ਕਰੋੜ ਰੁਪਏ ਦਾ ਅੰਤਰ ਹੈ। ਸਰਕਾਰ ਵੱਲੋਂ ਅਗਲੇ ਮਾਲੀ

(ਬਾਕੀ ਸਫਾ 10 ਤੇ)

# ਹਿੰਦੂ ਦਹਿਸ਼ਤਗਰਦੀ ਨਾ ਰੁਕੀ ਤਾਂ ਪਾਕਿਸਤਾਨ ਵਰਗਾ ਹੋ ਜਾਵੇਗਾ ਭਾਰਤ ਦਾ ਹਾਲ- ਰਿਬੈਰੋ

**ਚੰਡੀਗੜ੍ਹ-** ਪੰਜਾਬ ਵਿਚ ਗਰਮਪੰਥੀ ਲਹਿਰ ਦੇ ਵਕਤ ਇੱਥੋਂ ਦੇ ਪੁਲਿਸ ਮੁਖੀ ਰਹੇ ਜੂਲੀਓ ਰਿਬੈਰੋ ਨੇ ਕਿਹਾ ਹੈ ਕਿ ਹਿੰਦੂ ਕੱਟੜਪੰਥੀਆਂ ਦੀ ਕਾਰਵਾਈ ਕਾਰਨ ਭਾਰਤ ਉਸੇ ਖਤਰਨਾਕ ਰਸਤੇ ਤੇ ਚੱਲ ਰਿਹਾ ਹੈ, ਜਿਸਦਾ ਅੰਜ਼ਾਮ ਅੱਜ ਪਾਕਿਸਤਾਨ ਵਿਚ ਨਜ਼ਰ ਆ ਰਿਹਾ ਹੈ। ਰਿਬੈਰੋ ਨੇ ਇਕ ਅਹਿਮ ਮੀਡੀਆ ਸਮੂਹ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਾਕਿਸਤਾਨ ਨੇ ਜੋ ਰਸਤਾ ਅਪਣਾਇਆ, ਉਸਦਾ ਨਤੀਜਾ ਅੱਜ ਸਭ ਦੇ ਸਾਹਮਣੇ ਹੈ ਅਤੇ ਇਸ ਕਰਕੇ ਭਾਰਤ ਨੂੰ ਉਸ ਪਾਸੇ ਜਾਣ ਤੋਂ ਰੋਕਣਾ ਹੋਵੇਗਾ।



ਰਿਬੈਰੋ ਨੇ ਹਾਲ ਹੀ ਵਿਚ ਇੰਡੀਅਨ ਐਕਸਪ੍ਰੈਸ ਵਿਚ ਇਕ ਲੇਖ ਵਿਚ ਕਿਹਾ ਕਿ ਹਾਲ ਦੇ ਦਿਨਾਂ ਵਿਚ ਜੋ ਕੁਝ ਹੋ ਰਿਹਾ ਹੈ, ਉਸ ਕਾਰਨ ਇਸਾਈ ਭਾਈਚਾਰੇ ਵਿਚ ਡਰ ਦਾ ਮਾਹੌਲ ਹੈ। ਹਿੰਦੂ ਕੱਟੜਪੰਥੀ ਭਾਰਤ ਵਿਚ ਜੋ ਕਰ ਰਹੇ ਹਨ, ਉਹ ਬਹੁਤ ਖਤਰਨਾਕ ਹੈ। ਪਾਕਿਸਤਾਨ ਵਿਚ ਜਨਰਲ ਜਿਆ ਨੇ ਕੱਟੜਪੰਥ ਦਾ ਜੋ ਰਸਤਾ ਅਪਣਾਇਆ, ਉਸਦਾ ਨਤੀਜਾ ਉਥੇ ਅੱਜ ਦਿਸ ਰਿਹਾ ਹੈ।

ਕੱਟੜਪੰਥੀਆਂ ਨੇ ਜੋ ਹੌਲੀ ਹੌਲੀ ਸ਼ੁਰੂ ਕੀਤਾ ਸੀ, ਉਸ ਵਿਚ ਹੁਣ ਤੇਜ਼ੀ ਆ ਗਈ ਹੈ। ਉਸਨੂੰ ਰੋਕਣ ਦੀ ਲੋੜ ਹੈ। ਮੇਰੇ ਜਿਸ ਲੇਖ ਤੇ ਚਰਚਾ ਹੋ ਰਹੀ ਹੈ, ਉਸ ਵਿਚ ਮੈਂ ਥੋੜ੍ਹੀ ਖੁੱਲ੍ਹਦਿਲੀ ਦੀ ਵਰਤੋਂ ਕੀਤੀ ਹੈ। ਉਹ ਬੱਸ ਇਸ ਕਰਕੇ ਤਾਂ ਜੋ ਲੋਕ ਇਸ ਤੇ ਧਿਆਨ ਦੇਣ। ਜੇਕਰ ਮੇਰੇ ਤੋਂ ਇਲਾਵਾ ਕਿਸੇ ਨੇ ਇਹ ਕਿਹਾ ਹੋਵੇਗਾ ਤਾਂ ਇਸਨੂੰ ਕੂੜੇਦਾਨ ਵਿਚ ਸੁੱਟ ਦਿੱਤਾ ਜਾਵੇ। ਇਸ ਦੇਸ਼ ਨੂੰ ਪਾਕਿਸਤਾਨ ਵਰਗਾ ਨਹੀਂ ਬਣਨ ਦੇਣਾ ਚਾਹੀਦਾ।

ਉਹ ਕਹਿੰਦੇ ਹਨ ਕਿ ਮੈਂ ਸਵੀਕਾਰ ਕਰਦਾ ਹਾਂ ਕਿ ਪਹਿਲਾਂ ਵੀ ਅਜਿਹੀਆਂ ਚੀਜ਼ਾਂ ਹੁੰਦੀਆਂ ਰਹੀਆਂ ਹਨ ਪਰ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ

(ਬਾਕੀ ਸਫਾ 3 ਤੇ)

Prime Real Estate Services
Kulwinder Singh Realtor
Liquor store for sale in Manteca Area.
For more info Call: 510- 676-8041
* Private Lender * Hard Money Loan
* Short Sale Specialist * Buy or Sell Real Estate
DRE # 01763465
Email: Kelvindjhamat@yahoo.com
679 N. Palora Ave. #C Yuba City, CA 95991



KSR AUTO REPAIR
Complete Auto Repair
Import & Domestic
Honda & Acura Specialist Toyta, Lexus, Nissan, Mazda
Mercedes Benz, BMW, Volvo, Volkswager
50 % Off
On Labor
Brackes
Tune-Up
Complete Diagnostic
Transmission Service
Electrical
AC Service
Engine Repair
Clutch Repnace
Factory Recommended Service
1471 Laurelwood Rd
Santa Clara, CA 95054
408-235-8654
Cell 510-579-8583
Fax 408-235-8674



HAPPY TRAVELS AGENCY
Air Lines Ticekts Around The World
Try Us One Time, Specilized in Emergency
We Work With All Major Airlines
For: India, Pakistan, Fijji, Uk, Europe and
All Over The World
Email: happytravelsusa@yahoo.com
PHONE: 209-594-8473
E-FAX: 877-623-6177
Harjit (Happy)
Agency Owner
HappyTravels Agency
1743 GRAND CANAL BLVD
12 STOCKTON, CA 95207



MAJESTIC
HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



SAROAY
INVESTMENT REALTY
Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539



# ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ 8 ਮਾਰਚ ਨੂੰ ਕੱਢੇ ਗਏ ਨਗਰ ਕੀਰਤਨ ਦੇ ਸੁਚੱਜੇ ਪ੍ਰਬੰਧ ਅਤੇ ਕਾਮਯਾਬੀ ਲਈ ਗੁਰੂ ਘਰ ਦੀ ਕਮੇਟੀ ਨੂੰ ਹਰ ਪਾਸਿਉਂ ਵਧਾਈਆਂ






**ਰਿਓਲਿੰਡਾ (ਸੈਕਰਾਮੈਂਟੋ) (ਜਸਵੰਤ ਸ਼ੀਮਾਰ)–** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ 8 ਮਾਰਚ ਨੂੰ ਕੱਢੇ ਗਏ ਨਗਰ ਕੀਰਤਨ ਦੇ ਵਧੀਆ ਪ੍ਰਬੰਧ ਲਈ ਸੰਗਤਾਂ ਵੱਲੋਂ ਈਮੇਲ ਰਾਹੀਂ ਅਤੇ ਫੋਨ ਰਾਹੀਂ ਪ੍ਰਬੰਧਕਾਂ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ। ਇਨਾਂ ਵਿਚ ਮਸ਼ਹੂਰ ਲੇਖਕ ਕਮਲ ਬੰਗਾ, ਜੈ ਰਾਮ ਸਟਾਕਟਨ, ਹਰਜੀਤ ਸਵੈਚ, ਸਾਬਕਾ ਪ੍ਰਧਾਨ ਰੋਜ਼ਵਿਲ ਸਿੱਖ ਟੈਂਪਲ, ਹਰਬੰਸ ਜਗਿਆਸੂ ਸਾਬਕਾ ਪ੍ਰਧਾਨ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ, ਤਵਿੰਦਰ ਕਾਜਲਾ, ਰਾਕੇਸ਼ ਚੰਦਰ ਅਤੇ ਪੰਜਾਬੀ ਸਾਹਿਤ ਸਭਾ ਦੇ ਡਾਇਰੈਕਟਰ ਰਾਠੇਸ਼ਵਰ ਸੂਰਾਪਰੀ ਜਿਹੜੇ ਕਿ ਨਗਰ ਕੀਰਤਨ ਵਿਚ ਫੋਟੋਆਂ ਖਿੱਚਣ ਦੀ ਸੇਵਾ ਕਰ ਰਹੇ ਸਨ।ਇਹਨਾਂ ਦਾ ਵੀ ਕਮੇਟੀ ਧੰਨਵਾਦ ਕਰਦੀ ਹੈ। ਸੇਵਾਦਾਰਾਂ ਵਿਚ ਜਿਹਨਾਂ ਨੇ ਦਿਨ ਰਾਤ ਇਕ ਕਰਕੇ ਸੇਵਾ ਕੀਤੀ, ਉਹਨਾਂ ਵਿਚ ਮਨਜੀਤ ਪਾਲ, ਅਵਤਾਰ ਸਿੱਧੂ, ਵਿਰਕ ਭਰਾ, ਜੱਸੀ ਬੰਗਾ, ਮਨਜੀਤ ਰੱਲੂ, ਰਾਜ ਸੂਦ, ਸੁਰਿੰਦਰਪਾਲ ਚੌਹਾਨ, ਰਾਜ ਬੱਧਣ ਜਿਹੜੇ ਆਫਿਸ ਵਿਚ ਸਾਰਾ ਲੇਖਾ ਜੋਖਾ ਰੱਖਣ ਵਿਚ ਰੁੱਝੇ ਰਹਿੰਦੇ ਹਨ ਅਤੇ ਇੰਦਰਜੀਤ ਪਡਵੱਗਾ ਅਤੇ ਸੁਰਿੰਦਰ ਮੱਲੂ ਜੋ ਨਗਰ ਕੀਰਤਨ ਚੱਲਣ ਤੋਂ ਪਿੱਛੋਂ ਅੰਦਰ ਦਰਬਾਰ ਸਾਹਿਬ ਵਿਚ ਕੈਸ਼ ਦੀ ਸੇਵਾ ਨਿਭਾਉਂਦੇ ਹਨ, ਵੀ ਕਾਬਲੇ ਤਾਰੀਫ ਹੈ।

ਸਕੱਤਰ ਜੀਵਨ ਰੱਤੂ ਜੋ ਸਟੇਜ ਦਾ ਸੰਚਾਲਨ ਕਰਦੇ ਹਨ, ਉਹ ਵੀ ਮੌਕੇ ਦੇ ਹਿਸਾਬ ਨਾਲ ਇਯ ਕਦਰ ਢਾਲ ਲੈਂਦੇ ਹਨ ਕਿ ਸੰਗਤਾਂ ਦੀ ਵਾਹ ਵਾਹ ਖੱਟ ਲੈਂਦੇ ਹਨ।ਇਸ ਵਾਰ ਫਿਰ ਹਰਦਿਆਲ ਬੰਗਾ ਪਰਿਵਾਰ ਨੇ ਭਰਪੂਰ ਸੇਵਾ ਕੀਤੀ। ਕਮੇਟੀ ਗੁਰੂ ਘਰ ਦੇ ਹਜ਼ੂਰੀ ਜਥੇ ਭਾਈ ਜਸਪਾਲ ਸਿੰਘ ਅਤੇ ਭਾਈ ਨਿਰਮਲ ਸਿੰਘ ਦੀ ਵੀ ਧੰਨਵਾਦੀ ਹੈ।

ਹੋਰ ਸੱਜਣ ਜਿਹਨਾਂ ਦਾ ਜ਼ਿਕਰ ਨਹੀਂ ਕੀਤਾ ਗਿਆ, ਉਹ ਵੀ ਵਧਾਈ ਦੇ ਪਾਤਰ ਹਨ, ਜਿਹਨਾਂ ਨੇ ਇਸ ਮਹਾਨ ਕਾਰਜ ਵਿਚ ਸਹਿਯੋਗ ਦਿੱਤਾ।

# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ

**ਫਰਿਜ਼ਨੋ (ਕੈਲੀਫੋਰਨੀਆ)–** ਬੀਤੇ ਦਿਨੀਂ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰਪੁਰਬ ਦੇ ਸਬੰਧ ਵਿਚ ਰੱਖੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣ ਉਪਰੰਤ ਭਾਰੀ ਦੀਵਾਨ ਸਜਾਇਆ ਗਿਆ। ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਰਾਮ ਸਿੰਘ ਨੇ ਕਥਾ ਰਾਹੀਂ ਗੁਰੂ ਜੀ ਦੀ ਮਹਿਮਾ ਦਾ ਗੁਣਗਾਇਨ ਕੀਤਾ। ਭਾਈ ਸੋਢੀ ਸਿੰਘ ਕਰਦਰਜ਼ ਵਾਲੇ ਦੇ ਰਾਗੀ ਜਥੇ ਨੇ ਗੁਰੂ ਜੀ ਦੀ ਰਸਭਿੰਨੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰਨਾਮ ਸਿੰਘ ਭੰਡਾਲ ਦੇ ਢਾਡੀ ਜਥੇ ਨੇ ਕਹਾਣੀਆਂ ਦੇ ਆਧਾਰ ਤੇ ਵਾਰਾਂ ਗਾ ਕੇ ਇਕ ਘੰਟੇ ਦਾ ਪ੍ਰੋਗਰਾਮ ਦਿੱਤਾ। ਕੈਲੀਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਤੋਂ ਆਏ ਬੁਲਾਰਿਆਂ ਨੇ ਆਪਣੇ ਵਿਚਾਰਾਂ ਰਾਹੀਂ ਗੁਰੂ ਜੀ ਦੀ ਕ੍ਰਾਂਤੀਕਾਰੀ ਬਾਣੀ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਗੁਰੂ ਜੀ ਦੀਆਂ ਸਿੱਖਿਆਵਾਂ ਤੇ ਚੱਲਣ ਲਈ ਸੰਗਤ ਨੂੰ ਪੁਰਜ਼ੋਰ ਅਪੀਲ ਕੀਤੀ। ਇਸ ਸ਼ੁਭ ਮੌਕੇ 'ਤੇ ਡਾ. ਰਮਨ ਕੁਮਾਰ ਬੱਧਣ ਅਤੇ ਡਾ. ਸਤਨਾਮ ਬੰਗੜ ਜੀ ਦਾ ਗੁਰੂ ਘਰ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਉਹਨਾਂ ਬੀਬੀਆਂ ਨੂੰ ਵੀ ਸਨਮਾਨ ਦਿੱਤਾ ਗਿਆ ਜੋ ਹਰ ਸਾਲ ਲੋਹੜੀ ਮੰਗ ਕੇ ਗੁਰੂ ਘਰ ਲਈ ਮਾਇਆ ਇਕੱਠੀ ਕਰਦੀਆਂ ਹਨ। ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਿਆ।





















# ਆਰਥਿਕ ਅਤੇ ਸਿਆਸੀ ਉਲਝਣਾਂ ਨਾਲ ਜੂਝ ਰਿਹਾ ਹੈ ਪੰਜਾਬ

**ਚੰਡੀਗੜ੍ਹ–** ਪੰਜਾਬ ਦੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਵੱਲੋਂ ਪੇਸ਼ ਕੀਤਾ ਗਿਆ 2015-16 ਦਾ ਬਜਟ ਸਿਆਸੀ ਮਜਬੂਰੀ ਅਤੇ ਆਰਥਿਕ ਜ਼ਰੂਰਤ ਦਰਮਿਆਨ ਉਲਝਿਆ ਨਜ਼ਰ ਆਉਂਦਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸਹਿਕਾਰੀ ਸੰਘਵਾਦ ਦੇ ਨਾਮ ਉਤੇ 14ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਿਸ਼ਾਂ ਦਾ ਜ਼ੋਰਦਾਰ ਸਵਾਗਤ ਕਰਨ ਕਰਕੇ ਵਿੱਤ ਮੰਤਰੀ ਨੂੰ ਕੇਂਦਰ ਦੇ ਫ਼ੈਸਲੇ ਨੂੰ ਠੀਕ ਠਹਿਰਾਉਣ ਲਈ ਮਜਬੂਰ ਹੋਣਾ ਪਿਆ। ਉਂਜ ਉਹ ਇਸ ਨਾਲ ਪੈਣ ਵਾਲੇ ਘਾਟੇ ਦਾ ਪ੍ਰਗਟਾਵਾ ਕਰਨ ਤੋਂ ਨਹੀਂ ਰਹਿ ਸਕੇ।

ਸ੍ਰੀ ਢੀਂਡਸਾ ਨੇ ਸਰਕਾਰ ਦੀ ਪ੍ਰਾਪਤੀ ਵਜੋਂ ਦਰਸਾਇਆ ਹੈ ਕਿ ਸੂਬਾ ਸਰਕਾਰ ਦੇ ਯਤਨਾਂ ਦੀ ਬਦੌਲਤ ਰਾਜ ਦੇ ਵਿੱਤੀ ਸੁਧਾਰ ਨੂੰ ਸਵੀਕਾਰ ਕਰਨ ਕਰਕੇ 14ਵੇਂ ਵਿੱਤ ਕਮਿਸ਼ਨ ਨੇ ਪੰਜਾਬ ਨੂੰ ਲੋੜਵੰਦ ਰਾਜਾਂ ਦੀ ਸੂਚੀ ਵਿੱਚੋਂ ਕੱਢ ਦਿੱਤਾ ਹੈ। ਕੇਂਦਰੀ ਟੈਕਸਾਂ ਵਿੱਚੋਂ ਰਾਜਾਂ ਨੂੰ 32 ਤੋਂ ਵਧਾ ਕੇ 42 ਫ਼ੀਸਦੀ ਟੈਕਸ ਦੇਣ ਨਾਲ ਸੂਬਾ ਸਰਕਾਰ ਨੂੰ 2014-15 ਦੇ ਮੁਕਾਬਲੇ 2598.03 ਕਰੋੜ ਰੁਪਏ ਵਾਧੂ ਮਿਲਣ ਦੀ ਉਮੀਦ ਹੈ। ਰਾਜ ਨੂੰ ਹਰ ਸਾਲ ਮਿਲਣ ਵਾਲੀ ਤਿੰਨ ਹਜ਼ਾਰ ਕਰੋੜ ਰੁਪਏ ਦੀ ਮਾਲੀ ਘਾਟਾ ਗ੍ਰਾਂਟ ਬੰਦ ਹੋ ਜਾਵੇਗੀ ਅਤੇ ਕੇਂਦਰੀ ਗ੍ਰਾਂਟ ਵਿੱਚੋਂ 732.97 ਕਰੋੜ ਰੁਪਏ ਦੀ ਹਿੱਸੇਦਾਰੀ ਘੱਟ ਹੋ ਗਈ ਹੈ ਕਿਉਂਕਿ ਕੇਂਦਰੀ ਯੋਜਨਾਵਾਂ ਨੂੰ ਮੁੜ ਤੋਂ ਪ੍ਰੀਭਾਸ਼ਤ ਕੀਤਾ ਗਿਆ ਹੈ। ਖੇਤੀ ਅਤੇ ਸਿੱਖਿਆ ਸਮੇਤ ਹੋਰ ਸਕੀਮਾਂ ਉਤੇ ਰਾਜ ਸਰਕਾਰਾਂ ਨੂੰ ਖੁਦ ਵਾਧੂ ਖ਼ਰਚਾ ਕਰਨਾ ਪਵੇਗਾ। ਇਸ ਦੀ ਜਾਣਕਾਰੀ ਅਜੇ ਤੱਕ ਕਿਸੇ ਨੂੰ ਨਹੀਂ ਹੈ। ਵਿੱਤ ਮੰਤਰੀ ਨੇ ਆਪਣੇ ਬਜਟ ਭਾਸ਼ਨ ਵਿੱਚ ਕਿਹਾ ਕਿ ਭਾਰਤ ਸਰਕਾਰ ਵੱਲੋਂ ਕੇਂਦਰ ਸਪਾਂਸਰ ਸਕੀਮਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦੀ ਅਜੇ ਉਡੀਕ ਕੀਤੀ ਜਾ ਰਹੀ ਹੈ।

ਰਾਜ ਵਿੱਚ 60 ਫ਼ੀਸਦੀ ਤੋਂ ਵੀ ਵੱਧ ਆਬਾਦੀ ਨੂੰ ਸੰਭਾਲੀ ਬੈਠੇ ਖੇਤੀ ਸੈਕਟਰ ਵਿੱਚ ਨਵੀਂ ਰੂਹ ਫੂਕਣ ਦਾ ਕੋਈ ਸੰਕੇਤ ਨਹੀਂ ਹੈ। 2014-15 ਵਿੱਚ 2.36 ਫ਼ੀਸਦ ਨਾਕਾਰਤਮਕ ਵਿਕਾਸ ਦਰ ਚਿੰਤਾਜਨਕ ਹੈ। ਖੇਤੀ ਦੇ ਸਹਾਇਕ ਧੰਦਿਆਂ ਨੂੰ ਜੋੜ ਕੇ ਵੀ ਵਿਕਾਸ ਦਰ .50 ਫ਼ੀਸਦ ਨਾਕਾਰਤਮਕ ਰਹਿਣ ਦੇ ਤੱਥ ਹੈਰਾਨ ਕਰ ਦੇਣ ਵਾਲੇ ਹਨ। ਨਿਰਮਾਣ ਦੇ ਖੇਤਰ ਵਿੱਚ ਵੀ ਵਿਕਾਸ ਦੀ ਦਰ ਮੁਸ਼ਕਲ ਨਾਲ 1.3 ਫ਼ੀਸਦ ਤੱਕ ਰਹਿਣ ਦੀ ਉਮੀਦ ਹੈ। ਇਸ ਨਾਲ ਰੁਜ਼ਗਾਰ ਅਤੇ ਆਮਦਨ ਵਧਣ ਦੀਆਂ ਸੰਭਾਵਨਾਵਾਂ ਉਤੇ ਸੁਆਲੀਆ ਨਿਸ਼ਾਨ ਲੱਗ ਜਾਂਦਾ ਹੈ।

ਬਿਜਲੀ ਸਬਸਿਡੀ ਦੇ ਅੰਕੜੇ ਪੂਰੀ ਤਰ੍ਹਾਂ ਗੁਮਰਾਹਕੁਨ ਦਿਖਾਈ ਦਿੰਦੇ ਹਨ। ਪਿਛਲੇ ਸਾਲ ਦੀ 5300 ਕਰੋੜ ਦੀ ਬਿਜਲੀ ਸਬਸਿਡੀ 2014-15 ਦੇ ਸੋਧੇ ਅਨੁਮਾਨਾਂ ਵਿੱਚ ਘਟਾ ਕੇ 2500 ਕਰੋੜ ਦਿਖਾ ਦਿੱਤੀ ਹੈ ਅਤੇ ਅਗਲੇ ਸਾਲ ਲਈ ਇਸ ਦੇ 2984 ਕਰੋੜ ਤੱਕ ਰਹਿਣ ਦਾ ਅਨੁਮਾਨ ਹੈ। ਇਹ ਸੁਆਲ ਪੈਦਾ ਹੋਣਾ ਸੁਭ-ਾਵਿਕ ਹੈ ਕਿ ਕੀ ਸਰਕਾਰ ਬਿਜਲੀ ਸਬਸਿਡੀ ਸਬੰਧੀ ਨੀਤੀ ਤਬਦੀਲ ਕਰਨ ਜਾ ਰਹੀ ਹੈ?

ਖੇਤੀ ਲਈ ਕੁੱਲ ਮਿਲਾ ਕੇ 600 ਕਰੋੜ ਰੁਪਏ ਗੰਨਾ ਕਿਸਾਨਾਂ ਲਈ ਬਕਾਇਆ ਦੇਣਾ ਅਤੇ ਕਰਜ਼ੇ ਦੇ ਬੋਝ ਹੇਠ ਖ਼ੁਦਕੁਸ਼ੀ ਕਰ ਗਏ ਕਿਸਾਨ ਪਰਿਵਾਰਾਂ ਨੂੰ ਤਿੰਨ ਲੱਖ ਰੁਪਏ ਰਾਹਤ ਵਜੋਂ ਦੇਣ ਵਾਸਤੇ 20 ਕਰੋੜ ਰੁਪਏ ਦਾ ਪ੍ਰਬੰਧ ਕਰਨਾ ਹੈ। ਇਹ ਰਾਸ਼ੀ ਵੀ ਨਿਗੂਣੀ ਹੈ ਕਿਉਂਕਿ ਖੁਦ ਪੰਜਾਬ ਸਰਕਾਰ ਵੱਲੋਂ ਕਰਵਾਏ 2010 ਤੱਕ ਦੇ ਸਰਵੇਖਣ ਅਨੁਸਾਰ ਹਰ ਸਾਲ ਔਸਤਨ 200 ਕਿਸਾਨ ਖ਼ੁਦਕੁਸ਼ੀ ਕਰ ਰਹੇ ਹਨ। 20 ਕਰੋੜ ਤਾਂ 70 ਪਰਿਵਾਰਾਂ ਲਈ ਵੀ ਨਾਕਾਫੀ ਹੈ। ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਲਈ 230 ਕਰੋੜ, ਬਾਗਬਾਨੀ ਮਿਸ਼ਨ ਲਈ 63 ਕਰੋੜ ਅਤੇ ਰਾਸ਼ਟਰੀ ਖੁਰਾਕ ਮਿਸ਼ਨ ਲਈ 50 ਕਰੋੜ ਰੱਖਣ ਦਾ ਅਰਥ ਇਹੀ ਹੈ ਕਿ ਪਿਛਲੇ ਸਾਲ ਨਾਲੋਂ ਇਨ੍ਹਾਂ ਉਤੇ ਖ਼ਰਚ 50 ਫ਼ੀਸਦ ਰਹਿ ਜਾਵੇਗਾ। ਕੇਂਦਰ ਤੋਂ ਜਿੰਨਾ ਪੈਸਾ ਆਉਣ ਦੀ ਉਮੀਦ ਹੈ, ਕੇਵਲ ਉਹ ਹੀ ਪੈਸਾ ਬਜਟ ਵਿੱਚ ਰੱਖਿਆ ਗਿਆ ਹੈ। ਜਿਨ੍ਹਾਂ ਅੱਠ ਸਕੀਮਾਂ ਨੂੰ ਕੇਂਦਰ ਨੇ ਪੂਰੀ ਤਰ੍ਹਾਂ ਰਾਜਾਂ ਉਤੇ ਛੱਡ ਦਿੱਤਾ ਹੈ, ਵਿੱਤ ਮੰਤਰੀ ਨੇ ਉਨ੍ਹਾਂ ਵਿੱਚੋਂ ਕਿਸੇ ਦਾ ਵੀ ਜ਼ਿਕਰ ਨਹੀਂ ਕੀਤਾ। ਇਨ੍ਹਾਂ ਵਿੱਚ ਸੂਬੇ ਵਿੱਚ ਖੁੱਲ੍ਹੇ 21 ਮਾਡਲ ਸਕੂਲ, ਹਰਸਿਮਰਤ ਕੌਰ ਬਾਦਲ ਦੇ ਮੰਤਰਾਲੇ ਨਾਲ ਸਬੰਧਤ ਰਾਸ਼ਟਰੀ ਖੁਰਾਕ ਪ੍ਰੋਸੈਸਿੰਗ ਮਿਸ਼ਨ, ਟੂਰਿਸਟ ਬੁਨਿਆਦੀ ਢਾਂਚਾ ਅਤੇ ਪੰਚਾਇਤਾਂ ਦਾ ਸਸ਼ਕਤੀਕਰਨ ਸ਼ਾਮਲ ਹਨ। ਇਸ ਦਾ ਅਰਥ ਹੈ ਕਿ ਇਹ ਸਕੀਮਾਂ ਜਾਰੀ ਨਹੀਂ ਰਹਿ ਸਕਣਗੀਆਂ। ਰਾਜ ਸਰਕਾਰ ਨੇ ਮਾਲੀ ਸਾਧਨਾਂ ਵਿੱਚ ਕੇਵਲ 2.77 ਫ਼ੀਸਦ ਦਾ ਵਾਧਾ ਦਰਜ ਕਰਨ ਦੀ ਉਮੀਦ ਜਤਾਈ ਹੈ। 2015-16 ਦੇ ਵਿੱਤੀ ਸਾਲ ਦੌਰਾਨ 29350.93 ਕਰੋੜ ਵਸੂਲ ਕਰਨ ਦਾ ਅਨੁਮਾਨ ਹੈ। ਰਜਿਸਟਰੇਸ਼ਨ ਅਤੇ ਸਟੈਂਪ ਡਿਊਟੀ ਤੋਂ 2.17 ਫ਼ੀਸਦ ਘੱਟ ਆਮਦਨ ਦਾ ਅਨੁਮਾਨ ਹੈ। ਸਰਕਾਰ ਸ਼ਰਾਬ ਦੇ ਜ਼ਰੀਏ ਮਾਲੀ ਸਾਧਨ ਜੁਟਾਉਣ ਵਿੱਚ ਜ਼ਰੂਰ ਸਫ਼ਲ ਦਿਖਾਈ ਦਿੰਦੀ ਹੈ ਕਿਉਂਕਿ ਸ਼ਰਾਬ ਤੋਂ 8.96 ਫ਼ੀਸਦ ਦੇ ਵਾਧੇ ਨਾਲ 5100 ਕਰੋੜ ਰੁਪਏ ਮਾਲੀਆ ਇਕੱਠਾ ਹੋਣ ਦਾ ਅਨੁਮਾਨ ਹੈ। ਵਾਹਨਾਂ ਦੀ ਖ਼ਰੀਦ ਤੋਂ ਆਇਆ ਮਾਲੀਆ 11.11 ਫ਼ੀਸਦ ਦੇ ਹਿਸਾਬ ਨਾਲ ਵੱਧ ਹੋ ਸਕਦਾ ਹੈ। ਪੁਲੀਸ ਪੰਜਾਬ ਦੀਆਂ ਪ੍ਰਮੁੱਖ ਤਰਜੀਹਾਂ ਵਿੱਚ ਨਜ਼ਰ ਆਉਂਦੀ ਹੈ। 2010-11 ਵਿਚਲੇ 2285.25 ਕਰੋੜ ਰੁਪਏ ਤੋਂ ਛੇ ਸਾਲਾਂ ਦੌਰਾਨ ਪੁਲੀਸ ਬਜਟ ਦੁੱਗਣਾ ਹੋ ਕੇ 4502.86 ਕਰੋੜ ਰੁਪਏ ਹੋ ਜਾਣ ਦਾ ਅਨੁਮਾਨ ਹੈ। ਆਬਾਦੀ ਦੇ ਲਿਹਾਜ਼ ਨਾਲ ਵੱਡੇ ਰਾਜਾਂ ਵਿੱਚੋਂ ਪੰਜਾਬ ਵਿੱਚ ਪੁਲੀਸ ਦੀ ਨਫ਼ਰੀ ਵੀ ਵੱਧ ਹੈ। ਇਸ ਦੇ ਬਾਵਜੂਦ ਅਮਨ ਕਾਨੂੰਨ ਦੀ ਸਥਿਤੀ ਲਗਾਤਾਰ ਨਿਘਾਰ ਵੱਲ ਜਾਂਦੀ ਦਿਖਾਈ ਦੇ ਰਹੀ ਹੈ। ਰਾਜ ਸਰਕਾਰ ਦਾ 50 ਫ਼ੀਸਦੀ ਬਜਟ ਪੱਕੇ ਖ਼ਰਚਿਆਂ ਭਾਵ, ਤਨਖਾਹਾਂ, ਪੈਨਸ਼ਨਾਂ, ਕਰਜ਼ੇ ਦੇ ਵਿਆਜ ਅਤੇ ਬਿਜਲੀ ਸਬਸਿਡੀ ਵਿੱਚ ਚਲਾ ਜਾਂਦਾ ਹੈ। 9900 ਕਰੋੜ ਕੇਵਲ ਕਰਜ਼ੇ ਦੇ ਵਿਆਜ ਦੇ ਰੂਪ ਵਿੱਚ ਦੇਣਾ ਪੈ ਰਿਹਾ ਹੈ ਕਿਉਂਕਿ ਸੂਬੇ ਸਿਰ ਕਰਜ਼ਾ ਵੱਧ ਕੇ 1,24,471 ਕਰੋੜ ਰੁਪਏ ਹੋ ਗਿਆ ਹੈ। ਵਿਕਾਸ ਦੇ ਲਈ ਕੇਵਲ 4856.82 ਕਰੋੜ ਰੁਪਏ ਦੀ ਮਾਮੂਲੀ ਰਾਸ਼ੀ ਬਚੀ ਹੈ।

## ਬਸਪਾ ਨੇ ਸਾਹਿਬ ਕਾਂਸ਼ੀ ਰਾਮ ਜੀ ਨੂੰ ਭਾਰਤ ਰਤਨ ਦੇਣ ਦਾ ਮਾਮਲਾ ਰਾਜ ਸਭਾ 'ਚ ਚੁੱਕਿਆ

### ਕਾਂਗਰਸ ਤੇ ਭਾਜਪਾ ਸਰਕਾਰਾਂ ਨੇ ਸਾਹਿਬ ਦੀ ਅਣਦੇਖੀ ਕੀਤੀ

**ਫਗਵਾੜਾ (ਬੀ ਕੇ ਰੱਤੂ)–** ਬਹੁਜਨ ਸਮਾਜ ਪਾਰਟੀ (ਬਸਪਾ) ਦੇ ਰਾਸ਼ਟਰੀ ਜਨਰਲ ਸਕੱਤਰ, ਰਾਜਸਭਾ ਮੈਂਬਰ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਨਰਿੰਦਰ ਕਸ਼ਯਪ ਨੇ ਅੱਜ ਮੰਗਲਵਾਰ ਨੂੰ ਰਾਜਸਭਾ ਵਿਚ ਸਿਫਰ ਕਾਲ ਦੌਰਾਨ ਬਸਪਾ ਸੰਸਥਾਪਕ ਸਾਹਿਬ ਕਾਂਸ਼ੀਰਾਮ ਨੂੰ ਭਾਰਤ ਰਤਨ ਦੇਣ ਦਾ ਮਾਮਲਾ ਜੋਰਦਾਰ ਢੰਗ ਨਾਲ ਚੁੱਕਿਆ। ਉਨ੍ਹਾਂ ਕਿਹਾ ਕਿ ਪਹਿਲਾਂ ਕਾਂਗਰਸ ਵਲੋਂ ਕ੍ਰਿਕੇਟ ਖਿਡਾਰੀ ਸਚਿਨ ਤੇਂਦੁਲਕਰ ਅਤੇ ਹੁਣ ਭਾਜਪਾ ਸਰਕਾਰ ਵਲੋਂ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪੇਯੀ ਸਮੇਤ ਹੋਰ ਸ਼ਖਸੀਅਤਾਂ ਨੂੰ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਗਿਆ ਹੈ, ਪਰ ਇਨ੍ਹਾਂ ਦੋਨਾਂ ਹੀ ਪਾਰਟੀਆਂ ਦੀਆਂ ਸਰਕਾਰਾਂ ਨੇ ਸਾਹਿਬ ਕਾਂਸ਼ੀਰਾਮ ਜੀ ਦੀ ਅਣਦੇਖੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸਾਹਿਬ ਕਾਂਸ਼ੀਰਾਮ ਜੀ ਦਾ ਇਸ ਦੇਸ਼ ਵਿਚ ਸ਼ੋਸ਼ਿਤ ਵਰਗ, ਵਿਸ਼ੇਸ਼ ਤੌਰ 'ਤੇ ਦਲਿਤ-ਪਛੜੇ ਵਰਗ ਵਿਚ ਸਮਾਜਿਕ ਚੇਤਨਾ ਲਿਆਉਣ ਵਿਚ ਖਾਸ ਯੋਗਦਾਨ ਰਿਹਾ ਹੈ। ਇਸ ਦੇਸ਼ ਵਿਚ ਸਦੀਆਂ ਤੋਂ ਹਾਸ਼ੀਏ 'ਤੇ ਰੱਖੇ ਗਏ ਇਨ੍ਹਾਂ ਵਰਗਾਂ ਵਿਚ ਚੇਤਨਾ ਲਿਆਉਣ ਲਈ ਸਾਹਿਬ ਕਾਂਸ਼ੀਰਾਮ ਜੀ ਨੇ ਦੇਸ਼ਭਰ ਵਿਚ 4200 ਕਿਲੋਮੀਟਰ ਸਾਈਕਲ ਯਾਤਰਾ ਕੀਤੀ ਅਤੇ 2200 ਕਿਲੋਮੀਟਰ ਉਹ ਪੈਦਲ ਚੱਲੇ। ਇਸ ਦੌਰਾਨ ਉਨ੍ਹਾਂ ਨੇ ਇਨ੍ਹਾਂ ਵਰਗਾਂ ਨੂੰ ਜਾਗਰੂਕ ਕਰਕੇ ਇਨ੍ਹਾਂ ਨੂੰ ਵੋਟ ਦੀ ਮਹੱਤਤਾ ਦੱਸੀ। ਸਾਹਿਬ ਨੇ ਇਨ੍ਹਾਂ ਵਰਗਾਂ ਦੀ ਵੋਟ ਰਾਹੀਂ ਇਸ ਦੇਸ਼ ਦੀ ਰਾਜਨੀਤੀ ਵਿਚ ਹਿੱਸੇਦਾਰੀ ਕਰਵਾ ਕੇ ਲੋਕਤੰਤਰਿਕ ਵਿਵਸਥਾ ਨੂੰ ਮਜਬੂਤ ਕੀਤਾ।



ਸ੍ਰੀ ਕਸ਼ਯਪ ਨੇ ਕਿਹਾ ਕਿ ਇਹ ਸਾਹਿਬ ਦੇ ਸੰਘਰਸ਼ ਕਰਕੇ ਹੀ ਹੈ ਕਿ ਅੱਜ ਸ਼ੋਸ਼ਿਤ ਵਰਗਾਂ ਦੇ ਲੋਕ ਇਸ ਦੇਸ਼ ਦੀ ਲੋਕਤੰਤਰਿਕ ਵਿਵਸਥਾ ਵਿਚ ਮਜਬੂਤੀ ਨਾਲ ਹਿੱਸੇਦਾਰੀ ਕਰ ਰਹੇ ਹਨ। ਉਨ੍ਹਾਂ ਦੇ ਯੋਗਦਾਨ ਨਾਲ ਦੇਸ਼ ਦਾ ਲੋਕਤੰਤਰਿਕ ਢਾਂਚਾ ਵੀ ਮਜਬੂਤ ਹੋਇਆ ਹੈ। ਇਸ ਤਰ੍ਹਾਂ ਸਾਹਿਬ ਦਾ ਵਿਵਸਥਾ ਪ੍ਰੀਵਰਤਨ ਕਰਨ ਵਿਚ ਖਾਸ ਯੋਗਦਾਨ ਹੈ। ਇਸ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਇਸ ਕਰਕੇ ਸਾਹਿਬ ਕਾਂਸ਼ੀਰਾਮ ਜੀ ਨੂੰ ਭਾਰਤ ਰਤਨ ਦਿੱਤਾ ਜਾਣਾ ਚਾਹੀਦਾ ਹੈ। ਜਿਕਰਯੋਗ ਹੈ ਕਿ ਸੰਸਦ ਦੇ ਚਾਲੂ ਸੈਸ਼ਨ ਵਿਚ ਹੀ ਸ੍ਰੀ ਕਸ਼ਯਪ ਨੇ ਰਾਜਸਭਾ ਵਿਚ ਪੰਜਾਬ 'ਚ ਨਸ਼ੇ ਦੇ ਪ੍ਰਭਾਵ ਦਾ ਮਾਮਲਾ ਵੀ ਚੁੱਕਿਆ ਸੀ। ਇਸ ਵਿਚ ਉਨ੍ਹਾਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ 'ਚ ਬਾਰਡਰ ਪਾਰ ਅਤੇ ਹੋਰ ਰਾਜਾਂ ਤੋਂ ਹੋਣ ਵਾਲੀ ਨਸ਼ੇ ਦੀ ਸਪਲਾਈ 'ਤੇ ਰੋਕ ਲਗਾਈ ਜਾਵੇ, ਤਾਂਕਿ ਇਸ ਸੂਬੇ ਦੀ ਨੌਜਵਾਨ ਪੀੜੀ ਨਸ਼ੇ ਦੇ ਜਾਲ ਤੋਂ ਮੁਕਤ ਹੋ ਸਕੇ।

## ਚੰਦੇਲੀ 'ਚ ਪੰਜ ਰੋਜ਼ਾ ਵਿਸ਼ਾਲ ਧਾਰਮਿਕ ਸਮਾਗਮ ਸਮਾਪਤ



**ਮਾਹਿਲਪੁਰ (ਸ਼ਿਵ ਕੁਮਾਰ ਬਾਵਾ)–** ਗੁਰੂ ਰਵਿਦਾਸ ਨੌਜਵਾਨ ਸਭਾ ਚੰਦੇਲੀ ਵਲੋਂ ਪ੍ਰਵਾਸੀ ਭਾਰਤੀਆਂ ਅਤੇ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਿਤ ਪੰਜ ਰੋਜ਼ਾ ਵਿਸ਼ਾਲ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਇਕ ਮਾਰਚ ਤੋਂ 5 ਮਾਰਚ ਤੱਕ ਦੋ ਅਖੰਡ ਪਾਠਾਂ ਦੇ ਭੋਗ ਪਾਏ ਗਏ। ਚਾਰ ਮਾਰਚ ਨੂੰ ਵਿਸ਼ਾਲ ਨਗਰ ਕੀਰਤਨ ਕੱਢਿਆ ਗਿਆ। ਅੱਜ ਪੰਜਵੇਂ ਦਿਨ ਖੁਲੇ ਪੰਡਾਲ ਵਿਚ ਉਘੇ ਰਾਗੀ ਕੀਰਤੀ ਜਥਿਆਂ ਤੋਂ ਇਲਾਵਾ ਸੰਤ ਮਹਾਂਪੁਰਸ਼ਾਂ ਵਲੋਂ ਆਪਣੇ ਰਸਭਿੰਨੇ ਸ਼ਬਦਾਂ ਅਤੇ ਪ੍ਰਵਚਨਾ ਨਾਲ ਸੰਗਤ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ 108 ਸੰਤ ਮੀਨਾ ਦੇਵੀ ਡੇਰਾ ਰਤਨਪੁਰੀ ਜੇਜੋਂ ਦੋਆਬਾ, ਸੰਤ ਰਮੇਸ਼ ਦਾਸ, ਸੰਤ ਰਾਮ ਕਿਸ਼ਨ ਡੇਰਾ ਸ਼ੇਰਪੁਰ ਕੱਲਰਾਂ ਅਤੇ ਹਰਚਰਨ ਦਾਸ ਡੇਰਾ ਮਹਿਦੂਦ ਵਾਲਿਆਂ ਨੇ ਆਪਣੇ ਸੰਬੋਧਨ ਵਿਚ ਆਖਿਆ ਕਿ ਮਨੁੱਖ ਨੂੰ ਪ੍ਰਮਾਤਮਾ ਦਾ ਸਿਮਰਨ ਕਰਕੇ ਗੁਰੂ ਅਤੇ ਬਾਣੀ ਦੇ ਲੜ ਲੱਗਣਾ ਚਾਹੀਦਾ ਹੈ। ਉਹਨਾਂ ਮਨੁੱਖ ਨੂੰ ਮਿਹਨਤ ਕਰਕੇ ਹੀ ਆਪਣਾ ਅਤੇ ਪਰਿਵਾਰ ਦਾ ਪੇਟ ਪਾਲਣ ਦੀ ਪ੍ਰੇਰਨਾ ਦਿੰਦਿਆਂ ਕਿਹਾ ਕਿ ਜਿਹੜੇ ਮਨੁੱਖ ਇਸ ਸਿਧਾਂਤ ਤੇ ਚੱਲਦੇ ਹਨ ਉਹਨਾਂ ਕੋਲ ਨਾ ਹੀ ਕਦੇ ਧੰਨ ਮੁੱਕਦਾ ਹੈ ਅਤੇ ਨਾ ਹੀ ਅੰਨ ਦੀ ਕਮੀ ਆਉਂਦੀ ਹੈ। ਇਸ ਮੌਕੇ ਉਘੇ ਗਾਇਕ ਬੂਟਾ ਮੁਹੰਮਦ, ਹਰਨਾਮ ਸਿੰਘ ਬਹਿਲਪੁਰੀ, ਧਰਮਪਾਲ ਅਜਾਦ,ਰਾਗੀ ਜਥਾ ਭਾਈ ਪਰਦੀਪ, ਬੀਬੀ ਨਰਿੰਦਰ ਕੌਰ ਆਦਿ ਨੇ ਸ਼ਬਦਾਂ ਨਾਲ ਸੰਗਤ ਨੂੰ ਨਿਹਾਲ ਕੀਤਾ। ਇਸ ਮੌਕੇ ਹੋਰਨਾ ਤੋਂ ਇਲਾਵਾ ਸਰਪੰਚ ਬਲਕਾਰ ਸਿੰਘ, ਭਜਨ ਲਾਲ ਸੈਕਟਰੀ, ਭਜਨ ਲਾਲ ਠੇਕੇਦਾਰ, ਰਜੇਸ਼ ਕੁਮਾਰ ਚੰਦੇਲੀ, ਰਾਮ ਲੁਭਾਇਆ, ਅਮਰਜੀਤ ਠੇਕੇਦਾਰ, ਸਾਬਕਾ ਸਰਪੰਚ ਮਨੀ ਰਾਮ, ਮੋਹਣ ਲਾਲ, ਸਰਬਜੀਤ ਸਿੰਘ, ਰਜਨੀਸ਼ ਕੁਮਾਰ, ਪ੍ਰਵਾਸੀ ਭਾਰਤੀ ਜਗਿੰਦਰ ਸਿੰਘ ਯੂ. ਕੇ, ਅਮਰਜੀਤ ਸਿੰਘ ਆਦਿ ਸ਼ਖਸ਼ੀਅਤਾਂ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਸਟੇਜ ਸੰਚਾਲਨ ਦੇ ਫਰਜ ਬਾਬੂ ਅਮਰਜੀਤ ਸਿੰਘ ਹੁਰਾਂ ਬਾਖੂਬੀ ਨਿਭਾਏ। ਸੰਗਤ, ਸਹਿਯੋਗੀ ਅਤੇ ਪਹੁੰਚੀਆਂ ਸ਼ਖਸ਼ੀਅਤਾਂ ਦਾ ਧੰਨਵਾਦ ਨੰਬਰਦਾਰ ਤਜਿੰਦਰ ਸਿੰਘ ਹੁਰਾਂ ਕੀਤਾ।

## ਹਿੰਦੂ ਦਹਿਸ਼ਤਗਰਦੀ ਨਾ ਰੁਕੀ ਤਾਂ ਪਾਕਿਸਤਾਨ ਵਰਗਾ ਹੋ ਜਾਵੇਗਾ ਭਾਰਤ ਦਾ ਹਾਲ- ਰਿਬੈਰੋ

(ਪਹਿਲੇ ਸਫੇ ਦੀ ਬਾਕੀ)

ਬਣਨ ਤੋਂ ਬਾਅਦ ਇਹ ਘਟਨਾਵਾਂ ਕਾਫੀ ਵੱਧ ਗਈਆਂ ਹਨ। ਕੱਟੜਪੰਥੀਆਂ ਦੇ ਦਿਮਾਗ ਤੋਂ ਇਹ ਗੱਲ ਕੱਢਣੀ ਚਾਹੀਦੀ ਹੈ ਕਿ ਉਹ ਜੋ ਚਾਹੇ ਕਰ ਸਕਦੇ ਹਨ। ਇਸਾਈ ਚਰਚਾਂ ਅਤੇ ਸਕੂਲਾਂ ਤੇ ਹੋ ਰਹੇ ਹਮਲਿਆਂ ਨੂੰ ਲੈ ਕੇ ਲੋਕਾਂ ਵਿਚ ਥੋੜ੍ਹਾ ਭਰਮ ਹੈ। ਉਹਨਾਂ ਨੂੰ ਲੱਗ ਰਿਹਾ ਹੈ ਕਿ ਅਸੀਂ ਦੇਸ਼ ਦੇ ਸਿੱਖਿਆ ਅਤੇ ਸਿਹਤ ਖੇਤਰ ਵਿਚ ਜੋ ਯੋਗਦਾਨ ਦਿੱਤਾ ਹੈ, ਉਸਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ।

ਭਾਜਪਾ ਦੇ ਲੋਕ ਘਰ ਵਾਪਸੀ ਦੇ ਲਈ ਅੰਦੋਲਨ ਚਲਾ ਰਹੇ ਹਨ। ਗੋਆ ਵਿਚ ਸਾਡੇ ਪੂਰਵਜਾਂ ਨੇ ਚਾਰ-ਪੰਜ ਸੌ ਸਾਲ ਪਹਿਲਾਂ ਧਰਮ ਬਦਲਿਆ ਸੀ, ਹੁਣ ਇੰਨੇ ਸੌ ਸਾਲਾਂ ਬਾਅਦ ਅਸੀਂ ਕੀ ਘਰ ਵਾਪਸੀ ਕਰਾਂਗੇ। ਵਿਸ਼ਵ ਹਿੰਦੂ ਪ੍ਰੀਸ਼ਦ ਨੇ ਵੀ ਹਾਲ ਹੀ ਵਿਚ ਬਿਆਨ ਦਿੱਤਾ ਕਿ ਗੋਆ ਵਿਚ ਬਜਰੰਗ ਦਲ ਦੀ ਇਕ ਸ਼ਾਖਾ ਤਿਆਰ ਕੀਤੀ ਜਾਵੇਗੀ, ਬਜਰੰਗ ਦਲ ਇਕ ਖਤਰਨਾਕ ਸੰਗਠਨ ਹੈ। ਗੋਆ ਵਿਚ ਸ਼ਾਂਤੀ ਹੈ ਉਹ ਉਥੇ ਹੰਗਾਮਾ ਖੜ੍ਹਾ ਕਰਨਾ ਚਾਹੁੰਦੇ ਹਨ।

## 'ਨਿਸ਼ਾਨ-ਏ-ਸਿੱਖੀ' ਤੋਂ ਸਿਖਲਾਈ ਲੈ ਕੇ ਜਗਦੀਪ ਕੌਰ ਬਣੀ ਸਬ-ਇੰਸਪੈਕਟਰ

**ਖਡੂਰ ਸਾਹਿਬ, 18 ਮਾਰਚ –** ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਾਹਿਬ ਅਧੀਨ 'ਨਿਸ਼ਾਨ-ਏ-ਸਿੱਖੀ' ਵਿਖੇ ਚੱਲ ਰਹੇ 'ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਕਰੀਅਰ ਐਂਡ ਕੋਰਸਿਜ਼' ਤੋਂ ਸਿਖਲਾਈ ਲੈ ਕੇ ਜਗਦੀਪ ਕੌਰ ਨੇ ਪੁਲਿਸ ਸਬ ਇੰਸਪੈਕਟਰ ਬਣਨ ਦਾ ਮਾਣ ਹਾਸਲ ਕੀਤਾ ਹੈ। ਇਹੀ ਨਹੀਂ, ਪਿੰਡ ਫਾਜਲਪੁਰ ਦੀ ਜੰਮ-ਪਲ ਅਤੇ ਸ. ਸੁਖਚੈਨ ਸਿੰਘ ਦੇ ਘਰ ਜਨਮੀ ਇਸ ਹੋਣਹਾਰ ਲੜਕੀ ਨੇ ਇਸ ਅਸਾਮੀ ਲਈ ਹੋਏ ਇਮਤਿਹਾਨ ਵਿਚ ਪੰਜਾਬ ਭਰ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ ਅਤੇ 75 ਫ਼ੀਸਦੀ ਅੰਕਾਂ ਦੇ ਪਿਛਲੇ ਰਿਕਾਰਡ ਨੂੰ ਤੋੜਦਿਆਂ 79 ਫ਼ੀਸਦੀ ਅੰਕ ਹਾਸਲ ਕੀਤੇ ਹਨ।

ਜਗਦੀਪ ਕੌਰ ਦੇ ਸਨਮਾਨ ਵਿਚ ਅੱਜ 'ਨਿਸ਼ਾਨ-ਏ-ਸਿੱਖੀ' ਦੇ ਆਡੀਟੋਰੀਅਮ ਵਿਚ ਵਿਸ਼ੇਸ਼ ਸਮਾਗਮ ਕਰਵਾਇਆ ਗਿਆ, ਜਿਸ ਵਿਚ ਬਾਬਾ ਸੇਵਾ ਸਿੰਘ ਨੇ ਵੀ ਸ਼ਿਰਕਤ ਕੀਤੀ। ਬਾਬਾ ਸੇਵਾ ਸਿੰਘ ਨੇ ਇਸ ਮੌਕੇ ਸੰਬੋਧਨ ਕਰਦਿਆਂ ਜਿਥੇ ਵੱਡੀ ਕਾਮਯਾਬੀ ਹਾਸਲ ਕਰਨ ਵਾਲੀ ਜਗਦੀਪ ਕੌਰ ਅਤੇ ਉਸ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ, ਉਥੇ ਨੌਕਰੀ ਦੌਰਾਨ ਇਮਾਨਦਾਰ ਰਹਿ ਕੇ ਲੋਕਾਂ ਦੀ ਸੱਚੀ-ਸੁੱਚੀ ਸੇਵਾ ਕਰਨ ਦੀ ਪ੍ਰੇਰਨਾ ਵੀ ਦਿੱਤੀ। ਇਸ ਤੋਂ ਇਲਾਵਾ ਉਹਨਾਂ ਨੇ ਲੜਕੀ ਨੂੰ ਆਪਣੇ ਅਕੀਦੇ 'ਤੇ ਪਹਿਰਾ ਦੇਣ ਅਤੇ ਗੁਰਬਾਣੀ ਨਾਲ ਜੁੜੇ ਰਹਿਣ ਦਾ ਉਪਦੇਸ਼ ਵੀ ਦਿੱਤਾ।



ਜਗਦੀਪ ਕੌਰ ਨੇ ਇਸ ਮੌਕੇ ਇੰਸਟੀਚਿਊਟ ਵਿੱਚ ਮੌਜੂਦਾ ਸਮੇਂ ਪੜ ਰਹੀਆਂ ਵਿਦਿਆਰਥਣਾਂ ਨਾਲ ਆਪਣੀ ਵਿਲੱਖਣ ਸਫਲਤਾ ਦੇ ਰਾਜ ਸਾਂਝੇ ਕਰਦਿਆਂ ਕਿਹਾ ਕਿ ਉਸ ਨੇ ਇਸ ਮੁਕਾਮ 'ਤੇ ਪਹੁੰਚਣ ਲਈ ਉਸ ਨੇ ਸਖ਼ਤ ਮਿਹਨਤ ਕੀਤੀ ਅਤੇ 'ਨਿਸ਼ਾਨ-ਏ-ਸਿੱਖੀ' ਦੇ ਅਧਿਆਪਕ ਸਾਹਿਬਾਨ ਦਾ ਇਸ ਵਿਚ ਵੱਡਾ ਯੋਗਦਾਨ ਰਿਹਾ। ਉਸ ਨੇ ਕਿਹਾ ਕਿ ਗੁਰਬਾਣੀ ਨਾਲ ਲਗਨ ਹੋਣ ਕਰਕੇ ਪਰਮਾਤਮਾ ਨੇ ਉਸ 'ਤੇ ਕਿਰਪਾ ਕੀਤੀ। ਬਾਬਾ ਸੇਵਾ ਸਿੰਘ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਉਸ ਨੇ ਕਿਹਾ ਕਿ ਲੜਕੀਆਂ ਵਾਸਤੇ ਉੱਚ ਪੱਧਰੀ ਪੜਾਈ ਦਾ ਪ੍ਰਬੰਧ ਕਰਕੇ ਉਹ ਬੜਾ ਮਹਾਨ ਉਪਰਾਲਾ ਕਰ ਰਹੇ ਹਨ।

ਡਾ. ਰਘਬੀਰ ਸਿੰਘ ਬੈਂਸ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਜਗਦੀਪ ਕੌਰ ਨੇ ਇਹ ਸ਼ਾਨਦਾਰ ਪ੍ਰਾਪਤੀ ਕਰਕੇ ਜਿਥੇ ਆਪਣੇ ਇਲਾਕੇ ਦਾ ਮਾਣ ਵਧਾਇਆ ਹੈ , ਉਥੇ ਕੌਮ ਦਾ ਨਾਂ ਵੀ ਰੌਸ਼ਨ ਕੀਤਾ ਹੈ। ਉਹਨਾਂ ਨੇ ਲੜਕੀ ਨੂੰ ਹੋਰ ਵੀ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ। ਇੰਸਟੀਚਿਊਟ ਦੇ ਡਾਇਰੈਕਟਰ ਸ. ਬਲਦੇਵ ਸਿੰਘ ਸੰਧੂ ਨੇ ਸਮਾਗਮ ਵਿਚ ਉਚੇਚੇ ਤੌਰ 'ਤੇ ਪਹੁੰਚੇ ਪਤਵੰਤਿਆਂ ਦਾ ਧੰਨਵਾਦ ਕਰਨ ਤੋਂ ਇਲਾਵਾ ਦੱਸਿਆ ਕਿ ਇੰਸਟੀਚਿਊਟ ਵਲੋਂ ਲੜਕੀਆਂ ਨੂੰ ਪੁਲਿਸ ਅਤੇ ਹੋਰ ਫੋਰਸਾਂ ਵਿਚ ਭਰਤੀ ਕਰਵਾਉਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ ਅਤੇ ਉਹਨਾਂ ਨੂੰ ਤਿਆਰੀ ਬਿਲਕੁਲ ਮੁਫ਼ਤ ਕਰਵਾਈ ਜਾਂਦੀ ਹੈ। ਉਹਨਾਂ ਦੱਸਿਆ ਕਿ ਥੋੜਾ ਸਮਾਂ ਪਹਿਲਾਂ ਹੀ ਇਥੋਂ ਇਕ ਹੋਰ ਲੜਕੀ ਸਬ-ਇੰਸਪੈਟਕਰ ਭਰਤੀ ਹੋਈ ਸੀ ਅਤੇ ਕੁੱਲ ਮਿਲਾ ਕੇ 300 ਤੋਂ ਜ਼ਿਆਦਾ ਲੜਕੀਆਂ ਇਥੋਂ ਸਿਖਲਾਈ ਲੈ ਕੇ ਭਰਤੀ ਹੋ ਚੁੱਕੀਆਂ ਹਨ। ਇਸ ਮੌਕੇ ਅਮਰੀਕਾ ਤੋਂ ਪਹੁੰਚੇ ਸ. ਮਹਿੰਦਰਜੀਤ ਸਿੰਘ ਨੇ ਵੀ ਸੰਬੋਧਨ ਕੀਤਾ।

ਬਾਬਾ ਸੇਵਾ ਸਿੰਘ ਵਲੋਂ ਜਗਦੀਪ ਕੌਰ ਦਾ ਸਿਰਪਾਓ ਅਤੇ ਯਾਦਗਾਰੀ ਚਿੰਨ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਜਗਦੀਪ ਕੌਰ ਦਾ ਸਮੁੱਚਾ ਪਰਿਵਾਰ, ਬਾਬਾ ਬਲਦੇਵ ਸਿੰਘ, ਸ. ਗੁਰਸ਼ਰਨਜੀਤ ਸਿੰਘ ਮਾਨ, ਸ. ਪਿਆਰਾ ਸਿੰਘ, ਸ. ਕਾਬਲ ਸਿੰਘ ਅਤੇ ਸਮੂਹ ਵਿਦਿਆਰਥਣਾਂ ਹਾਜ਼ਰ ਸਨ।

# ਸੁੰਦਰ ਦਸਤਾਰ ਸਜਾਉਣ ਦਾ ਸਭ ਤੋਂ ਵੱਡਾ ਇਨਾਮੀ ਮੁਕਾਬਲਾ ਜ਼ਿਲ੍ਹਾ ਨਵਾਂ ਸ਼ਹਿਰ ਵਿਚ ਆਯੋਜਿਤ ਹੋਇਆ

## ਪਹਿਲਾ ਇਨਾਮ ਇਕ ਲੱਖ ਰੁਪਏ, ਦੂਜਾ ਇਕੱਤੀ ਅਤੇ ਤੀਜਾ ਇੱਕੀ ਹਜ਼ਾਰ ਰੁਪਏ। ਹੋਰ ਵੀ ਸੈਂਕੜੇ ਇਨਾਮ ਸਨਮਾਨ ਭੇਟ ਕੀਤੇ ਗਏ





**ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ)** ਪੰਜਾਬ ਵਿਚ ਨੌਜਵਾਨ ਪੀੜ੍ਹੀ ਨੂੰ ਸਿੱਖ ਸਭਿਆਚਾਰ ਨਾਲ ਜੋੜੀ ਰੱਖਣ ਅਤੇ ਉਹਨਾਂ ਵਿਚ ਦਸਤਾਰਾਂ ਸਜਾਉਣ ਦਾ ਚਾਅ ਅਤੇ ਰੀਝ ਪੈਦਾ ਕਰਨ ਹਿਤ ਕਰਵਾਏ ਜਾਂਦੇ ਸੁੰਦਰ ਦਸਤਾਰਾਂ ਸਜਾਉਣ ਦੇ ਮੁਕਾਬਲਿਆਂ ਵਿਚ ਸ਼ਾਇਦ ਇਹ ਸਭ ਤੋਂ ਵੱਡਾ ਇਨਾਮੀ ਮੁਕਾਬਲਾ ਹੋਵੇਗਾ, ਜੋ ਕਿ ਬੀਤੇ ਦਿਨੀਂ ਰਾਹੋਂ ਨੇੜੇ ਪਿੰਡ ਛੋਕਰਾਂ ਜ਼ਿਲ੍ਹਾ ਨਵਾ ਸ਼ਹਿਰ ਵਿਖੇ ਆਯੋਜਿਤ ਹੋਇਆ। ਇਸ ਵਿਚ ਪਹਿਲਾ ਇਨਾਮ ਇਕ ਲੱਖ ਰੁਪਏ ਦਾ ਮੋਟਰ ਸਾਈਕਲ ਪਿੰਡ ਭਾਰਟਾ ਕਲਾਂ ਦੇ ਨੌਜਵਾਨ ਸ: ਸੁਰਿੰਦਰ ਸਿੰਘ ਨੇ ਜਿੱਤਿਆ।ਇਕੱਤੀ ਹਜ਼ਾਰ ਰੁਪਏ ਦਾ ਦੂਜਾ ਇਨਾਮ ਤਨਵੀਰ ਸਿੰਘ ਅਤੇ ਤੀਜਾ ਇੱਕੀ ਹਜ਼ਾਰ ਰੁਪਏ ਦਾ ਨਕਦ ਇਨਾਮ ਕਾਕਾ ਪਲਵਿੰਦਰ ਸਿੰਘ ਨੇ ਜਿੱਤਿਆ। ਇਹਨਾਂ ਤੋਂ ਇਲਾਵਾ ਮੁਕਾਬਲੇ ਵਿਚ ਭਾਗ ਲੈਣ ਵਾਲੇ ਛੋਟੇ ਬੱਚਿਆਂ ਅਤੇ ਨੌਜਵਾਨਾਂ ਨੂੰ ਮਾਈਕ੍ਰੋਵੇਵ, ਮਿਊਜ਼ਿਕ ਸਿਸਟਮ, ਜੂਸਰ ਮਿਕਸਰ, ਸੈਮਸੰਗ ਮੋਬਾਇਲ ਫੋਨ ਸੈਟ, ਘੜੀਆਂ, ਪੈਨ, ਦਿਲ ਖਿੱਚਵੇਂ ਮੈਡਲ ਅਤੇ ਹੌਸਲਾ ਵਧਾਉਣ ਲਈ ਨਕਦ ਇਨਾਮ ਵੀ ਵੰਡੇ ਗਏ। ਲੰਮੇ ਅਰਸੇ ਤੋਂ ਇੰਗਲੈਂਡ ਵਿਚ ਰਹਿੰਦੇ ਇਸ ਪਿੰਡ ਦੇ ਪ੍ਰਵਾਸੀ ਗੁਰਸਿੱਖ ਭਾਈ ਅਵਤਾਰ ਸਿੰਘ ਖਾਬੜਾ ਵੱਲੋਂ ਸਿੱਖ ਮਿਸ਼ਨਰੀ ਕਾਲਜ ਦੇ ਸਥਾਨਕ ਸੇਵਾਦਾਰਾਂ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਆਯੋਜਿਤ ਹੋਏ ਇਸ ਦਸਤਾਰ ਮੁਕਾਬਲੇ ਦੀ ਆਰੰਭਤਾ ਮੌਕੇ ਇਲਾਹੀ ਬਾਣੀ ਦੇ ਪਾਠ ਦਾ ਭੋਗ ਪਾਇਆ ਗਿਆ। ਇਸ ਮੁਕਾਬਲੇ ਵਿਚ ਬਤੌਰ ਸਹਾਇਕ ਨਿਰੀਖਿਅਕ ਸੇਵਾ ਨਿਭਾਉਣ ਵਾਲੇ ਬਬਰ ਮੈਮੋਰੀਅਲ ਸਕੂਲ ਦੌਲਤਪੁਰ ਦੇ ਅਧਿਆਪਕ ਸ: ਸੁਖਵੀਰ ਸਿੰਘ 'ਅਟਾਲ ਮਜਾਰਾ' ਨੇ ਇਸ ਪੱਤਰਕਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਦਸਤਾਰ ਸਜਾਉਣ ਦੇ ਇਸ ਮੁਕਾਬਲੇ ਵਿਚ ਕੁੱਲ 270 ਬੱਚਿਆਂ ਤੇ ਗੱਭਰੂਆਂ ਨੇ ਹਿੱਸਾ ਲਿਆ। ਜਿਹਨਾਂ ਨੂੰ ਉਮਰ ਦੇ ਲਿਹਾਜ ਦੋ ਗਰੁੱਪਾਂ ਵਿਚ ਵੰਡਿਆ ਗਿਆ। ਪੰਦਰਾਂ ਸਾਲ ਤੋਂ ਘੱਟ ਉਮਰ ਵਾਲੇ ਸਾਰੇ ਪ੍ਰਤੀਯੋਗੀ ਬੱਚਿਆਂ ਨੂੰ ਇਨਾਮ ਸਨਮਾਨ ਦਿੱਤੇ ਗਏ। ਇਕੱਠ ਨੂੰ ਸੰਬੋਧਨ ਕਰਦਿਆਂ ਭਾਈ ਅਵਤਾਰ ਸਿੰਘ ਖਾਬੜਾ ਨੇ ਕਿਹਾ ਕਿ ਉਹ ਧਰਮ-ਅਰਥ ਕਾਰਜਾਂ ਦੀ ਯਥਾ ਸ਼ਕਤਿ ਸੇਵਾ ਕਰਦੇ ਹੀ ਰਹਿੰਦੇ ਹਨ। ਪਰ ਇਹ ਪਹਿਲੀ ਵਾਰ ਸੁੰਦਰ ਦਸਤਾਰੇ ਸਜਾਉਣ ਦਾ ਸਮਾਗਮ ਇਸ ਕਾਰਨ ਰਚਿਆ ਹੈ ਕਿਉਂਕਿ ਦੂਸਰੇ ਪ੍ਰਾਂਤਾਂ ਦੀ ਬ-ਨਿਸਬਤ ਪੰਜਾਬ ਵਿਚ ਪੱਗਾਂ ਅਲੋਪ ਹੁੰਦੀਆਂ ਜਾ ਰਹੀਆਂ ਹਨ। ਉਹਨਾਂ ਦੁੱਖ ਭਰੇ ਲਹਿਜੇ ਵਿਚ ਆਪਣੀ ਹਰਿਆਣਾ, ਦਿੱਲੀ ਤੇ ਦੱਖਣ ਭਾਰਤ-ਗੁਰਧਾਮ ਯਾਤਰਾ ਦਾ ਹਵਾਲਾ ਦਿੰਦੇ ਹੋਏ ਆਖਿਆ ਕਿ ਪੰਜਾਬ ਤੋਂ ਬਾਹਰ ਸਾਬਤਿ ਸੂਰਤਿ ਨੌਜਵਾਨ ਦਿਖਾਈ ਦਿੰਦੇ ਨੇ ਪਰ ਇੱਥੇ 'ਉਲਟੀ ਗੰਗਾ ਵਗ ਰਹੀ' ਪ੍ਰਤੀਤ ਹੁੰਦੀ ਹੈ। ਉਹਨਾਂ ਜੈਕਾਰਿਆਂ ਦੀ ਗੂੰਜ ਵਿਚ ਅਗਲੇ ਸਾਲ 13 ਮਾਰਚ 1916 ਨੂੰ ਵੀ ਅਜਿਹਾ ਹੀ ਵਿਸ਼ਾਲ ਪ੍ਰੋਗਰਾਮ ਕਰਵਾਉਣ ਦਾ ਐਲਾਨ ਕੀਤਾ। ਇਸ ਮੌਕੇ ਭਾਰੀ ਗਿਣਤੀ ਵਿਚ ਇਕੱਤਰ ਹੋਏ ਇਲਾਕਾ ਨਿਵਾਸੀਆਂ ਨੇ ਦਸਤਾਰ ਮੁਕਾਬਲੇ ਆਯੋਜਿਤ ਕਰਨ ਵਾਲੇ ਭਾਈ ਖਾਬੜਾ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਆਪਣੇ ਵਿਰਸੇ ਪ੍ਰਤੀ ਚਿੰਤਤ ਪ੍ਰਵਾਸੀ ਭਰਾਵਾਂ ਨੂੰ ਅਜਿਹੇ ਸਾਰਥਕ ਸਮਾਗਮ ਕਰਵਾਉਣੇ ਚਾਹੀਦੇ ਹਨ, ਜਿਹਨਾਂ ਸਦਕਾ ਨੌਜਵਾਨ ਪੀੜ੍ਹੀ ਨੂੰ ਆਪਣੇ ਸ਼ਾਨਾਂ ਮੱਤੇ ਵਿਰਸੇ ਨਾਲ ਜੁੜਨ ਦੀ ਪ੍ਰੇਰਨਾ ਮਿਲਦੀ ਹੈ। ਫੋਕੀ ਹਉਮੈ ਨੂੰ ਪੱਠੇ ਪਾਉਣ ਲਈ ਜਿਹੜੇ ਪ੍ਰਵਾਸੀ ਭਰਾ ਆਪਣੀ ਹੱਡ ਭੰਨਵੀਂ ਕਮਾਈ, ਪੰਜਾਬ ਵਿਚ ਜਾ ਕੇ ਕਥਿਤ ਕਲਾਕਾਰਾਂ ਦੇ ਅਖਾੜਿਆਂ 'ਤੇ ਲੁਟਾਉਂਦੇ ਹਨ, ਉਹਨਾਂ ਨੂੰ ਭਾਈ ਖਾਬੜਾ ਤੋਂ ਸੇਧ ਲੈ ਕੇ ਪੁਰਖਿਆਂ ਦੇ ਸਭਿਆਚਾਰ ਨੂੰ ਬਚਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ।

# ਪੰਥਕ ਕਮੇਟੀਆਂ ਦੀ ਹੰਗਾਮੀ ਮੀਟਿੰਗ ਵਿਚ ਮੌਜੂਦਾ ਹਾਲਾਤਾਂ ਤੇ ਵਿਚਾਰਾਂ ਕੀਤੀਆਂ

**ਫਰੀਮਾਂਟ-** ਬੀਤੇ ਦਿਨੀਂ ਪੰਥਕ ਕਮੇਟੀਆਂ ਦੀ ਇਕ ਹੰਗਾਮੀ ਮੀਟਿੰਗ ਲੁਧਿਆਣਾ ਵਿਖੇ ਹੋਈ, ਜਿਸ ਵਿਚ ਪੰਜਾਬ ਭਰ ਵਿਚ ਮੌਜੂਦਾ ਹਾਲਾਤਾਂ ਅਤੇ ਮਹੱਤਵਪੂਰਨ ਘਟਨਾਵਾਂ ਉਤੇ ਵਿਚਾਰਾਂ ਹੋਈਆਂ, ਜਿਸ ਵਿਚ ਨਰੈਣੂ ਮਹੰਤ ਬਾਦਲ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਮਾਸਟਰ ਸੂਰਤ ਸਿੰਘ ਖਾਲਸਾ ਦੇ 16 ਜਨਵਰੀ ਤੋਂ ਆਰੰਭੇ ਮਰਨ ਵਰਤ ਅਤੇ ਸਿੱਖੀ 'ਚ ਦੁਸ਼ਮਣ ਦੇ ਰੋਲ ਅਤੇ ਪੰਥਕ ਜਥੇਬੰਦੀਆਂ ਦੇ ਅਗਲੇ ਪ੍ਰੋਗਰਾਮ ਦੀ ਅਗਲੀ ਰੂਪ ਰੇਖਾ ਤੇ ਵਿਚਾਰਾਂ ਹੋਈਆਂ ਅਤੇ ਫੈਸਲਾ ਕੀਤਾ ਗਿਆ ਕਿ 20 ਮਾਰਚ ਫਤਿਹਗੜ੍ਹ ਸਾਹਿਬ, 24 ਮਾਰਚ ਬਠਿੰਡਾ, 25 ਮਾਰਚ ਮਲੇਰਕੋਟਲਾ, 26 ਮਾਰਚ ਚੰਡੀਗੜ੍ਹ, 28 ਮਾਰਚ ਨੂੰ ਜਲੰਧਰ, 30 ਮਾਰਚ ਨੂੰ ਅੰਮ੍ਰਿਤਸਰ, 2 ਅਪ੍ਰੈਲ ਨੂੰ ਬਰਨਾਲਾ ਅਤੇ 4 ਅਪ੍ਰੈਲ ਨੂੰ ਕਪੂਰਥਲਾ ਵਿਖੇ ਧਰਨਾ ਅਤੇ ਰੋਸ ਮਾਰਚ ਪੂਰੇ ਅਮਨ-ਅਮਾਨ ਨਾਲ ਕੱਢੇ ਜਾਣਗੇ ਅਤੇ ਹਰ ਰੋਜ਼ ਪੰਜ ਸਿੰਘਾਂ ਦਾ ਜਥਾ ਸਵੇਰੇ 11 ਵਜੇ ਤੋਂ ਸ਼ਾਮੀ 3 ਵਜੇ ਤੱਕ ਵਾਰੀ ਵਾਰੀ ਭੁੱਖ ਹੜਤਾਲ ਰੱਖਣਗੇ। ਖਾਲਸਾ ਜੀ ਨੂੰ ਜਬਰਦਸਤੀ ਭੋਜਨ ਦੇਣ ਮੌਕੇ ਕੁਝ ਪੁਲਿਸ ਅਧਿਕਾਰੀਆਂ ਦੇ ਗਾਲ੍ਹਾਂ ਕੱਢਣ ਤੇ ਗਲਤ ਟਿੱਪਣੀਆਂ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਕੇ ਉਹਨਾਂ ਪੁਲਿਸ ਅਧਿਕਾਰੀਆਂ ਨੂੰ ਤਾੜਨਾ ਕਰਦੇ ਹਾਂ ਕਿ ਸਰਕਾਰਾਂ ਬਦਲਦੀਆਂ ਰਹਿੰਦੀਆ ਹਨ ਅਤੇ ਸਰਕਾਰ ਬਦਲਣ ਤੇ ਉਹਨਾਂ ਨੂੰ ਨਹੀਂ ਬਖਸ਼ਿਆ ਜਾਵੇਗਾ। ਖਾਲਸਾ ਜੀ ਭਾਵੇਂ ਸਰੀਰਕ ਤੌਰ ਤੇ ਕਮਜ਼ੋਰ ਹਨ ਪਰ ਮਾਨਸਿਕ ਤੌਰ ਤੇ ਪੂਰੀ ਚੜ੍ਹਦੀ ਕਲਾ ਵਿਚ ਹਨ। ਇਸ ਮੌਕੇ ਜਗਜੀਤ ਸਿੰਘ ਮੁਕੰਦਪੁਰੀ, ਮੈਂਬਰ ਕੋਰ ਕਮੇਟੀ ਨੇ ਦੱਸਿਆ ਕਿ ਵੁਹ ਖੁਦ ਐਮਨੈਸਟੀ ਇੰਟਰਨੈਸ਼ਨਲ ਦੇ ਮੈਂਬਰ ਹਨ ਅਤੇ ਇਹ ਮਸਲਾ ਵੁਸ ਫੋਰਮ ਵਿਚ ਉਠਾਇਆ ਜਾਵੇਗਾ ਅਤੇ ਸੰਯੁਕਤ ਰਾਸ਼ਟਰ ਨੂੰ ਲਿਖਿਆ ਜਾਵੇਗਾ। ਉਹਨਾਂ ਕਿਹਾ ਕਿ ਬਾਦਲ ਸਾਹਿਬ ਦਾੜ੍ਹੀ ਵਾਲੇ ਨਿੱਕਰਧਾਰੀ ਅਤੇ ਉਸਦੀ ਟੀਮ ਸਿੱਖ ਧਰਮ ਅਤੇ ਕੌਮ ਨਾਲ ਦੁਸ਼ਮਣਾਂ ਨਾਲੋਂ ਵੀ ਵੱਡੀ ਦੁਸ਼ਮਣੀ ਪਿਛਲੇ 30 ਸਾਲਾਂ ਤੋਂ ਕਰ ਰਹੀ ਹੈ। ਸਭਨਾਂ ਧਰਮਾਂ ਨੂੰ ਆਪਣੇ ਧਰਮ ਵਿਚ ਸਮਾਉਣ ਲਈ ਕਹਿਣ ਵਾਲੇ ਆਰ. ਐਸ ਐਸ. ਦੇ ਮੋਹਨ ਭਾਗਵਤ ਦਾ ਬਾਦਲ ਨਾਲ ਗੁਪਤ ਸਮਝੌਤਾ ਹੈ ਅਤੇ ਇਹ ਸਿੱਖੀ ਨੂੰ ਖਤਮ ਕਰਨ ਲੱਗੇ ਹੋਏ ਹਨ। ਬੀਤੇ ਐਤਵਾਰ ਕੈਲੀਫੋਰਨੀਆ ਦੇ ਸ਼ਹਿਰ ਮਿਲਪੀਟਸ ਗੁਰਦ-ਆਰਾ ਸਿੰਘ ਸਭਾ ਵਿਖੇ ਖਾਲਸਾ ਜੀ ਦੀ ਬੇਟੀ ਅਤੇ ਜੁਆਈ ਬਲਵੰਤ ਸਿੰਘ ਸਰਾਂ ਨੇ ਖਾਲਸਾ ਜੀ ਦੀ ਚੜ੍ਹਦੀ ਕਲਾ ਲਈ ਸਹਿਜ ਪਾਠ ਸਾਹਿਬ ਕਰਵਾਇਆ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ (ਕੈਲੀਫੋਰਨੀਆ)

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰਾਂ ਨੂੰ 35 ਸੈਂਟ ਪ੍ਰਤੀ ਮਿਹਨਤਾਨਾ ਦੇਵੇਗੀ

* ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।
* ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਰੰਟੀ
* ਰਿਹਾਇਸ਼ ਅਤੇ ਏਅਰਪੋਰਟ ਤੋਂ ਲਿਆਉਣ ਤੇ ਛੱਡਣ ਦਾ ਖਾਸ ਪ੍ਰਬੰਧ
* 2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ।



Call For Special Price

Kashmir S. Thandi
Office: (866) 933-3038

Balhar S. Ranu
Cell: 916-502-7733



Yuba City Ph: 530-419-5058

1816 Main Ave.,
Secramento CA, 95838



ਕੈਲੇਫੋਰਨੀਆ ਤੋਂ ਡਰਾਈਵਰਾਂ ਦੀ ਲੋੜ



ਨਿਊਯਾਰਕ, ਇੰਡੀਆਨਾ, ਨਿਊਜਰਸੀ, ਪੈਨਸਨਵੇਲੀਆ ਅਤੇ ਓਹਾਈਓ ਵੱਲ ਜਾਣ-ਆਉਣ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਡਰਾਈਵਰ ਘੱਟੋ ਘੱਟ ਦੋ ਸਾਲ ਦਾ ਡਰਾਈਵਿੰਗ ਦਾ ਤਜਰਬਾ ਰੱਖਦਾ ਹੋਵੇ, ਉਸ ਨੂੰ ਵਧੀਆ ਮਿਹਨਤਾਨਾ ਦਿੱਤਾ ਜਾਵੇਗਾ।

ਹੋਰ ਜਾਣਕਾਰੀ ਲਈ ਸੰਪਰਕ ਕਰੋ

209-479-0242

# ਇੰਡੀਅਨ ਕਾਂਸਲੇਟ ਜਨਰਲ ਅਸ਼ੋਕ ਵੈਂਕਟੇਸ਼ਨ ਦਾ ਫਰਿਜ਼ਨੋ ਵਿਖੇ ਨਿੱਘਾ ਸੁਆਗਤ












**ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ /ਕੁਲਵੰਤ ਧਾਲੀਆ:**–ਪਿਛਲੇ ਹਫਤੇ, ਲੰਘੇ ਸ਼ਨੀਵਾਰ ਸਾਨਫਰਾਂਸਸਕੋ ਇੰਡੀਅਨ ਕਾਂਸਲੇਟ ਤੋਂ ਐਂਬੰਸਡਰ ਸ੍ਰੀ ਅਸ਼ੋਕ ਵੈਂਕਟੇਸ਼ਨ ਕੈਲੇਫੋਰਨੀਆਂ ਦੇ ਹਰੀਆਂ ਭਰੀਆਂ ਵਾਦੀਆਂ ਵਾਲੇ ਸ਼ਹਿਰ ਫਰਿਜ਼ਨੋ ਵਿਖੇ ਪਹੁੰਚੇ। ਇਥੇ ਪੰਜਾਬੀਆਂ ਦੀ ਸੰਘਣੀ ਵਸੋਂ ਹੋਣ ਕਾਰਨ ਇਸ ਸ਼ਹਿਰ ਨੂੰ ਮਿੰਨੀ ਪੰਜਾਬ ਵੀ ਕਿਹਾ ਜਾਂਦਾ ਹੈ। ਇਥੇ ਉਹਨਾਂ ਦੇ ਸੁਆਗਤ ਲਈ ਕਈ ਪ੍ਰਭਾਵਸ਼ਾਲੀ ਸਮਾਗਮ ਰੱਖੇ ਗਏ ਸਨ। ਸਭ ਤੋਂ ਪਹਿਲਾਂ ਉਹ ਫਰਿਜ਼ਨੋ ਸਟੇਟ ਯੂਨੀਵਰਸਿਟੀ ਵਿਖੇ ਪਹੁੰਚੇ ਜਿਥੇ ਉਹਨਾਂ ਦਾ ਸੁਆਗਤ ਪੰਜਾਬੀ ਕਮਿਉਨਟੀ ਦੀ ਉਘੀ ਸ਼ਖਸੀਅਤ ਡਾ. ਕਪੂਰ, ਕਾਂਗਰਸਮੈਂਨ ਜਿੰਮ ਕੌਸਟਾ, ਯੁਨੀਵਰਸਿਟੀ ਦੇ ਕੁਲਪਤੀ ਜੋਸਵ ਕੈਸਟਰੋ, ਯੂਨੀਵਰਸਿਟੀ ਸਟਾਫ ਅਤੇ ਇੰਡੀਅਨ ਸਟੂਡੈਂਟ ਯੂਨੀਅਨ ਦੇ ਨੌਜਵਾਨ ਕਾਰਕੁਨਾਂ ਨੇ ਕੀਤਾ।

ਜਿਥੇ ਕਾਂਸਲੇਟ ਜਨਰਲ ਸ੍ਰੀ ਅਸ਼ੋਕ ਨੇ ਆਪਣੇ ਭਾਸ਼ਨ ਦੌਰਾਨ ਅਮਰੀਕਾ ਅਤੇ ਭਾਰਤ ਸਬੰਧਾ ਵਿੱਚ ਹੋ ਰਹੀ ਨੇੜਤਾ ਨੂੰ ਲੋਕਤੰਤਰ ਦੇ ਹਿੱਤ ਲਈ ਇੱਕ ਵੱਡਾ ਕਦਮ ਦੱਸਿਆ, ਉਥੇ ਉਹਨਾਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾਂ ਦੀ ਭਾਰਤ ਫੇਰੀ ਨੂੰ ਦੋਵਾਂ ਦੇਸ਼ਾ ਦੇ ਵਪਾਰਕ ਖੇਤਰਾ ਲਈ ਇੱਕ ਮਹੱਤਵਪੂਰਨ ਕੜੀ ਵੀ ਆਖਿਆ। ਇਸ ਤੋਂ ਬਾਅਦ ਉਹਨਾਂ ਫਰਿਜ਼ਨੋ ਦੇ ਉਘੇ ਕਿਸਾਨ ਆਗੂਆਂ ਅਤੇ ਬਿਜਨਸਮੈਂਨਾਂ ਨਾਲ ਦੁਪਿਹਰ ਦਾ ਭੋਜਨ ਕੀਤਾ। ਉਹਨਾਂ ਇਸ ਮੌਕੇ ਬੋਲਦਿੰਆ ਕਿਹਾ ਕਿ ਸਾਡੀ ਕੋਸ਼ਿਸ਼ ਹੈ ਕਿ ਪੰਜਾਬ ਦੀ ਕਿਸੇ ਐਗ੍ਰੀਕਲਚਰ ਯੂਨੀਵਰਸਿਟੀ ਨਾਲ ਫਰਿਜ਼ਨੋ ਸਟੇਟ ਯੂਨੀਵਰਸਿਟੀ ਨੂੰ ਜੋੜਿਆ ਜਾਵੇ (ਕਲੈਬੋਰੇਸ਼ਨ) ਤਾਂ ਜੋ ਦੋਵੇ ਦੇਸ਼ ਵਪਾਰਕ ਅਤੇ ਕ੍ਰਿਸਾਂਨੀ ਪੱਖ ਤੋਂ ਇੱਕ ਦੂਜੇ ਦੀ ਟਿਕਨਾਲੌਜੀ ਦਾ ਲਾਹਾ ਲੈ ਸਕਣ। ਇਸ ਪਿਛੋ ਉਹਨਾਂ ਇੱਕ ਫਾਰਮ ਦਾ ਟੂਰ ਵੀ ਕੀਤਾ।

ਇੰਡੀਅਨ ਕਾਂਸਲੇਟ ਦੀ ਆਓ ਭਗਤ ਲਈ ਸ਼ਾਮ ਨੂੰ ਇੱਕ ਸ਼ਾਨਦਾਰ ਡਿਨਰ ਦਾ ਪ੍ਰਬੰਧ ਕੌਂਸਲ ਆਫ ਇੰਡੀਅਨ ਆਰਗੇਨਾਈਜ਼ੇਸ਼ਨ ਵੱਲੋਂ ਸੰਸ਼ਥਾ ਦੇ ਪ੍ਰਧਾਨ ਪਾਲ ਸਹੋਤਾ ਦੀ ਸਰਪ੍ਰਸਤੀ ਹੇਠ ਫਰਿਜ਼ਨੋ ਸ਼ਹਿਰ ਦੇ ਸਭ ਤੋਂ ਵੱਡੇ ਪੰਜਾਬੀ ਰੈਸਟੋਰੈਂਟ ਐਲੀਫਿੰਟ ਲੌਜ ਵਿੱਚ ਕੀਤਾ ਗਿਆ, ਜਿਥੇ ਭਾਰੀ ਗਿਣਤੀ ਵਿੱਚ ਪੰਜਾਬੀ ਕਾਂਸਲੇਟ ਜਨਰਲ ਦੇ ਵਿਚਾਰ ਸੁਣਨ ਲਈ ਪਹੁੰਚੇ ਹੋਏ ਸਨ।

ਇਸ ਮੌਕੇ ਸਟੇਜ ਦੀ ਸੁਰੂਆਤ ਪਾਲ ਸਹੋਤਾ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ ਅਤੇ ਆਏ ਪਤਵੰਤੇ ਸੱਜਣਾ ਨੇ ਤਾੜੀਆਂ ਦੀ ਗੂਜ਼ ਵਿੱਚ ਕਾਂਸਲੇਟ ਜਨਰਲ ਸ੍ਰੀ ਅਸ਼ੋਕ ਵੈਂਕਟੇਸ਼ਨ ਦਾ ਫਰਿਜ਼ਨੋ ਵਿਖੇ ਸੁਆਗਤ ਕੀਤਾ, ਪਾਲ ਸਹੋਤਾ ਨੇ ਕਿਹਾ ਕਿ ਜਲਦੀ ਹੀ ਅਸੀ ਕਾਂਸਲੇਟ ਨਾਲ ਸਲਾਹ ਕਰਕੇ ਵੀਜਾ ਕੈਂਪ ਵੀ ਫਰਿਜ਼ਨੋ ਏਰੀਏ ਚੋ ਅਯੋਜਿਤ ਕਰਾਗੇ । ਡਾ. ਕਪੂਰ ਨੇ ਸੰਖੇਖ ਵਿੱਚ ਸ੍ਰੀ ਅਸੋਕ ਦੀਆਂ ਪ੍ਰਾਪਤੀਆ ਆਏ ਮਹਿਮਾਨਾ ਨਾਲ ਸਾਝੀਆ ਕੀਤੀਆ। ਇਸ ਤੋਂ ਬਾਅਦ ਬਹੁਤ ਹੀ ਨਰਮ ਦਿਲ ਅਤੇ ਨੇਕ ਇਨਸਾਨ ਕਾਂਸਲੇਟ ਜਨਰਲ ਅਸ਼ੋਕ ਵੈਂਕਟੇਸ਼ਨ ਲੋਕਾ ਦੇ ਰੂਬਰੂ ਹੋਏ, ਅਤੇ ਉਹਨਾਂ ਦੇਸ਼ ਲਈ ਪੰਜਾਬੀਆਂ ਵੱਲੋਂ ਦਿੱਤੇ ਬਲੀਦਾਨ ਲਈ ਉਹਨਾਂ ਨੂੰ ਸਿਜਦਾ ਕੀਤਾ ਅਤੇ ਵਿਦੇਸ਼ਾ ਵਿੱਚ ਪੰਜਬੀਆਂ ਦੁਆਰਾ ਗੱਡੇ ਸਫਲਤਾ ਦੇ ਝੰਡਿਆ ਦੀ ਭਰਵੀਂ ਤਰੀਫ਼ ਕੀਤੀ। ਉਹਨਾਂ ਹਰ ਭਾਰਤੀ ਨਾਗਰਿਕ ਨੂੰ ਓ ਸੀ ਆਈ ਲੈਣ ਲਈ ਪ੍ਰੇਰਿਆ।

ਉਹਨਾਂ ਕਿਹਾ ਕਿ ਮੈਨੂੰ ਤੁਸੀ ਬੁਲਾਓ ਮੈ ਤੁਹਾਡੇ ਧਾਰਮਿਕ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਦਾ ਹਿੱਸਾ ਬਣਕੇ ਮਾਣ ਮਹਿਸੂਸ ਕਰਾਗਾ। ਉਹਨਾਂ ਲੋਕਾ ਦੇ ਸੁਆਲਾ ਦੇ ਜੁਆਬ ਵੀ ਬੜੇ ਤਸੱਲੀਬਖ਼ਸ਼ ਤਰੀਕੇ ਨਾਲ ਦਿੱਤੇ। ਪਾਲ ਸਹੋਤਾ ਨੇ ਉਹਨਾਂ ਨੂੰ ਪੁਛਿਆ ਕਿ ਬਹੁਤ ਵਾਰੀ ਅਸਾਈਲਮ ਵਾਲੇ ਕੇਸਾ ਵਿੱਚ ਪੰਜਾਬੀਆਂ ਨੂੰ ਭਾਰਤ ਲਈ ਵੀਜਾ ਲੈਣ ਵਿੱਚ ਭਾਰੀ ਪਰੇਸ਼ਾਨੀ ਆਉਦੀ ਹੈ, ਹਾਲਾਕਿ ਇਹ ਲੋਕ ਆਰਥਿਕ ਪੱਖੋਂ ਰਫਿਊਜੀ ਹਨ ਨਾਂ ਕਿ ਕਿਸੇ ਅਪਰਾਧਕ ਪਿਛੋਕੜ ਕਰਕੇ। ਇਸ ਦੇ ਜੁਆਬ ਵਿੱਚ ਕਾਂਸਲੇਟ ਜਨਰਲ ਨੇ ਬੜੇ ਭਾਵੁਕ ਤਰੀਕੇ ਨਾਲ ਕਿਹਾ ਕਿ ਸਭ ਤੋਂ ਪਹਿਲਾਂ ਜੋ ਕੁਝ ਚੁਰਾਸੀ ਵਿੱਚ ਦਿੱਲੀ ਚੋ ਸਿੱਖਾ ਨਾਲ ਹੋਇਆ ਉਹ ਅਤੀ ਨਿੰਦਣਯੋਗ ਹੈ, ਅਤੇ ਮੈਨੂੰ ਦਿਲੋਂ ਇਸ ਘਟਨਾ ਲਈ ਬੇਹੱਦ ਅਫਸੋਸ ਹੈ। ਉਹਨਾਂ ਕਿਹਾ ਕਿ ਜਿਹੜੇ ਵੀ ਵਿਅਕਤੀ ਅਮਰੀਕਾ ਵਿੱਚ ਅਸਾਈਲਮ ਕੇਸ ਕਰਕੇ ਪੱਕੇ ਹੋਏ ਹਨ ਅਤੇ ਉਹਨਾਂ ਦਾ ਕੋਈ ਅਪਰਾਧਕ ਪਿਛੋਕੜ ਨਹੀਂ ਹੈ, ਉਹਨਾਂ ਲਈ ਭਾਰਤੀ ਵੀਜੇ ਲਈ ਨਰਮ ਰਵੱਈਆ ਵਰਤਿਆ ਜਾਵੇਗਾ।

ਉਹਨਾਂ ਕਿਹਾ ਕਿ ਜਿਹੜੇ ਭਾਰਤੀਆਂ ਕੋਲ ਇੰਡ–ੀਅਨ ਪਾਸਪੋਰਟ ਨਹੀਂ ਹਨ । ਉਹ ਸਾਨੂੰ ਆਪਣੇ ਵੱਲੋਂ ਹਲਫ਼ੀਆ ਬਿਆਨ ਲਾਕੇ ਅਮਰੀਕਨ ਪਾਸਪੋਰਟ ਮੁਹੱਈਆ ਕਰਵਾਉਣ, ਉਹਨਾਂ ਨੂੰ ਵੀਜਾ ਮਿਲੇਗਾ..! ਕਾਂਸਲੇਟ ਜਨਰਲ ਦੇ ਇਹਨਾਂ ਬਿਆਨਾ ਦਾ ਹਾਜ਼ਰੀਨ ਨੇ ਤਾੜੀਆਂ ਦੀ ਗੂਜ਼ ਵਿੱਚ ਸੁਆਗਤ ਕੀਤਾ। ਹੋਰਨਾ ਬੋਲਣ ਵਾਲੇ ਬੁਲਾਰਿਆ ਵਿੱਚ ਅਮਰੀਕ ਸਿੰਘ ਵਿਰਕ, ਡਾ. ਅਰਜ਼ਨ ਸਿੰਘ ਜੋਸ਼ਨ, ਕਾਂਗਰਸਮੈਂਨ ਜਿੰਮ ਕੌਸਟਾ, ਮੁਨੀਸ਼ ਘਈ ਅਤੇ ਨਿੰਦਰ ਗਿੱਲ ਆਦਿ ਸ਼ਾਮਲ ਸਨ। ਸਟੇਜ ਸਕੱਤਰ ਦੀ ਸੇਵਾ ਬਾਖੂਬੀ ਜਸਦੀਪ ਸਿੰਘ ਰੀਐਲਟਰ ਨੇ ਨਿਭਾਈ। ਇਸ ਮੌਕੇ ਤੇ ਪਹੁੰਚੇ ਪਤਵੰਤੇ ਸੱਜਣਾ ਵਿੱਚ ਸੌਗੀ ਕਿੰਗ ਸ. ਚਰਨਜੀਤ ਸਿੰਘ ਬਾਠ, ਗਿੱਲ ਇੰਨਸ਼ੋਰੈਸ ਵਾਲੇ ਅਵਤਾਰ ਗਿੱਲ, ਲਾਖ ਬਰਾੜ, ਦੀਪਾ ਚੌਹਾਂਨ, ਲਖਵੀਰ ਗਿੱਲ, ਗੋਗੀ ਦੁਸਾਂਝ, ਸੁਰਿੰਦਰ ਨਿੱਝਰ, ਮਨਜੀਤ ਮਕੈਨਿਕ, ਇੰਡੋ ਅਮੈਰਕਿਨ ਹੈਰੀਟੇਜ ਫੋਰਮ, ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ, ਇੰਡੀਅਨ ਸਟੂਡੈਂਟ ਯੂਨੀਅਨ ਅਤੇ ਹੋਰ ਬਹੁਤ ਸਾਰੇ ਸੱਜਣ ਮਜੂਦ ਸਨ।

# ਸ੍ਰੀ ਗੁਰੂ ਰਵਿਦਾਸ ਸਭਾ ਸੇਲਮਾ (ਕੈਲੀਫੋਰਨੀਆ) ਵੱਲੋਂ ਸਤਿਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ

**ਸੇਲਮਾ (ਦੇਸ ਰਾਜ ਬੰਗੜ, ਫਰਿਜ਼ਨੋ)**– ਬੀਤੇ ਐਤਵਾਰ ਸ੍ਰੀ ਗੁਰੂ ਰਵਿਦਾਸ ਸਭਾ ਸੇਲਮਾ (ਕੈਲੀਫੋਰਨੀਆ) ਵੱਲੋਂ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਪਵਿੱਤਰ ਦਿਹਾੜੇ ਦੇ ਸਬੰਧ ਵਿਚ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਉਪਰੰਤ ਭਾਰੀ ਦੀਵਾਨ ਸਜਾਏ ਗਏ। ਭਾਈ ਅਵਤਾਰ ਸਿੰਘ ਭਾਟੀਆ (ਹੈਡ ਗ੍ਰੰਥੀ), ਭਾਈ ਹਰਬਲਾਸ ਸਿੰਘ, ਭਾਈ ਭਗੈਲ ਸਿੰਘ, ਭਾਈ ਧਾਮੀ, ਭਾਈ ਜੋਗਿੰਦਰ ਸਿੰਘ ਜੀ ਦੇ ਰਾਗੀ ਜਥਿਆਂ ਨੇ ਗੁਰੂ ਜੀ ਦੀ ਮਹਿਮਾ ਗੁਰਬਾਣੀ ਰਾਹੀਂ ਕੀਤੀ। ਇਸ ਮੌਕੇ ਤੇ ਵੱਖ ਵੱਖ ਬੁਲਾਰਿਆਂ ਨੇ ਜਿਹਨਾਂ ਵਿਚ ਡਾ. ਹਰਮੇਸ਼ ਕੁਮਾਰ, ਭਜਨ ਸਿੰਘ ਭਿੰਡਰ, ਚਰਨ ਸਿੰਘ ਗਿੱਲ, ਸੁਖਰਾਜ ਸਿੰਘ ਚੋਪੜਾ, ਸੋਡੀ ਰਾਮ ਮੋਮੀ, ਮੋਹਨ ਰਾਮ ਪਾਲ, ਵਿਨੋਦ ਚੁੰਬਰ, ਅਮਰ ਦਰੋਚ, ਰਜਿੰਦਰ ਗੰਗੜ ਅਤੇ ਦੇਸ ਰਾਜ ਬੰਗੜ ਨੇ ਸਮੂਹ ਸੰਗਤਾਂ ਨੂੰ ਗੁਰੂ ਰਵਿਦਾਸ ਜੀ ਦੀ ਬਾਣੀ ਨਾਲ ਜੁੜਨ ਅਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ’ਤੇ ਚੱਲਣ ਲਈ ਅਪੀਲ ਕਰਦਿਆਂ ਕਿਹਾ ਕਿ ਸਾਨੂੰ ਸਭਨਾਂ ਨੂੰ ਇਕੱਠੇ ਹੋ ਕੇ ਦਲਿਤ ਸਮਾਜ ਉਤੇ ਹੋ ਰਹੇ ਅੱਤਿਆਚਾਰਾਂ ਵਿਰੁੱਧ ਡਟ ਕੇ ਸੰਘਰਸ਼ ਕਰਨਾ ਚਾਹੀਦਾ ਹੈ। ਬੁਲਾਰਿਆਂ ਨੇ ਕਿਹਾ ਕਿ ਜੋ ਲੋਕ ਗੁਰੂ ਰਵਿਦਾਸ ਜੀ ਦੇ ਕ੍ਰਾਂਤੀਕਾਰੀ ਅਕਸ ਨੂੰ ਧੁੰਦਲਾ ਅਤੇ ਗੁਰੂ ਜੀ ਦੇ ਸਰੂਪ ਨਾਲ ਹੇਰਾਫੇਰੀ ਕਰਨਗੇ, ਉਹਨਾਂ ਨੂੰ ਕਦੇ ਵੀ ਨਹੀਂ ਬਖਸ਼ਿਆ ਜਾਵੇਗਾ। ਇਸ ਮੌਕੇ ਤੇ ਉਘੇ ਸਮਾਜ ਸੇਵਕ ਸ੍ਰੀ ਸੁਖਰਾਜ ਚੋਪੜਾ ਅਤੇ ਉਹਨਾਂ ਦੀ ਧਰਮ ਪਤਨੀ ਸ੍ਰੀਮਤੀ ਰੌਸ਼ਨੀ ਚੋਪੜਾ ਜੀ ਨੇ ਆਪਣੀ ਹਾਜ਼ਰੀ ਭਰੀ। ਚੋਪੜਾ ਪਰਿਵਾਰ ਨੇ ਗੁਰੂ ਘਰ ਲਈ 2100 ਡਾਲਰ ਭੇਂਟ ਕਰਕੇ ਗੁਰੂ ਘਰ ਦੇ ਪੈਟਰਨ ਬਣਨ ਦਾ ਸੁਭਾਗ ਪ੍ਰਾਪਤ ਕੀਤਾ। ਇਸ ਮੌਕੇ ’ਤੇ ਬੀਬੀ ਰੌਸ਼ਨੀ ਚੋਪੜਾ ਨੇ ਦੋ ਸ਼ਬਦ ਗਾ ਕੇ ਹਾਜ਼ਰੀ ਲਵਾਈ। ਇਸ ਪਵਿੱਤਰ ਦਿਹਾੜੇ ’ਤੇ ਇਲਾਕੇ ਦੀਆਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਸਿੱਖ ਵਾਤਾਵਰਣ ਦਿਵਸ ਵੀ ਮਨਾਇਆ ਗਿਆ। ਇਸ ਮੌਕੇ ’ਤੇ ਅਮਰੀਕਨ ਮੀਡੀਆ ਵੱਲੋਂ ਖਾਸ ਹਾਜ਼ਰੀ ਭਰੀ ਗਈ, ਜਿਸ ਵਿਚ ਫਰਿਜ਼ਨੋ ਬੀ. ਅਤੇ ਚੈਨਲ 30 ਦੀ ਟੀਮ ਅਤੇ ਅਦਾਰਾ “ਅੰਬੇਦਕਰ ਟਾਈਮਜ਼” ”ਦੇਸ਼ ਦੁਆਬਾ” ਵੱਲੋਂ ਪ੍ਰੇਮ ਕੁਮਾਰ ਚੁੰਬਰ ਨੇ ਹਾਜ਼ਰੀ ਭਰੀ। ਇਸ ਮੌਕੇ ਅਦਾਰਾ ”ਅੰਬੇਦਕਰ ਟਾਈਮਜ਼” ਦੇ ਸੱਤਵੇਂ ਸਾਲ ਵਿਚ ਪ੍ਰਵੇਸ਼ ਕਰਨ ਮੌਕੇ ਪਹਿਲਾ ਅੰਕ ਰਿਲੀਜ਼ ਕੀਤਾ ਗਿਆ। ਇਸ ਮੌਕੇ ਤੇ ਰੀਸਾਈਕਲਿੰਗ ਬਿਨ ਵੰਡੇ ਗਏ ਅਤੇ ਦਰੱਖਤ ਲਗਾਉਣ ਦੇ ਉਪਰਾਲੇ ਕੀਤੇ ਗਏ। ਗੁਰੂ ਘਰ ਦੇ ਚੇਅਰਮੈਨ ਸ: ਗੁਰਬਚਨ ਸਿੰਘ ਨੇ ਇਸ ਕਾਰਜ ਵਿਚ ਆਪਣਾ ਪੂਰਾ ਸਹਿਯੋਗ ਪਾਇਆ। ਇਸ ਪਵਿੱਤਰ ਦਿਹਾੜੇ ’ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ। ਸਟੇਜ ਦੀ ਜ਼ਿੰਮੇਵਾਰੀ ਸ੍ਰੀ ਜਸਵੰਤ ਮਹਿਮੀ ਨੇ ਨਿਭਾਈ। **(ਤਸਵੀਰਾਂ ਸਫਾ 20 ਤੇ)**

# ਅਮਰੀਕੀ ਪੰਜਾਬੀ ਕਵੀਆਂ ਵੱਲੋਂ ਲੋਡਾਈ ਗੁਰੂ ਘਰ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ



**ਲੋਡਾਈ, ਕੈਲੀਫੋਰਨੀਆ (ਪ੍ਰਮਿੰਦਰ ਸਿੰਘ ਪ੍ਰਵਾਨਾ)**– ਬੀਤੇ ਦਿਨੀਂ ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਦਸ਼ਮੇਸ਼ ਦਰਬਾਰ ਸਿੱਖ ਟੈਂਪਲ ਲੋਡਾਈ ਵਿਖੇ ਸਿੱਖ ਇਤਿਹਾਸ ਵਿਚ ਬੀਰ-ਰਸ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਮੰਚ ਸੰਚਾਲਕ ਪ੍ਰਵਾਨਾ ਵੱਲੋਂ ਸੂਫੀ ਸ਼ਾਇਰੀ ਅਤੇ ਧਾਰਮਿਕ ਟੂਕਾਂ ਨਾਲ ਬਾਖੂਬ ਨਿਭਾਇਆ ਗਿਆ। ਪ੍ਰਵਾਨਾ ਵੱਲੋਂ ਦ੍ਰਿੜਾਇਆ ਗਿਆ ਕਿ ਧਾਰਮਿਕ ਕਵੀ ਦਰਬਾਰ ਗੁਰਦੁਆਰਾ ਵਿਖੇ ਹਫਤਾਵਾਰੀ ਦੀਵਾਨਾਂ ਵਿਚ ਸਜਾਏ ਜਾਂਦੇ ਹਨ। ਦਸ਼ਮੇਸ਼ ਪਿਤਾ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ ਪ੍ਰਵਾਹ ਮੱਧਮ ਹੁੰਦੇ ਜਾ ਰਹੇ, ਮੁੜ ਸੁਰਜੀਤ ਕਰਨ ਦਾ ਉਪਰਾਲਾ ਜਾਰੀ ਹੈ। ਅਗਾਊਂ ਸੂਚਨਾਵਾਂ ਰਾਹੀਂ ਸੰਗਤਾਂ ਨੂੰ ਸੂਚਿਤ ਕਰਕੇ ਗੁਰ ਇਤਿਹਾਸ, ਗੌਰਵਮਈ ਵਿਰਸਾ ਅਤੇ ਗੁਰਮਤਿ ਆਸ਼ੇ ਅਨੁਸਾਰ ਕਵਿਤਾਵਾਂ ਪੜ੍ਹੀਆਂ ਜਾਂਦੀਆਂ ਹਨ ਤਾਂ ਜੋ ਵੱਧ ਤੋਂ ਵੱਧ ਸੰਗਤਾਂ ਜੁੜ ਸਕਣ। ਪ੍ਰਬੰਧਕਾਂ ਅਤੇ ਸੰਗਤਾਂ ਦੇ ਭਰਪੂਰ ਹੁੰਗਾਰੇ ਨਾਲ ਅਜਿਹੇ ਯਤਨ ਜਾਰੀ ਹਨ। ਪ੍ਰੋਗਰਾਮਾਂ ਦਾ ਵੇਰਵਾ ਅਖ਼ਬਾਰਾਂ, ਬਿਜਲਈ ਅਤੇ ਹੋਰ ਪ੍ਰਸਾਰਣ ਰਾਹੀਂ ਘਰ ਘਰ ਪਹੁੰਚਾਇਆ ਜਾਂਦਾ ਹੈ। ਕੈਲੀਫੋਰਨੀਆ ਦੇ ਬਹੁਤ ਸਾਰੇ ਗੁਰਦੁਆਰਾ ਸਾਹਿਬ ਵਿਚ ਧਾਰਮਿਕ ਕਵੀ ਦਰਬਾਰ ਸਜਾਏ ਜਾ ਚੁੱਕੇ ਹਨ। ਹਮੇਸ਼ਾ ਪ੍ਰੋਗਰਾਮ ਬਣੇ ਰਹਿੰਦੇ ਹਨ। ਕਵੀ ਸ਼ਾਮਲ ਹੋਏ ਤਰਸੇਮ ਸਿੰਘ ਸੁਮਨ, ਗੁਰਦਿਆਲ ਸਿੰਘ ਨੂਰਪੁਰੀ, ਅਭੈਜੀਤ ਸਿੰਘ, ਮਹਿੰਦਰਪਾਲ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ। ਸਕੱਤਰ ਗੁਰਦੁਆਰਾ ਲੋਡਾਈ ਵੱਲੋਂ ਪ੍ਰੋਗਰਾਮ ਤੇ ਖੁਸ਼ੀ ਤੇ ਤਸੱਲੀ ਪ੍ਰਗਟ-ਾਈ ਗਈ ਕਿ ਅੱਜ ਦੇ ਜੀਵਨ ਦੇ ਰੁਝੇਵਿਆਂ ਭਰੇ ਸਮੇਂ ਵਿਚ ਇਹਨਾਂ ਕਵੀਆਂ ਵੱਲੋਂ ਆਪਣਾ ਸਮਾਂ ਕੱਢ ਕੇ ਅਜਿਹੇ ਉੱਦਮ ਵਿਚ ਆਪਣੀ ਮਾਂ-ਬੋਲੀ ਰਾਹੀਂ ਗੁਰੂ ਇਤਿਹਾਸ ਦੇ ਗੌਰਵਮਈ ਵਿਰਸੇ ਨੂੰ ਯਾਦ ਰੱਖਣ ਦਾ ਸੰਦੇਸ਼ ਦੇ ਰਹੇ ਹਨ। ਪ੍ਰਬੰਧਕਾਂ ਵੱਲੋਂ ਹਾਜ਼ਰ ਕਵੀਆਂ ਦਾ ਸਨਮਾਨ ਕੀਤਾ ਗਿਆ। ਪ੍ਰੋਗਰਾਮਾਂ ਵਿਚ ਹਿੱਸਾ ਲੈਣ ਲਈ 510-415-9377 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਗੀਤ - ਗੁਰਦੀਪ ਲਾਖਾ ਫਰਾਂਸ

–ਸਿਰ ਪੰਡ ਹੈ ਫ਼ਰਜ਼ਾਂ ਦੀ ਉਹ ਵੀ ਡਾਢੇ ਭਾਰੇ ਨੇ।
ਸਾਡੇ ਰਾਹ ਵਿਚ ਆਪਣਿਆਂ ਕੰਡੇ ਹੀ ਖਿਲਾਰੇ ਨੇ।
–ਬੜੇ ਜ਼ਖ਼ਮ ਨੇ ਪਿੰਡੇ ’ਤੇ ਅੱਲੇ ਨੇ ਪੁਰਾਣੇ ਨੇ,
ਇੱਕ ਉਮਰ ਨਿਆਣੀ ਏ ਦੂਜਾ ਰਾਹ ਅਣਜਾਣੇ ਨੇ,
ਅੱਧ ਵਾਟੇ ਹੀ ਛੱਡ ਗਏ ਜੋ ਕਹਿੰਦੇ ਧੁਰ ਦੇ ਸਹਾਰੇ ਨੇ।
–ਸਾਨੂੰ ਝੱਲੇ ਦੱਸਦੇ ਨੇ ਖ਼ੁਦ ਚਤਰ ਕਹਾਉਂਦੇ.ਲੋ,
ਕਦੇ ਏਧਰ ਤੇ ਓਧਰ ਨੇ ਲੂਤੀਆਂ ਲਾਉਂਦੇ.ਲੋ,
ਨੰਗ ਧਨੀ ਕਹਾਉਂਦੇÊ ਸਾਨੂੰ ਕਹਿਣ ਵਿਚਾਰੇ ਨੇ।
–ਕਦੇ ਲੇਖਾ ਦੇਵਣਗੇ ਜਗ ਵਿਚ ਜੋ ਨਾ ਕਰਦੇ ਲੇਖੇ,
ਕਾਂ ਕਲੀ ਕਰਾ ਕੇ ਵੀ ਬਣਦੇ ਹੰਸ ਕਦੇ ਨਾ ਦੇਖੇ,
ਹੁੰਦੀ ਮੇਹਰ ਕਿਸੇ ਤੇ ਹੈ ਆਸਾਂ ਲਾਉਂਦੇ੧ਓਰੇ ਨੇ।
–ਵਿਚ ਵਤਨ ਬੇਗਾਨੇ ਦੇ ਆਸਰਾ ਮਿ.ਲ ਜਾਏਗਾ ਚੰਗਾ,
ਮਿਹਨਤ ਰੰਗ ਲਿਆਏਗੀ 'ਲਾਖੇ' ਵਕਤ ਆਏਗਾ ਚੰਗਾ,
ਅਜੇ ਮੰਜ਼ਿਲ ਦੂਰ ਬੜੀ 'ਦੀਪੇ' ਦਿਲ ਨਾ ਹਾਰੇ ਨੇ।

ਦੇਸ਼ ਦੁਆਬਾ

# ਮੋਦੀ ਸਰਕਾਰ ਖਿਲਾਫ ਅੰਦੋਲਨਾਂ ਦੀ ਸ਼ੁਰੂਆਤ

ਭਾਰਤ ਵਿਚ ਸਮਾਜਿਕ ਅਤੇ ਰਾਜਨੀਤਿਕ ਪੱਧਰ ਤੇ ਵੀ ਹੁਣ ਗਰਮੀ ਵਧਣ ਲੱਗ ਪਈ ਹੈ। ਇਕ ਪਾਸੇ ਘੱਟ-ਗਿਣਤੀਆਂ ਨੂੰ ਹਿੰਦੂਤਵੀ ਸੰਗਠਨਾਂ ਦੀਆਂ ਨਿਤ ਦਿਨ ਦੀਆਂ ਧਮਕੀਆਂ, ਇਸਾਈ ਨਨਾਂ ਨਾਲ ਹੋ ਰਹੇ ਬਲਾਤਕਾਰ ਅਤੇ ਸਮਾਜਿਕ ਪੱਧਰ ਤੇ ਫੈਲ ਰਹੀ ਅਸਹਿਣਸ਼ੀਲਤਾ ਦੇ ਕਾਰਨ ਵਿਰੋਧੀ ਪਾਰਟੀਆਂ ਦੇ ਹੱਥ ਧੜਾਧੜ ਮੁੱਦੇ ਲੱਗ ਰਹੇ ਹਨ, ਉਥੇ ਹੀ ਹੁਣ ਰਿਜ਼ਰਵੇਸ਼ਨ ਦਾ ਮੁੱਦਾ ਇਕ ਵਾਰ ਫਿਰ ਮੋਦੀ ਸਰਕਾਰ ਦੇ ਗਲੇ ਦੀ ਹੱਡੀ ਬਣ ਗਿਆ ਹੈ। ਭੂਮੀ ਐਕਵਾਇਰ ਆਰਡੀਨੈਂਸ, ਕਿਸਾਨਾਂ ਦੀਆਂ ਫਸਲਾਂ ਦਾ ਖਰਾਬ ਹੋਣਾ, ਜੱਟ ਰਾਖਵਾਂਕਰਨ ਵਰਗੇ ਕਈ ਮੁੱਦਿਆਂ ਦੇ ਉਤੇ ਹੁਣ ਕੌਮੀ ਪੱਧਰ ਦੇ ਅੰਦੋਲਨਾਂ ਦੀ ਸ਼ੁਰੂਆਤ ਹੋਣ ਜਾ ਰਹੀ ਹੈ। ਮੋਦੀ ਸਰਕਾਰ ਦੇ ਲਈ ਅੰਦੋਲਨਾਂ ਦੇ ਇਹ ਸੰਕੇਤ ਖ਼ਤਰੇ ਦਾ ਸਬੱਬ ਬਣ ਸਕਦੇ ਹਨ।

ਪਹਿਲੀ ਸਮੱਸਿਆ ਹੈ ਰਿਜ਼ਰਵੇਸ਼ਨ ਦੀ। ਕਈ ਸਾਲ ਸੰਘਰਸ਼ ਕਰਕੇ ਜਾਟਾਂ ਨੇ ਜੋ ਰਿਜ਼ਰਵੇਸ਼ਨ ਹਾਸਲ ਕੀਤੀ ਸੀ, ਉਹ ਇਕ ਹੀ ਝਟਕੇ ਵਿਚ ਖਤਮ ਹੋ ਗਈ ਹੈ। ਸੁਪਰੀਮ ਕੋਰਟ ਨੇ ਜਾਟਾਂ ਨੂੰ ਹੋਰ ਪੱਛੜੇ ਵਰਗ ਦੀ ਸ਼੍ਰੇਣੀ ਵਿਚ ਮਿਲਣ ਵਾਲਾ ਰਿਜ਼ਰਵੇਸ਼ਨ ਰੱਦ ਕਰ ਦਿੱਤਾ ਹੈ। ਹੁਣ ਜਾਟ ਅੰਦੋਲਨ ਉਤੇ ਉਤਾਰੂ ਹੋ ਗਏ ਹਨ। ਜਾਟਾਂ ਦਾ ਕਹਿਣਾ ਹੈ ਕਿ ਉਹ ਰਿਜ਼ਰਵੇਸ਼ਨ ਦੇ ਲਈ ਫਿਰ ਅਦਾਲਤ ਤੋਂ ਸੜਕ ਤੱਕ ਲੜਾਈ ਲੜਨਗੇ। ਭਾਰਤ ਪੱਧਰ ਦੇ ਇਸ ਅੰਦੋਲਨ ਦੇ ਕਾਰਨ ਕੇਂਦਰ ਸਰਕਾਰ ਦੇ ਉਤੇ ਦਬਾਅ ਬਣੇਗਾ। ਪਿਛਲੀ ਵਾਰ ਜਦੋਂ ਜਾਟ ਅੰਦੋਲਨ ਕਰਨ ਲਈ ਸੜਕਾਂ ਤੇ ਉਤਰੇ ਸਨ ਤਾਂ ਕਈ ਸੂਬਿਆਂ ਵਿਚ ਸਮੱਸਿਆ ਆ ਗਈ ਸੀ। ਇਸ ਦੌਰਾਨ ਪੁਲਿਸ ਨਾਲ ਝੜੱਪਾਂ ਵੀ ਹੋਈਆਂ ਅਤੇ ਤਿੰਨ ਲੋਕੀ ਮਾਰੇ ਵੀ ਗਏ ਸਨ। ਜਾਟ ਰਿਜ਼ਰਵੇਸ਼ਨ ਦਾ ਮਾਮਲਾ ਖਾਰਜ ਹੋਣ ਤੋਂ ਬਾਅਦ ਪੱਛਮੀ ਉਤਰ ਪ੍ਰਦੇਸ਼ ਵਿਚ ਅੰਦੋਲਨ ਦੀ ਸਥਿਤੀ ਬਣਨ ਲੱਗੀ ਹੈ। ਵਿਰੋਧ ਵਜੋਂ ਸੰਮੇਲਨ, ਪ੍ਰਦਰਸ਼ਨ, ਸੜਕਾਂ ਜਾਮ, ਰੇਲਾਂ ਰੋਕਣੀਆਂ ਆਦਿ ਦਾ ਦੌਰ ਆਰੰਭ ਹੋ ਗਿਆ ਹੈ। ਇਸ ਦੇ ਤਹਿਤ ਮਥੁਰਾ ਵਿਚ ਵਿਰੋਧ ਦੇ ਲਈ ਸੜਕਾਂ ਤੇ ਉਤਰੇ ਦਿਹਾਤੀ ਲੋਕਾਂ ਨੇ ਐਕਸਪ੍ਰੈਅ ਵੇਅ ਤੇ ਜਾਮਲਗਾ ਦਿੱਤਾ ਹੈ। ਟੋਲ ਅਤੇ ਫੈਸੀਲਿਟੀ ਸੈਂਟਰ ਤੇ ਵਹੀਕਲ ਰੋਕ ਦਿੱਤੇ ਹਨ। ਇੱਧਰ ਸਾਬਕਾ ਮੰਤਰੀ ਅਜੀਤ ਚੌਧਰੀ ਦਾ ਕਹਿਣਾ ਹੈ ਕਿ ਸਰਕਾਰ ਨੂੰ ਕਿਸਾਨਾਂ ਅਤੇ ਪੱਛੜੇ ਵਰਗਾਂ ਨਾਲ ਕੋਈ ਸਰੋਕਾਰ ਨਹੀਂ ਹੈ, ਇਸ ਕਰਕੇ ਉਹ ਜਨਤਾ ਦੇ ਨਾਲ ਖੜ੍ਹਨਗੇ। ਕਈ ਹੋਰ ਸਿਆਸੀ ਪਾਰਟੀਆਂ ਵੀ ਇਸ ਅੰਦੋਲਨ ਨੂੰ ਸਮਰਥਨ ਦੇਣ ਦੀ ਤਿਆਰੀ ਕਰ ਰਹੀਆਂ ਹਨ।

ਦੂਜੀ ਸਮੱਸਿਆ ਭੂਮੀ ਐਕਵਾਇਰ ਬਿਲ ਦੀ ਹੈ, ਜਿਸ ਵਿਚ ਸੋਧਾਂ ਕਰਕੇ ਬੇਸ਼ੱਕ ਇਹ ਬਿਲ ਲੋਕ ਸਭਾ ਵਿਚ ਪਾਸ ਹੋ ਗਿਆ ਪਰ ਇਸ ਉਤੇ ਵਿਰੋਧੀ ਪਾਰਟੀ ਕਾਂਗਰਸ ਹੁਣ ਅੰਦੋਲਨ ਕਰਨ ਜਾ ਰਹੀ ਹੈ। ਸ਼ਿਵ ਸੈਨਾ ਨੂੰ ਵੀ ਇਸ ਉਤੇ ਇਤਰਾਜ਼ ਹੈ ਅਤੇ ਅਕਾਲੀ ਦਲ ਪੰਜਾਬ ਵਿਚ ਇਸ ਵਿਚ ਸੋਧਾਂ ਕਰਨ ਦੀ ਤਿਆਰੀ ਕਰ ਰਿਹਾ ਹੈ। ਸਮਾਜ ਸੇਵੀ ਅੰਨਾ ਹਜ਼ਾਰੇ ਵੀ ਕਈ ਕਿਸਾਨ ਸੰਗਠਨਾਂ ਦੇ ਨਾਲ ਮਿਲ ਕੇ ਭੂਮੀ ਐਕਵਾਇਰ ਆਰਡੀਨੈਂਸ ਦਾ ਵਿਰੋਧ ਕਰ ਰਹੇ ਹਨ। ਜੇਕਰ ਕਿਹਾ ਜਾਵੇ ਕਿ ਹੌਲੀ ਹੌਲੀ ਭੂਮੀ ਬਿਲ ਤੇ ਇਕ ਕੌਮੀ ਅੰਦੋਲਨ ਆਰੰਭ ਹੋਣ ਜਾ ਰਿਹਾ ਹੈ ਤਾਂ ਇਹ ਗਲਤ ਨਹੀਂ ਹੋਵੇਗਾ। ਇੱਧਰ ਭਾਰਤ ਵਿਚ ਹੋਈ ਬੇਮੌਸਮੀ ਬਾਰਿਸ਼ ਦੇ ਕਾਰਨ ਫਸਲਾਂ ਖਰਾਬ ਹੋ ਗਈਆਂ ਹਨ ਅਤੇ ਆਲੂ ਦੀ ਖੇਤੀ ਖਰਾਬ ਹੋਣ ਕਾਰਨ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਵੀ ਸਾਹਮਣੇ ਆਈਆਂ ਹਨ। ਇਸ ਬਰਸਾਤ ਕਾਰਨ ਫਸਲਾਂ ਦੇ ਹੋਏ ਨੁਕਸਾਨ ਕਾਰਨ ਕਿਸਾਨ ਅੰਦੋਲਨ ਦੀ ਤਿਆਰੀ ਵਿਚ ਹਨ। ਕਈ ਕਿਸਾਨ ਇਸ ਸਦਮੇ ਨੂੰ ਬਰਦਾਸ਼ਤ ਨਹੀਂ ਕਰ ਸਕੇ ਅਤੇ ਮੌਤ ਨੂੰ ਗਲੇ ਲਗਾ ਲਿਆ। ਹੁਣ ਕਿਸਾਨ ਮੁਆਵਜ਼ੇ ਦੀ ਮੰਗ ਕਰ ਰਹੇ ਹਨ। ਕੀ ਨਰਿੰਦਰ ਮੋਦੀ ਕਿਸਾਨਾਂ ਦੇ ਗੁੱਸੇ ਨੂੰ ਸੰਭਾਲ ਸਕਣਗੇ? ਇਹ ਦੇਖਣ ਵਾਲੀ ਗੱਲ ਹੋਵੇਗੀ।



- ਤਰਸੇਮ ਜਲੰਧਰੀ

# ਜੋ ਹਮ ਸਹਰੀ ਸੋ ਮੀਤ ਹਮਾਰਾ



ਸੱਚੇ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਅਤੇ ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਜਿਸ ਖ਼ਾਸ ਨੁਕਤੇ ਦੇ ਉੱ ਕੇਂਦਰਿਤ ਹਨ, ਉਹ ਹੈ ਇਨਸਾਨ ਦੇ ਅੰਦਰ ਸਵੈ-ਮਾਣ, ਸਵੈ-ਨਿਰਭਰਤਾ ਅਤੇ ਕਿਰਤ ਦੇ ਮਾਧਿਅਮ ਰਾਹੀਂ ਇੱਕ ਅਜਿਹੇ ਰਾਜ ਦਾ ਨਿਰਮਾਣ ਕਰਨਾ ਹੈ ਜਿਸ ਵਿੱਚ ਕੋਈ ਵੀ ਕਿਸੇ ਕਿਸਮ ਦੀ ਨੀਚ-ਉਚ, ਭੇਦ ਭਾਵ ਨਾ ਹੋਵੇ ਜਿਵੇਂ ਕਿ ਉਨ੍ਹਾਂ ਨੇ ਆਪਣੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਵਿੱਚ ਵਿਆਖਿਆਨ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਦੇ ਦੌਰਾਨ ਭਾਰਤ ਦੇ ਬਿਪਰਵਾਦੀ ਕੇਂਦਰ ਕਾਂਸ਼ੀ ਵਿਖੇ ਵੱਡੇ-ਵੱਡੇ ਬਿਪਰਾਂ ਨੂੰ ਇਸ ਗੱਲ ਦਾ ਅਹਿਸਾਸ ਚੰਗੀ ਤਰ੍ਹਾਂ ਕਰਵਾ ਦਿੱਤਾ ਸੀ ਕਿ ਵਡਿਆਈ, ਨਾ ਬਰਾਬਰਤਾ ਵਿੱਚ ਨਹੀਂ ਹੈ, ਸਗੋਂ ਬਰਾਬਰਤਾ ਦਾ ਹੀ ਦੂਸਰਾ ਨਾਂ ਵਡਿਆਈ ਹੈ। ਗੁਰੂ ਜੀ ਨੇ ਬਰਾਬਰਤਾ ਦਾ ਨਾਹਰਾ ਬੁਲੰਦ ਕਰਦੇ ਹੋਏ ਕਾਂਸ਼ੀ ਵਿਖੇ ਇੱਕ ਨਵੀਂ ਤਰ੍ਹਾਂ ਦੀ ਸ਼ਾਂਤੀ ਲਹਿਰ ਦਾ ਆਗਾਜ਼ ਕਰਕੇ ਭਾਰਤ ਦੀ ਮੂਲਨਿਵਾਸੀ ਕੌਮ ਨੂੰ ਉਤਸ਼ਾਹਿਤ ਕੀਤਾ। ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ॥ ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ॥ ਇਸ ਗੱਲ ਦੀ ਗਵਾਹ ਹੈ ਕਿ ਜਦ ਤੱਕ ਇਨਸਾਨ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਬਾਹਰ ਨਹੀਂ ਆ ਜਾਂਦਾ, ਉਦੋਂ ਤੱਕ ਉਸ ਦੀ ਕਿਸੇ ਵੀ ਤਰ੍ਹਾਂ ਕਿਸੇ ਵੀ ਪੱਧਰ ਤੇ ਬਰਾਬਰਤਾ ਦੀ ਗੱਲ ਕਰਨਾ ਤੱਥਾਂ ਤੋਂ ਦੂਰ ਹੋਣਾ ਹੈ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਗੁਲਾਮੀ ਤੋਂ ਛੁਟਕਾਰਾ ਦਵਾਉਣ ਲਈ ਜਿਸ ਮਾਰਗ ਨੂੰ ਚੁਣਿਆ ਉਹ ਸੀ ਕਿਰਤ, ਸਵੈ-ਆਤਮ ਵਿਸ਼ਵਾਸ ਅਤੇ ਨਿਡਰਤਾ। ਉਨ੍ਹਾਂ ਦਾ ਬਰਾਬਰਤਾ ਨੂੰ ਹਾਸਿਲ ਕਰਨ ਦਾ ਸਿਧਾਂਤ ਆਪਣੇ ਆਪ ਵਿੱਚ ਅਲੱਗ ਕਿਸਮ ਦੀ ਮਿਸਾਲ ਪੇਸ਼ ਕਰਦਾ ਹੈ। ਉਹ ਚਾਹੁੰਦੇ ਸਨ ਜਿਸ ਜਾਤ ਪਾਤ ਸਿਧਾਂਤ ਨੇ ਭਾਰਤ ਦੇ ਮੂਲਨਿਵਾਸੀ ਵਰਗ ਨੂੰ ਗੁਲਾਮੀ ਦੀਆਂ ਕਾਲ-ਕੋਠੜੀਆਂ ਵਿੱਚ ਸਦੀਆਂ ਤੋਂ ਬੰਦ ਕੀਤਾ ਹੈ, ਉਸ ਨੂੰ ਜਿਸ ਤਰੀਕੇ ਨਾਲ ਗੁਲਾਮੀ ਤੋਂ ਮੁਕਤ ਕਰਵਾਉਣਾ ਹੈ, ਉਹ ਤਰੀਕਾ ਸੱਚਾ ਤੇ ਸੁੱਚਾ ਹੀ ਨਹੀਂ ਹੋਣਾ ਚਾਹੀਦਾ, ਬਲਕਿ ਅਪਰਾਧੀਆਂ ਨੂੰ ਵੀ ਉਨ੍ਹਾਂ ਦੇ ਅਪਰਾਧ ਤੋਂ ਅਜ਼ਾਦ ਕਰਵਾ ਕੇ ਬਰਾਬਰਤਾ ਦੇ ਸਮਾਜ ਵਿੱਚ ਉਨ੍ਹਾਂ ਦਾ ਯੋਗਦਾਨ ਹਾਸਿਲ ਕਰੇ। ਗੁਰੂ ਜੀ ਦਾ ਜਾਤ ਪਾਤ ਨੂੰ ਖਤਮ ਕਰਨ ਦਾ ਸਿਧਾਂਤ ਜ਼ਾਤ ਅਭਿਮਾਨੀਆਂ ਨੂੰ ਭਗਤੀ ਦੇ ਮਾਧਿਅਮ ਰਾਹੀਂ ਸੋਝੀ ਦੇ ਕੇ ਇੱਕ ਵਿਸ਼ਾਲ ਅਤੇ ਨਿਰਮਾਣ ਦਾ ਮੌਕਾ ਦਿੰਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਇਹ ਸ਼ਬਦ ॥ ਜੋ ਹਮ ਸਹਰੀ ਸੋ ਮੀਤ ਹਮਾਰਾ॥ ਦੀ ਗਵਾਹੀ ਭਰਦੇ ਹਨ। ਉਨ੍ਹਾਂ ਦੇ ਸ਼ਹਿਰ ਵਿੱਚ ਜੋ ਸ਼ਖਸ ਉਨ੍ਹਾਂ ਦੇ ਇਸ ਸਿਧਾਂਤ ਨੂੰ ਅਪਨਾਉਂਦਾ ਗੁਰੂ ਰਵਿਦਾਸ ਜੀ ਉਸ ਨੂੰ ਆਪਣਾ ਮਿੱਤਰ ਸਮਝਦੇ ਹਨ ਅਤੇ ਉਨ੍ਹਾਂ ਦੀ ਮਿੱਤਰਤਾ ਦਾ ਹੱਕਦਾਰ ਉਹੀ ਬਣ ਸਕਦਾ ਹੈ, ਜਿਸ ਨੇ ਜਾਤੀ ਪਾਤੀ ਘਿਨਾਉਣੀ ਵੰਡ ਨੂੰ ਤਿਆਗ ਕੇ ਬਰਾਬਰਤਾ ਦਾ ਸਿਧਾਂਤ ਅਪਨਾ ਲਿਆ ਹੈ। ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਪਾਵਨ ਸਿੱਖਿਆਵਾਂ ਤੋਂ ਸਬਕ ਸਿਖਦੇ ਹੋਏ ਜਿਸ ਆਦਿ ਧਰਮ ਲਹਿਰ ਦੀ ਉਸਾਰੀ ਕਰਦੇ ਹਨ, ਉਸ ਦੀ ਸ਼ੁਰੂਆਤ ਅਤੇ ਅੰਤ ਦਾ ਰਸਤਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਬਰਾਬਰਤਾ ਦੇ ਸਿਧਾਂਤਾਂ ਵਿੱਚੋਂ ਹੀ ਹੋ ਕੇ ਜਾਂਦਾ ਹੈ। ਬਾਬਾ ਮੁਗੋਵਾਲੀਆ ਜੀ ਨੇ ਆਦਿ ਧਰਮ ਦੀ ਲਹਿਰ ਦਾ ਪ੍ਰਤੀਕ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਨੂੰ ਅਪਨਾਇਆ, ਜਿਸ ਵਿੱਚੋਂ ਸੋਹੰ ਦਾ ਚਿੰਨ੍ਹ ਚੁਣ ਕੇ ਬ੍ਰਾਹਮਣਵਾਦੀ ਕਾਣੀ ਵੰਡ ਦੇ ਖਾਤਮੇ ਦਾ ਬਿਗਲ ਵਜ-ਾਇਆ। ਉਨ੍ਹਾਂ ਦੀ ਆਦਿ ਧਰਮ ਦੀ ਲਹਿਰ ਜਿੱਥੇ ਅੰਗਰੇਜ਼ ਸਰਕਾਰ ਤੋਂ ਵੱਖਰੇ ਧਰਮ ਦੀ ਮੰਗ ਕਰਦੇ ਹੋਏ ਦਲਿਤ ਮੁਕਤੀ ਦਾ ਆਦੀ ਬਾਣ ਛੱਡਦੀ ਹੈ, ਉੱ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਜੀਵਨ ਸਿੱਖਿਆਵਾਂ ਨੂੰ ਅਪਨਾਉਂਦੇ ਹੋਏ ਦਲਿਤ ਸ਼ਕਤੀ ਕਰਨ ਦਾ ਨਵਾਂ, ਅਨੋਖਾ ਤੇ ਸਵੈ-ਮਾਨ ਭਰਿਆ ਮਾਰਗ ਦਿਖਾਉਂਦੀ। ਅੱਜ ਭਾਵੇਂ ਆਦਿ ਧਰਮ ਦੀ ਲਹਿਰ ਅਪਨੇ ਜਲਾਓ 'ਚ ਨਹੀਂ ਹੈ, ਪ੍ਰੰਤੂ ਜਿਸ ਕਦਰ ਪੰਜਾਬ ਦੇ ਤਕਰੀਬਨ ਹਰ ਪਿੰਡ ਕਸਬੇ ਸ਼ਹਿਰ ਅੰਦਰ ਸ੍ਰੀ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਡੇਰਿਆਂ ਅੰਦਰ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦਾ ਸੰਗ ਜੁੜਦਾ ਹੈ। ਉਹ ਜਿੱਥੇ ਆਦਿ ਧਰਮ ਦੀ ਲਹਿਰ ਦੀ ਵਿਰਾਸਤ ਦੀ ਤਸਵੀਰ ਪੇਸ਼ ਕਰਦਾ ਹੈ, ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਵਿਚਲੇ ਬਰਾਬਰਤਾ ਦੇ ਸਿਧਾਂਤ ਦੀ ਮੂੰਹ ਬੋਲਦੀ ਤਸਵੀਰ ਹੈ। ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪਾਵਨ ਆਗਮਨ ਪੁਰਬ ਮਨਾਏ ਜਾਣ ਦੀਆਂ "ਅਦਾਰਾ ਅੰਬੇਦਕਰ ਟਾਈਮਜ਼" ਤੇ "ਦੇਸ਼ ਦੁਆਬਾ" ਦੇ ਮਾਣਯੋਗ ਪਾਠਕਾਂ, ਇਸ਼ਤਿਹਾਰ ਦਾਤਾ ਅਤੇ ਹੋਰ ਸਨੇਹੀਆਂ ਨੂੰ ਇਸ ਸ਼ੁਭ ਦਿਹਾੜੇ ਤੇ ਬਹੁਤ ਬਹੁਤ ਵਧਾਈਆਂ ਦਿੰਦਾ ਹੈ ਅਤੇ ਆਸ ਕਰਦਾ ਹੈ ਕਿ ਉਨ੍ਹਾਂ ਦਾ ਸਹਿਯੋਗ ਅਦਾਰੇ ਨੂੰ ਹਮੇਸ਼ਾਂ ਪ੍ਰਾਪਤ ਹੁੰਦਾ ਰਹੇਗਾ ਅਤੇ ਅਦਾਰਾ ਗੁਰੂ ਸਾਹਿਬਾਨ ਜੀ ਦੇ ਅਸ਼ੀਰਵਾਦ ਨਾਲ ਬਹੁਜਨ ਦੇ ਹਿੱਤਾਂ ਲਈ ਅਵਾਜ਼ ਬੁਲੰਦ ਕਰਦਾ ਰਹੇਗਾ।

**ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ)**

# ਗਿਆਨ-ਵਿਗਿਆਨ



**ਮੇਘ ਰਾਜ ਮਿੱਤਰ**
**+91-98887-87440**

### ਅਮਰਵੇਲ ਦਾ ਰੰਗ ਪੀਲਾ ਕਿਉਂ ਹੁੰਦਾ ਹੈ?

ਤੁਸੀਂ ਪੰਜਾਬ ਦੀ ਧਰਤੀ ਉੱਪਰ ਥਾਂ ਥਾਂ ਤੇ ਅਜਿਹੇ ਦਰਖਤ ਵੇਖੇ ਹੋਣਗੇ ਜਿਹਨਾ ਉੱਪਰ ਇੱਕ ਪੀਲੇ ਰੰਗ ਦੀ ਤਾਰ ਦੀ ਸ਼ਕਲ ਵਰਗੀ ਇੱਕ ਵੇਲ ਫੈਲੀ ਹੁੰਦੀ ਹੈ। ਇਸ ਵੇਲ ਨੂੰ ਅਮਰ ਵੇਲ ਕਹਿੰਦੇ ਹਨ। ਇਸ ਵਿੱਚ ਹਰੇ ਰੰਗ ਦਾ ਪਦਾਰਥ ਕਲੋਰੋਫਿਲ ਨਹੀਂ ਹੁੰਦਾ ਹੈ। ਇਸ ਲਈ ਇਹ ਆਪਣੀ ਖੁਰਾਕ ਆਪ ਤਿਆਰ ਨਹੀਂ ਕਰ ਸਕਦੀ। ਇਸ ਕਰਕੇ ਜਿਸ ਦਰੱਖਤ ਉੱਪਰ ਇਹ ਚੜ੍ਹ ਜਾਂਦੀ ਹੈ ਉਸ ਦਰਖਤ ਦੀ ਖੁਰਾਕ ਵਿੱਚੋਂ ਖੁਰਾਕ ਖਾਣਾ ਸ਼ੁਰੂ ਕਰ ਦਿੰਦੀ ਹੈ ਤੇ ਵਧਦੀ ਰਹਿੰਦੀ ਹੈ। ਕਈ ਵਾਰ ਤਾਂ ਇਹ ਦਰੱਖਤ ਦੀ ਸਾਰੀ ਖੁਰਾਕ ਹੀ ਹਜ਼ਮ ਕਰ ਜਾਂਦੀ ਹੈ। ਸਿੱਟੇ ਵਜੋਂ ਦਰੱਖਤ ਸੁੱਕ ਜਾਂਦਾ ਹੈ। ਇਸ ਲਈ ਇਸ ਵੇਲ ਨੂੰ ਤੇ ਇਸ ਕਿਸਮ ਦੇ ਹੋਰ ਪੌਦਿਆਂ ਨੂੰ ਪਰਜੀਵੀ ਕਿਹਾ ਜਾਂਦਾ ਹੈ।

### ਰਾਤ ਦੀ ਰਾਣੀ ਦੇ ਫੁੱਲ ਰਾਤ ਨੂੰ ਹੀ ਕਿਉਂ ਖਿੜਦੇ ਹਨ?

ਫੁੱਲਾਂ ਦੀਆਂ ਬਹੁਤ ਸਾਰੀਆਂ ਕਿਸਮਾਂ ਅਜਿਹੀਆਂ ਹੁੰਦੀਆਂ ਹਨ ਜਿਹੜੀਆਂ ਰਾਤ ਨੂੰ ਹੀ ਖਿੜਦੀਆਂ ਹਨ। ਇਹਨਾਂ ਦੇ ਕਈ ਵਿਸ਼ੇਸ਼ ਗੁਣ ਹੁੰਦੇ ਹਨ। ਇਹ ਬਹੁਤ ਨਰਮ ਕਿਸਮ ਦੇ ਫੁੱਲ ਹੁੰਦੇ ਹਨ ਜੋ ਦਿਲ ਦੀ ਗਰਮੀ ਨੂੰ ਸਹਾਰਨ ਦੇ ਯੋਗ ਨਹੀਂ ਹੁੰਦੇ। ਇਹਨਾਂ ਵਿੱਚ ਵਿਸ਼ੇਸ ਸੁਗੰਧ ਹੁੰਦੀ ਹੈ ਜਿਹੜੀ ਕੀੜੀਆਂ ਨੂੰ ਆਪਣੇ ਵੱਲ ਖਿਚਦੀ ਹੈ। ਸਿੱਟੇ ਵਜੋਂ ਕੀੜੇ ਇਹਨਾਂ ਤੇ ਆ ਕੇ ਬੈਠਦੇ ਹਨ। ਕੁਝ ਪਰਾਗ ਕਣ ਉਹਨਾਂ ਦੀਆਂ ਲੱਤਾਂ ਤੇ ਖੰਭਾਂ ਨੂੰ ਚਿੰਬੜ ਜਾਂਦੇ ਹਨ ਤੇ ਇਹ ਕੀੜੇ ਰਸ ਚੂਸਣ ਤੋਂ ਬਾਅਦ ਅਗਲੇ ਫੁੱਲਾਂ ਤੇ ਜਾ ਬੈਠਦੇ ਹਨ। ਇਸ ਤਰ੍ਹਾਂ ਇਹਨਾਂ ਦੀ ਨਿਸੇਚਣ ਕ੍ਰਿਆ ਹੋ ਜਾਂਦੀ ਹੈ ਤੇ ਸਿੱਟੇ ਵਜੋਂ ਇਹਨਾਂ ਦੇ ਵੰਸ਼ ਵਿੱਚ ਵਾਧਾ ਹੁੰਦਾ ਹੈ। ਆਮ ਤੌਰ ਤੇ ਰਾਤ ਨੂੰ ਖਿੜਨ ਵਾਲੇ ਫੁੱਲਾ ਦਾ ਰੰਗ ਸਫੈਦ ਹੁੰਦਾ ਹੈ। ਕਿਉਂਕਿ ਰੰਗ ਬਰੰਗੇ ਫੁੱਲ ਰਾਤ ਨੂੰ ਘੱਟ ਵਿਖਾਈ ਦਿੰਦੇ ਹਨ ਤੇ ਚਿੱਟੇ ਰੰਗ ਸਪੱਸ਼ਟ ਨਜ਼ਰ ਆਉਂਦਾ ਹੈ। ਇਸ ਲਈ ਅਜਿਹੇ ਫੁੱਲਾਂ ਦਾ ਰੰਗ ਵੀ ਸਫੈਦ ਹੀ ਹੁੰਦਾ ਹੈ। ਰਾਣੀ ਉਪਰੋਕਤ ਕਾਰਨਾਂ ਕਰਕੇ ਹੀ ਰਾਤ ਨੂੰ ਖਿੜਦੀ ਹੈ।

### ਫਲ ਖੱਟੇ ਮਿਠੇ ਕਿਉਂ ਹੁੰਦੇ ਹਨ?

ਸਾਡੇ ਦੇਸ਼ ਵਿੱਚ ਮਿਲਣ ਵਾਲੇ ਫਲਾਂ ਨੂੰ ਦੋ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ ਮਿੱਠੇ ਤੇ ਖੱਟੇ। ਕੇਲੇ ਆਮ ਤੌਰ ਤੇ ਮਿੱਠੇ ਹੁੰਦੇ ਹਨ ਕਿਉਂਕਿ ਇਹਨਾਂ ਵਿੱਚ ਚੀਨੀ(ਾਰੁਚਟੋਸਏ) ਦੀ ਮਾਤਰਾ ਵੱਧ ਹੁੰਦੀ ਹੈ। ਨਿੰਬੂ ਖੱਟੇ ਹੁੰਦੇ ਹਨ ਕਿਉਂਕਿ ਇਹਨਾਂ ਵਿੱਚ ਸਿਟਰਿਕ ਨਾਂ ਦੇ ਤੇਜ਼ਾਬ ਦੀ ਮਾਤਰਾ ਵੱਧ ਹੁੰਦੀ ਹੈ। ਸੰਗਤਰੇ ਖਟ ਮਿੱਠੇ ਹੁੰਦੇ ਹਨ ਕਿਉਂਕਿ ਇਹਨਾਂ ਵਿੱਚ ਤੇਜ਼ਾਬ ਅਤੇ ਚੀਨੀ ਦੀ ਮਾਤਰਾ ਲਗਭਗ ਬਰਾਬਰ ਹੁੰਦੀ ਹੈ। ਫਲਾਂ ਵਿੱਚ ਕੁਝ ਵਿਟਾਮਿਨ, ਸਟਾਰਚ,ਪ੍ਰੋਟੀਨ ਤੇ ਸੈਲੂਲੋਜ ਹੁੰਦੇ ਹਨ ਜਿਸ ਕਰਕੇ ਸਾਰੇ ਫਲਾਂ ਦੇ ਸੁਆਦਾਂ ਵਿੱਚ ਕੁਝ ਅੰਤਰ ਹੁੰਦਾ ਹੈ। ਕਈ ਵਾਰੀ ਇੱਕੋ ਦਰਖੱਤ ਦੇ ਫਲਾਂ ਵਿੱਚ ਵੀ ਇਹਨਾਂ ਪਦਾਰਥਾਂ ਦੀ ਮਾਤਰਾ ਵਿੱਚ ਮਾਮੂਲੀ ਅੰਤਰ ਹੋਣ ਕਾਰਨ ਇਹਨਾਂ ਦੇ ਸੁਆਦ ਵਿੱਚ ਵੀ ਫਰਕ ਹੁੰਦਾ ਹੈ।

### ਸੰਸਾਰ ਦਾ ਸਭ ਤੋਂ ਵੱਡਾ ਤੇ ਛੋਟਾ ਫੁੱਲ ਕਿਹੜਾ ਹੈ?

ਫੁੱਲਾਂ ਦੀ ਦੁਨੀਆਂ ਬਹੁਤ ਹੀ ਅਜੀਬ ਹੈ। ਫੁੱਲ ਹਰ ਰੰਗ ਵਿੱਚ ਵੀ ਮਿਲਦੇ ਹਨ ਤੇ ਹਰ ਸ਼ਕਲ ਵਿੱਚ ਵੀ ਪ੍ਰਾਪਤ ਹੋ ਜਾਂਦੇ ਹਨ। ਤਿਤਲੀਆਂ ਤੇ ਕੁੱਤਿਆਂ ਦੇ ਮੂੰਹਾਂ ਦੀਆਂ ਸ਼ਕਲਾਂ ਵਰਗੇ ਫੁੱਲ ਤਾਂ ਉੱਤਰੀ ਭਾਰਤ ਵਿੱਚ ਵੀ ਆਮ ਲੱਭੇ ਜਾ ਸਕਦੇ ਹਨ। ਸੰਸਾਰ ਦੇ ਸਭ ਤੋਂ ਵੱਡੇ ਫੁੱਲ ਦਾ ਨਾਂ ਰਫਲੇਸੀਆ ਹੈ। ਇਹ ਮਲੇਸ਼ੀਆ ਤੇ ਇੰਡੋਨੇਸ਼ੀਆ ਦੇ ਜੰਗਲਾਂ ਵਿੱਚ ਆਮ ਹੀ ਉਪਲਬਧ ਹਨ। ਇਹ ਪਰਜੀਵ ਪੌਦੇ ਦੇ ਫੁੱਲ ਹੁੰਦੇ ਹਨ। ਜਿਹੜਾ ਦੂਸਰੇ ਦਰੱਖਤਾਂ ਦੀਆਂ ਜੜਾਂ ਵਿੱਚ ਉੱਗ ਪੈਦਾ ਨਹੀਂ ਕਰ ਸਕਦਾ। ਇਹ ਆਮ ਤੌਰ ਤੇ ਸੰਗਤਰੀ ਰੰਗ ਵਿੱਚ ਮਿਲਦਾ ਹੈ। ਇਸਦਾ ਵਿਆਸ ਲਗਭਗ ਇੱਕ ਮੀਟਰ, ਪੱਤੀਆਂ ਦੀ ਲੰਬਾਈ 1.5 ਮੀਟਰ ਤੱਕ ਹੁੰਦੀ ਹੈ। ਇਸਦਾ ਭਾਰ 10 ਕਿਲੋਗ੍ਰਾਮ ਤੱਕ ਵਧ ਸਕਦਾ ਹੈ। ਭਾਰਤ ਦੇ ਪਿੱਲੀ ਮਾਈਕਰੋਫਾਈਲਾ ਨੂੰ ਸੰਸਾਰ ਦਾ ਸਭ ਤੋਂ ਛੋਟਾ ਫੁੱਲਾ ਮੰਨਿਆ ਜਾਂਦਾ ਹੈ। ਇਸਦਾ ਵਿਆਸ 0.35 ਮਿਲੀਮੀਟਰ ਹੈ।

### ਕੀ ਇੱਕ ਪ੍ਰਕਾਰ ਦੇ ਦਰਖੱਤ ਤੋਂ ਕਿਸੇ ਦੂਸਰੀ ਪ੍ਰਕਾਰ ਦੇ ਫਲ ਪੈਦਾ ਕੀਤੇ ਜਾ ਸਕਦੇ ਹਨ?

ਜੀ ਹਾਂ ਜੇ ਅਸੀਂ ਬਾਦਾਮ ਦੇ ਬੂਟੇ ਦੀ ਇੱਕ ਟਾਹਣੀ ਕੱਟਕੇ ਉਸ ਉੱਤੇ ਆੜੂ ਦੀ ਇੱਕ ਕਲਮ ਲਾ ਦਿੰਦੇ ਹਾਂ ਤਾਂ ਬਾਦਾਮ ਦੇ ਬੂਟੇ ਦੇ ਇੱਕ ਪਾਸੇ ਆੜੂ ਤੇ ਦੂਜੇ ਪਾਸੇ ਬਾਦਾਮ ਲੱਗ ਸਕਦੇ ਹਨ। ਅਸੀਂ ਜੰਗਲੀ ਬੇਰੀ ਤੇ ਪੇਂਦੂ ਬੇਰੀ ਦੀ ਕਲਮ ਚੜ੍ਹਾ ਕੇ ਪਿੰਦੀ ਬੇਰ ਪੈਦਾ ਕੀਤੇ ਆਮ ਹੀ ਵੇਖ ਹਨ। ਅਸੀਂ ਜੰਗਲੀ ਬੇਰੀ ਤੇ ਪੇਂਦੂ ਬੇਰੀ ਦੀ ਕਲਮ ਚੜ੍ਹਾ ਕੇ ਪਿੰਦੀ ਬੇਰ ਪੈਦਾ ਕੀਤੇ ਆਮ ਹੀ ਵੇਖੇ ਹਨ। ਨਿੰਬੂ, ਸੰਗਤਰੇ, ਮਾਲਟੇ, ਕਿੰਨੂ, ਮੌਸਮੀ ਆਦਿ ਅਜਿਹੀਆਂ ਖੋਜਾਂ ਦੀ ਹੀ ਦੇਣ ਹਨ। ਉਹ ਦਿਨ ਦੂਰ ਨਹੀਂ ਜਦੋਂ ਤੁਸੀਂ ਟਮਾਟਰ ਠੋਮਅਟੋ ਤੇ ਆਲੂ ਫਅਟਅਟੋ ਦੇ ਗੁਣਾਂ ਨੂੰ ਰਲਾ ਕੇ ਉਗਾਈ ਪੋਮੇਟੋ ਫੋਮਅਟੋ ਨਾਂ ਦੀ ਸਬਜ਼ੀ ਵਿੱਚ ਵਿਕਦੀ ਵੇਖੋਗੇ।

### ਕੀ ਪੌਦੇ ਗਤੀ ਕਰ ਸਕਦੇ ਹਨ?

ਜੀ ਹਾਂ ਪੌਦੇ ਗਤੀ ਕਰਦੇ ਹਨ। ਜੇ ਤੁਸੀਂ ਸੂਰਜ ਮੁਖੀ ਦੇ ਫੁੱਲ ਨੂੰ ਵੇਖੋਂ ਤਾਂ ਤਹਾਨੂੰ ਇਹ ਸਵੇਰ ਤੋਂ ਲੈ ਕੇ ਸ਼ਾਮ ਤੱਕ ਸੂਰਜ ਵੱਲ ਆਪਣਾ ਮੂੰਹ ਘੁਮਾਉਂਦਾ ਨਜ਼ਰ ਆਵੇਗਾ। ਜੇ ਤੁਸੀਂ ਗਮਲੇ ਵਿੱਚ ਲੱਗੇ ਪੌਦੇ ਨੂੰ ਗਮਲੇ ਸਮੇਤ ਉਲਟਾ ਕਰਕੇ ਛੱਤ ਵੱਲ ਲਟਕਾ ਦੇਵੋਗੇ ਤਾਂ ਕੁਝ ਦਿਨਾਂ ਬਾਅਦ ਉਹ ਆਪਣੇ ਤਣੇ ਨੂੰ ਸੂਰਜ ਦੀ ਦਿਸ਼ਾ ਵੱਲ ਮੋੜਨਾ ਸ਼ੁਰੂ ਕਰ ਦੇਵੇਗਾ। ਸਿਲਮ ਨੋਡਜ ਨਾਂ ਦਾ ਪੌਦਾ ਅਮੀਬੇ ਦੀ ਤਰ੍ਹਾਂ ਗਤੀ ਕਰਦਾ ਹੋਇਆ ਇੱਕ ਥਾਂ ਤੋਂ ਦੂਜੀ ਥਾਂ ਤੇ ਪਹੁੰਚ ਜਾਂਦਾ ਹੈ। ਕਈ ਤਰ੍ਹਾਂ ਦੀਆਂ ਕਾਈਆਂ ਵੀ ਸਮੁੰਦਰ ਵਿੱਚ ਗਤੀ ਕਰਦੀਆਂ ਹਨ।

### ਸੂਰਜਮੁਖੀ ਸੂਰਜ ਵੱਲ ਕਿਉਂ ਮੁੜਦੀ ਹੈ?

ਕੁਝ ਪੌਦਿਆਂ ਵਿੱਚ ਆਕਜਿਨ ਨਾਂ ਦਾ ਇੱਕ ਰਸ ਪੈਦਾ ਹੁੰਦਾ ਹੈ। ਸੂਰਜ ਮੁਖੀ ਦੇ ਪੌਦੇ ਵਿੱਚ ਇਹ ਰਸ ਇੱਕ ਪਾਸੇ ਹੀ ਜਮਾਂ ਹੋ ਜਾਂਦਾ ਹੈ। ਜਿਸ ਪਾਸੇ ਇਹ ਰਸ ਹੁੰਦਾ ਹੈ ਉਸ ਪਾਸੇ ਪੌਦੇ ਦੀ ਲੰਬਾਈ ਵਿੱਚ ਵਾਧਾ ਦੂਸਰੇ ਪਾਸੇ ਦੀ ਲੰਬਾਈ ਦੇ ਮੁਕਾਬਲੇ ਵੱਧ ਹੁੰਦਾ ਹੈ। ਇਸਦੇ ਸਿੱਟੇ ਵਜੋਂ ਹੀ ਸੂਰਜ ਮੁਖੀ ਹੀ ਅਜਿਹਾ ਪੌਦਾ ਨਹੀਂ ਹੈ ਜੋ ਅਜਿਹਾ ਵਰਤਾਰਾ ਕਰਦਾ ਹੈ। ਪੌਦਿਆਂ ਦੀਆਂ ਕੁਝ ਹੋਰ ਕਿਸਮਾਂ ਵੀ ਹਨ ਜਿਹੜੀਆਂ ਅਜਿਹੇ ਦ੍ਰਿਸ਼ ਪੇਸ਼ ਕਰਦੀਆਂ ਹਨ।

### ਕਿਹੜੇ ਪੌਦੇ ਤੋਂ ਸਾਨੂੰ ਕੀ ਪ੍ਰਾਪਤ ਹੁੰਦਾ ਹੈ?

ਜੜ੍ਹਾਂ ਤੋਂ ਲੈ ਕੇ ਪੱਤਿਆਂ ਤੱਕ ਪੌਦਿਆਂ ਦੀ ਹਰ ਸਮੱਗਰੀ ਮਨੁੱਖ ਲਈ ਲਾਭਦਾਇਕ ਹੈ। ਬਹੁਤ ਸਾਰੀਆਂ ਦਵਾਈਆਂ ਤਾਂ ਮਨੁੱਖ ਨੂੰ ਪੌਦਿਆਂ ਤੋਂ ਹੀ ਪ੍ਰਾਪਤ ਹੁੰਦੀਆਂ ਹਨ। ਮਲੇਰੀਆ ਦੇ ਇਲਾਜ ਲਈ ਵਰਤੀ ਜਾਣ ਵਾਲੀ ਕੁਨੀਨ ਸਿਨਕੋਨਾ ਨਾਂ ਦੇ ਪੌਦੇ ਤੋਂ ਪ੍ਰਾਪਤ ਹੁੰਦੀ ਹੈ ਪੋਸਤ ਦੇ ਪੌਦੇ ਤੋਂ ਅਫੀਮ ਤਿਆਰ ਕੀਤੀ ਜਾਦੀ ਹੈ। ਇਹ ਦਰਦ ਨੂੰ ਘੱਟ ਕਰਨ ਵਾਲੀ ਤੇ ਨਸ਼ਾ ਦੇਣ ਵਾਲੀ ਦਵਾਈ ਹੈ ਬਹੁਤੇ ਤੇਲ ਪੌਦਿਆਂ ਤੋਂ ਹੀ ਪ੍ਰਾਪਤ ਹੁੰਦੇ ਹਨ। ਰਬੜ, ਬਰੋਜਾ, ਗੂੰਦ ਆਦਿ ਲਈ ਅਸੀਂ ਪੌਦਿਆ ਤੇ ਨਿਰਭਰ ਕਰਦੇ ਹਾਂ। ਸਾਡੀ ਪੂਰੀ ਖੁਰਾਕ ਹੀ ਪੌਦਿਆਂ ਦੁਆਰਾ ਤਿਆਰ ਕੀਤੀ ਜਾਂਦੀ ਹੈ। ਪੌਦੇ ਹਵਾ ਵਿੱਚ ਪਾਣੀ ਦੀ ਮਾਤਰਾ ਛੱਡਦੇ ਰਹਿੰਦੇ ਹਨ। ਜਿਸ ਕਾਰਣ ਧੂੰਏਂ ਦੇ ਕਣ ਭਾਰੀ ਹੋ ਜਾਂਦੇ ਹਨ ਤੇ ਧਰਤੀ ਤੇ ਡਿੱਗ ਪੈਂਦੇ ਹਨ। ਇਸ ਤਰ੍ਹਾਂ ਪੌਦੇ ਸਾਡੇ ਵਾਯੂ ਮੰਡਲ ਨੂੰ ਵੀ ਸਾਫ ਕਰਦੇ ਹਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਦੀ ਅਗਵਾਈ ਵਿਚ ਕਾਂਗਰਸ ਇਕਜੁੱਟ - ਬਿੱਟੂ

## ਬਾਵਾ ਦੀ ਅਗਵਾਈ ਹੇਠ ਜਿਲ੍ਹਾ ਕਾਂਗਰਸ ਦੇ ਨਵੇ ਬਣੇ ਅਹੁਦਾਦਾਰਾਂ ਨੂੰ ਕੀਤਾ ਸਨਮਾਨਿਤ

**ਲੁਧਿਆਣਾ (ਪ੍ਰਦੀਪ ਸਰਮਾ)–** ਜਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਦੇ ਨਵਨਿਯੁਕਤ ਅਹੁਦੇਦਾਰਾਂ ਦਾ ਹਲਕਾ ਆਤਮ ਨਗਰ ਦੇ ਇੰਚਾਰਜ ਅਤੇ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਦੀ ਅਗਵਾਈ ਹੇਠ ਸਨਮਾਨ ਕੀਤਾ ਗਿਆ। ਇਸ ਮੌਕੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਮੁੱਖ ਮਹਿਮਾਨ ਵਜੋਂ ਹਾਜਰ ਸਨ। ਅਤੇ ਜਿਲ੍ਹਾ ਕਾਂਗਰਸ ਦਿਹਾਤੀ ਦੇ ਪ੍ਰਧਾਨ ਮਲਕੀਤ ਸਿੰਘ ਦਾਖਾ, ਗੁਰਦੇਵ ਸਿੰਘ ਲਾਪਰਾਂ, ਕਾਂਗਰਸ ਸੇਵਾ ਦਲ ਦੇ ਪ੍ਰਧਾਨ ਨਿਰਮਲ ਕੈੜਾ, ਬਲਾਕ ਪ੍ਰਧਾਨ ਯਾਦਵਿੰਦਰ ਸਿੰਘ ਰਾਜੂ, ਬੀ.ਸੀ ਸੈੱਲ ਪੰਜਾਬ ਦੇ ਕਨਵੀਨਰ ਬਲਵਿੰਦਰ ਸਿੰਘ ਗੋਰਾ ਵਿਸ਼ੇਸ਼ ਤੋਰ ਤੇ ਹਾਜਰ ਹੋਏ। ਆਪਣੇ ਸੰਬੋਧਨ ਵਿਚ ਬਿੱਟੂ ਨੇ ਕਿਹਾ ਕਿ ਕਾਂਗਰਸ ਪਾਰਟੀ ਸ਼੍ਰੀਮਤੀ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਦੀ ਅਗਵਾਈ ਹੇਠ ਇੱਕਜੁੱਟ ਹੈ ਅਤੇ ਆਗਾਮੀ ਵਿਧਾਨ ਸਭਾ ਚੋਣਾਂ ਕਾਂਗਰਸ ਪਾਰਟੀ ਵੱਡੇ ਮਾਰਜਿਨ ਨਾਲ ਜਿੱਤੇਗੀ। ਉਹਨਾਂ ਕਿਹਾ ਕਿ ਕਾਂਗਰਸ ਪਾਰਟੀ ਨੇ ਹਮੇਸ਼ਾ ਹਰ ਤਰ੍ਹਾਂ ਦੇ ਹਾਲਾਤਾਂ ਵਿਚ ਲੋਕਾਂ ਦਾ ਸਾਥ ਦਿੱਤਾ ਹੈ। ਉਹਨਾਂ ਕਿਹਾ ਕਿ ਫਿਰਕਾਪ੍ਰਸਤ ਪਾਰਟੀਆ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਖਤਰਾ ਹਨ। ਇਸ ਸਮੇ ਜਿਲ੍ਹਾ ਕਾਂਗਰਸ ਕਮੇਟੀ ਦੇ ਨਵਨਿਯੁਕਤ ਅਹੁਦੇਦਾਰਾਂ ਹਰਚੰਦ ਸਿੰਘ ਧੀਰ, ਰਜਿੰਦਰ ਚੋਪੜਾ, ਚਮਨ ਲਾਲ ਸ਼ਰਮਾ, ਅਮ੍ਰਿਤਪਾਲ ਸਿੰਘ ਕਲਸੀ, ਇੰਦਰਜੀਤ ਸ਼ਰਮਾ, ਪਾਲ ਸਿੰਘ ਮਠਾੜੂ, ਮਹਿੰਦਰਪਾਲ ਸਿੰਗਲਾ, ਬਲੇਸਵਰ ਦੱਤਿਆ, ਨਰੇਸ਼ ਜੈਨ, ਸੁਰਿੰਦਰ ਸਿੰਘ ਚੇਤ ਨਗਰ, ਵਿਪਨ ਸਿੰਗਲਾ (ਸਾਰੇ ਮੀਤ ਪ੍ਰਧਾਨ) ਰੇਸ਼ਮ ਸਿੰਘ ਸੱਗੂ, ਕੁਲਵਿੰਦਰ ਸਿੰਘ ਸਰਪੰਚ, ਮਨਜੀਤ ਸਿੰਘ ਠੇਕੇਦਾਰ, ਤਿਲਕ ਰਾਜ ਸੋਨੂੰ, ਲਖਵਿੰਦਰ ਸਿੰਘ ਲਾਲੀ, ਪਰਮਜੀਤ ਸਿੰਘ ਚੱਕੀ ਵਾਲਾ, ਸੁੱਚਾ ਸਿੰਘ ਲਾਲਕਾ, ਯੁੱਧਿਆ ਸਾਗਰ ਘੁੱਕ, ਰੁਪਿੰਦਰ ਰਿੰਕੂ, ਸੁਨੀਲ ਕੁਮਾਰ ਮੱਖਣ, ਅਮਰਜੀਤ ਸ਼ਰਮਾ (ਸਾਰੇ ਜਨ. ਸਕੱਤਰ), ਵਿਜੇ ਸ਼ਰਮਾ, ਜਗਦੀਪ ਸਿੰਘ ਰਿੰਕੂ, ਕਮਲਜੀਤ ਸਿੰਘ ਘੰਡਿਆਲ, ਅਜੇ ਗੋਸਵਾਮੀ (ਸਾਰੇ ਸਕੱਤਰ) ਨੂੰ ਸਨਮਾਨਿਤ ਕਰਦੇ ਹੋਏ ਬਿੱਟੂ ਅਤੇ ਬਾਵਾ ਨੇ ਕਿਹਾ ਕਿ ਨਿਯੁਕਤੀ ਪੱਤਰ ਅਹੁਦੇਦਾਰਾਂ ਅਤੇ ਵਰਕਰਾਂ ਨੂੰ ਜਿੰਮੇਵਾਰੀ ਦਾ ਅਹਿਸਾਸ ਦਿਵਾਉਂਦਾ ਹੈ ਜਿਸ ਨੂੰ ਕਾਂਗਰਸ ਪਾਰਟੀ ਦੇ ਵਰਕਰ ਚੰਗੀ ਤਰ੍ਹਾਂ ਸਮਝਦੇ ਹਨ । ਇਸ ਸਮੇ ਬਿੱਟੂ ਨੇ ਕਿਹਾ ਕਿ ਬਾਵਾ ਜੀ ਹਲਕਾ ਆਤਮ ਨਗਰ ਦੀ ਲੰਬੇ ਸਮੇ ਤੋਂ ਸੇਵਾ ਕਰ ਰਹੇ ਹਨ ਅਤੇ ਇਹਨਾਂ ਦੀ ਕੁਰਬਾਨੀ ਲਾਮਿਸਾਲ ਹੈ । ਇਸ ਸਮੇ ਬਾਵਾ ਅਤੇ ਦਾਖਾ ਨੇ ਸ.ਬਿੱਟੂ ਦਾ ਅਤੇ ਜਿਲ੍ਹਾ ਕਾਂਗਰਸ ਕਮੇਟੀ ਪ੍ਰਧਾਨ ਗੁਰਪ੍ਰੀਤ ਗੋਗੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹਨਾਂ ਨੇ ਹਲਕਾ ਆਤਮ ਨਗਰ ਨੂੰ ਇੱਕ ਚੰਗੀ ਟੀਮ ਦਿੰਦੇ ਹੋਏ ਪਾਰਟੀ ਨੂੰ ਸੁਰਜੀਤ ਕੀਤਾ ਹੈ। ਬਾਵਾ ਨੇ ਕਿਹਾ ਕਿ ਆਤਮ ਨਗਰ ਅੰਦਰ ਕੁਝ ਹੋਰ ਸੀਨੀਅਰ ਕਾਂਗਰਸਆ ਨੂੰ ਜਿਲ੍ਹਾ ਕਾਂਗਰਸ ਕਮੇਟੀ ਅੰਦਰ ਅਹੁਦੇ ਦੇ ਕੇ ਪਾਰਟੀ ਨੂੰ ਨਵੀਆ ਉਚਾਈਆ ਤੇ ਪਹੁੰਚਾਇਆ ਜਾਵੇਗਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਵਾਰਡ ਪ੍ਰਧਾਨ ਯਸ਼ਪਾਲ ਸ਼ਰਮਾ, ਵਿਜੇ ਮਾਰਕੰਡਾ, ਗੁਰਚਨ ਸਿੰਘ ਰਾਜੜ, ਤਰਸੇਮ ਬਾਂਸਲ, ਅਸ਼ੋਕ ਗੋਇਲ, ਰਾਜ ਗਰਗ, ਜਸਪਾਲ ਕਪੂਰ, ਜੀਵਨ ਕੁਮਾਰ, ਜੇ.ਪੀ ਸੂਦ, ਸ਼ਿਵਾ, ਕਾਬਲ ਸਿੰਘ ਸੱਗੂ, ਰਮੇਸ਼ ਸਿੰਗਲਾ, ਰੁਪਿੰਦਰ ਟੋਂਨੀ, ਵਿਨੇ ਚੋਪੜਾ, ਨਿਤਿਨ ਕਪੂਰ, ਸੰਜੀਵ ਕੁਮਾਰ ਗੋਲਡੀ, ਰਾਜਵੀਰ ਸਿੰਘ, ਇੰਦਰਜੀਤ ਸਿੰਘ ਸੱਗੂ, ਕੁਲਵਿੰਦਰ ਸਿੰਘ, ਅਤੁਲ ਮਿਸ਼ਰਾ, ਹੰਸਰਾਜ, ਰਜਿੰਦਰ ਸਿੰਘ, ਵਰਿੰਦਰ ਸਿੰਘ, ਜਸਤਿੰਦਰ, ਸੰਦੀਪ ਪਵਾਰ, ਜਤਿਨ, ਆਂਚਲ, ਨਰਿੰਦਰ ਸ਼ਰਮਾ, ਰਾਮ ਦਾਸ, ਦਲੀਪ ਸਿੰਘ, ਇੰਦਰਪਾਲ ਸਿੰਘ ਜੰਡੂ ਮੁਹੰਮਦ ਕਾਸਿਫ ਸਮੇਤ ਵੱਡੀ ਗਿਣਤੀ ਵਿਚ ਵਰਕਰ ਅਤੇ ਅਹੁਦੇਦਾਰ ਹਾਜਰ ਸਨ।



# ਗੁਰੂਸਰ ਸੁਧਾਰ ਦੀਆਂ ਵਿਦਿਅਕ ਸੰਸਥਾਵਾ ਦੇ ਬਾਨੀ ਨਿਹੰਗ ਬਾਬਾ ਸਮਸ਼ੇਰ ਸਿੰਘ ਜੀ ਦੀ ਬਰਸੀ 29 ਮਾਰਚ ਨੂੰ ਫਰਿਜ਼ਨੋ ਵਿਖੇ ਮਨਾਈ ਜਾਵੇਗੀ

**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਐਕਸ਼ ਸਟੂਡੈਂਟ ਐਸ਼ੋਸ਼ੀਏਸ਼ਨ ਜੀ. ਐਚ. ਜੀ. ਖਾਲਸ਼ਾ ਕਾਲਜ਼ ਦੇ ਵਿਦਿਆਰਥੀਆਂ ਦੀ ਇਕ ਵਿਸ਼ੇਸ਼ ਮੀਟਿੰਗ ਫਰਿਜ਼ਨੋ ਵਿਖੇ ਹੋਈ। ਜਿਸ ਵਿੱਚ ਫੈਸਲਾ ਕੀਤਾ ਗਿਆ ਕਿ ਪੰਜਾਬ ਦੀ ਧਰਤੀ ਦੇ ਜਿਲ੍ਹਾ ਲੁਧਿਆਣਾ ਦੇ ਇਤਿਹਾਸਕ ਪਿੰਡ ਗੁਰੂਸਰ ਸੁਧਾਰ ਦੀਆਂ "ਗੁਰੂ ਹਰਗੋਬਿੰਦ ਸਾਹਿਬ ਜੀ" (ਜੀ. ਐਚ. ਜੀ. ਖਾਲਸਾ ਕਾਲਜ਼ ਅਤੇ ਹੋਰ ਅਦਾਰੇ) ਦੇ ਨਾਂ ਹੇਠ ਚਲ ਰਹੀਆਂ ਸਮੂੰਹ ਵਿਦਿਅਕ ਸੰਸਥਾਵਾ ਦੇ ਬਾਨੀ ਨਿਹੰਗ ਬਾਬਾ ਸਮਸੇਰ ਸਿੰਘ ਬ੍ਰਹਮ ਗਿਆਨੀ ਜੀ ਦੀ ਸਲਾਨਾ ਬਰਸੀ ਇਸ ਸਾਲ 29 ਮਰਚ ਦਿਨ ਐਤਵਾਰ ਨੂੰ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਮਨਾਈ ਜਾਵੇਗੀ। ਜਿਸ ਦੌਰਾਨ 27 ਮਾਰਚ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਹੋਣਗੇ ਅਤੇ 28 ਮਾਰਚ ਨੂੰ ਪਾਠ ਦੇ ਭੋਗ ਉਪਰੰਤ ਵਿਸ਼ੇਸ਼ ਗੁਰਮਤਿ ਸਮਾਗਮ ਹੋਵੇਗਾ। ਜਿਸ ਵਿੱਚ ਗੁਰੂਘਰ ਦੇ ਹਜ਼ੂਰੀ ਜੱਥੇ ਤੋਂ ਇਲਾਵਾ ਹੋਰ ਬਹੁਤ ਸਾਰੇ ਗੁਰੂਸ਼ਰ ਸੁਧਾਰ ਦੀਆਂ ਵਿਦਿਅਕ ਸੰਸਥਾਵਾ ਨਾਲ ਸੰਬੰਧਤ ਬੁਲਾਰੇ ਅਤੇ ਬੁੱਧੀਜੀਵੀ ਹਾਜ਼ਰੀਆਂ ਭਰਨਗੇ। ਇਸ ਸੰਬੰਧੀ ਹੋਰ ਜਾਣਕਾਰੀ ਲੈਣ ਲਈ ਗੋਗੀ ਗਿੱਲ (559) 347-8983, ਸਤਵੰਤ ਵਿਰਕ (559) 989-3361 ਜਾਂ ਜੱਗਾ ਗਿੱਲ ਸੁਧਾਰ (559) 709-9599 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਗੁਰੂ ਦਾ ਲੰਗਰ ਤਿੰਨੇ ਦਿਨ ਅਤੁੱਟ ਵਰਵੇਗਾ। ਸਮੂੰਹ ਸੰਗਤਾਂ ਨੂੰ ਇਸ ਪ੍ਰੋਗਰਾਮ ਵਿੱਚ ਹਾਜ਼ਰੀਆਂ ਭਰਨ ਲਈ ਪ੍ਰਬੰਧਕਾ ਵੱਲੋਂ ਅਪੀਲ ਕੀਤੀ ਜਾਂਦੀ ਹੈ।




# ਲੁਧਿਆਣਾ ਵਿਖੇ ਦੋ ਦਿਨਾਂ ਕਿਸਾਨ ਮੇਲਾ 20 ਮਾਰਚ ਨੂੰ ਆਯੋਜਿਤ

**ਲੁਧਿਆਣਾ (ਪ੍ਰਦੀਪ ਸਰਮਾ)–** ਖੇਤੀਬਾੜੀ ਵਿਭਾਗ ਪੰਜਾਬ ਵਲੋ 20 ਅਤੇ 21 ਮਾਰਚ 2015 ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਖੇ ਕਿਸਾਨ ਮੇਲਾ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਗੱਲ ਦੀ ਜਾਣਕਾਰੀ ਦਿੰਦਿਆਂ ਅੱਜ ਇਥੇ ਡਾ: ਮੰਗਲ ਸਿੰਘ ਸੰਧੂ, ਡਾਇਰੈਕਟਰ, ਖੇਤੀਬਾੜੀ ਵਿਭਾਗ, ਪੰਜਾਬ ਨੇ ਦੱਸਿਆ ਕਿ ਸਰਕਾਰ ਹਾੜੀ ਅਤੇ ਸਾਉਣ ਸੀਜਨ ਦੌਰਾਨ ਘੱਟੋ ਘੱਟ ਇੱਕ ਇੱਕ ਕਿਸਾਨ ਮੇਲਾ ਆਯੋਜਿਤ ਕਰਨ ਲਈ ਉਪਰਲੇ ਕੀਤੇ ਜਾਣਗੇ। ਇਨਾ ਮੇਲਿਆਂ ਦਾ ਮੁੱਖ ਮੰਤਵ ਵਿਸ਼ੇਸ਼ ਕਰਕੇ ਦੂਰ ਦੁਰਾਡੇ ਖੇਤਰਾਂ ਦੇ ਯੁਵਕਾਂ ਨੂੰ ਖੇਤੀਬਾੜੀ ਵਿੱਚ ਨਵੀਆਂ ਤਕਨੀਕਾਂ ਅਪਣਾਉਣ ਤੇ ਜੋਰ ਦਿੱਤਾ ਜਾਵੇਗਾ। ਉਨਾਂ ਦੱਸਿਆ ਕਿ ਖੇਤੀਬਾੜੀ ਵਿਭਾਗ 25 ਮਾਰਚ, 2015 ਨੂੰ ਰੀਜਨਲ ਰਿਸਰਚ ਸੈਂਟਰ ਗੁਰਦਾਸਪੁਰ ਵਿਖੇ ਅਤੇ ਰੀਜਨਲ ਰਿਸਰਚ ਸੈਂਟਰ ਬਠਿੰਡਾਂ ਵਿਖੇ 27 ਮਾਰਚ 2015 ਨੂੰ ਕਿਸਾਨ ਮੇਲਾ ਆਯੋਜਿਤ ਕਰਵਾਏਗਾ।

# ਪੰਜਾਬੀ ਕਲਚਰਲ ਕੌਂਸਲ ਵੱਲੋਂ ਅਟਵਾਲ ਦੇ ਪੰਜਾਬੀ ਸਬੰਧੀ ਸਟੈਂਡ ਦੀ ਸ਼ਲਾਘਾ

**ਚੰਡੀਗੜ 16 ਮਾਰਚ–**ਪੰਜਾਬੀ ਕਲਚਰਲ ਕੌਂਸਲ ਨੇ ਅੱਜ ਇੱਕ ਬਿਆਨ ਰਾਹੀਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰੀ ਚਰਨਜੀਤ ਸਿੰਘ ਅਟਵਾਲ ਵੱਲੋਂ ਸਮੂਹ ਵਿਧਾਇਕਾਂ ਨੂੰ ਵਿਧਾਨ ਸਭਾ ਦੀ ਕਾਰਵਾਈ ਦੌਰਾਨ ਸਿਰਫ਼ ਪੰਜਾਬੀ ਭਾਸ਼ਾ ਵਿੱਚ ਹੀ ਮੁੱਦੇ ਉਠਾਉਣ ਅਤੇ ਕੰਮ-ਕਾਜ ਚਲਾਉਣ ਸਬੰਧੀ ਦਿੱਤੇ ਆਦੇਸ਼ ਦਾ ਭਰਵਾਂ ਸਵਾਗਤ ਕਰਦਿਆਂ ਸ੍ਰੀ ਅਟਵਾਲ ਨੂੰ ਅਪੀਲ ਕੀਤੀ ਹੈ ਕਿ ਪੰਜ ਸਾਲ ਪਹਿਲਾਂ 16 ਮਾਰਚ 2010 ਨੂੰ ਪੰਜਾਬ ਵਿਧਾਨ ਸਭਾ ਵੱਲੋਂ ਕੇਂਦਰੀ ਸ਼ਾਸ਼ਤ ਪ੍ਰਦੇਸ ਚੰਡੀਗੜ ਵਿੱਚ ਪੰਜਾਬੀ ਭਾਸ਼ਾ ਨੂੰ ਪੂਰਨ ਰੂਪ ਵਿੱਚ ਲਾਗੂ ਕਰਵਾਉਣ ਲਈ ਸਰਵਸੰਮਤੀ ਨਾਲ ਪਾਸ ਕੀਤੇ ਮਤੇ ਨੂੰ ਲਾਗੂ ਕਰਵਾਉਣ ਲਈ ਚੰਡੀਗੜ ਦੇ ਪ੍ਰਸਾਸ਼ਕ ਅਤੇ ਪ੍ਰਸਾਸ਼ਨ ਨੂੰ ਹਦਾਇਤ ਕਰਨ। ਇਸ ਸਬੰਧੀ ਇੱਕ ਬਿਆਨ ਵਿੱਚ ਪੰਜਾਬੀ ਕਲਚਰਲ ਕੌਂਸਲ ਦੇ ਚੇਅਰਮੈਨ ਜਸਵੰਤ ਸਿੰਘ ਛਾਪਾ ਅਤੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਨੇ ਸਪੀਕਰ ਸ੍ਰੀ ਅਟਵਾਲ ਨੂੰ ਇਹ ਵੀ ਅਪੀਲ ਕੀਤੀ ਹੈ ਕਿ ਉਹ ਪੰਜਾਬ ਵਿਧਾਨ ਸਭਾ ਦਾ ਸਮੁੱਚਾ ਕੰਮ-ਕਾਜ ਮਾਂ-ਬੋਲੀ ਪੰਜਾਬੀ ਵਿੱਚ ਹੀ ਕਰਵਾਉਣਾ ਯਕੀਨੀ ਬਣਾਉਣ ਅਤੇ ਚੰਡੀਗੜ ਵਿੱਚ ਪੰਜਾਬੀ ਭਾਸ਼ਾ ਨੂੰ ਪੂਰਨ ਰੂਪ ਵਿੱਚ ਲਾਗੂ ਕਰਵਾਉਣ ਲਈ ਪੰਜਾਬ ਵਿਧਾਨ ਸਭਾ ਦੇ ਮਤੇ ਨੂੰ ਲਾਗੂ ਕਰਵਾਉਣ ਲਈ ਚਾਰਾਜੋਈ ਕਰਨ।






# ਮੋਹ ਅਤੇ ਨਮੀਂ ਭਿੱਜੀਆਂ ਸੇਜ਼ਲ ਅੱਖਾਂ ਨਾਲ ਦਿੱਤੀ ਗੋਲਡੀ ਬਦੇਸ਼ਾ ਨੂੰ ਦਿੱਤੀ ਆਖਰੀ ਵਿਦਾਇਗੀ

## 'ਖੇਡ ਜਗਤ ਦਾ ਇਕ ਹੋਰ ਸਿਤਾਰਾ ਅਲੋਪ'

**ਫਰਿਜ਼ਨੋ (ਕੁਲਵੰਤ ਉੱਭੀ ਧਾਲੀਆਂ / ਨੀਟਾ ਮਾਛੀਕੇ):** ਸੈਂਟਰਲ ਵੈਲੀ ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਕਰਮਨ ਦੇ ਵਸਨੀਕ ਕਬੱਡੀ ਖਿਡਾਰੀ ਗੁਰਪ੍ਰੀਤ ਸਿੰਘ ਬਦੇਸ਼ਾ (ਗੋਲਡੀ




ਬਦੇਸ਼ਾ) ਬੀਤੇ ਦਿਨੀ ਅਚਾਨਕ ਸ਼ਾਹ ਰੁਕਣ ਕਰਕੇ ਅਕਾਲ ਚਲਾਣਾ ਕਰ ਗਏ ਸਨ। ਉਹ ਅਜੇ ਭਰ ਜਵਾਨੀ ਵਿੱਚ 30 ਸਾਲ ਦੇ ਸਨ। ਉਨ੍ਹਾਂ ਦਾ ਅੰਤਮ ਸੰਸਕਾਰ ਟੈਂਕੂਲਰ ਫਿਊਨਰਲ ਚੈਪਲ ਫਰਿਜ਼ਨੋ, ਕੈਲੀਫੋਰਨੀਆਂ ਵਿਖੇ ਕੀਤਾ ਗਿਆ।

ਉਨ੍ਹਾਂ ਦੀ ਬੇਵਕਤ ਮੌਤ 'ਤੇ ਦੁੱਖ ਦਾ ਪ੍ਰਗਟਾ ਕਰਨ ਲਈ ਜਿੱਥੇ ਰਿਸ਼ਤੇਦਾਰ ਅਤੇ ਮਿੱਤਰਾਂ ਤੋਂ ਇਲਾਵਾ ਇਲਾਕੇ ਭਰ ਦੀਆਂ ਸਮੂੰਹ ਜੱਥੇਬੰਦੀਆਂ ਨੇ ਸਰਧਾ ਦੇ ਫੁੱਲ ਭੇਟ ਕੀਤੇ। ਇਸ ਤੋਂ ਇਲਾਵਾ ਖੇਡ ਜਗਤ ਨਾਲ ਸਬੰਧਤ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਨੇ ਆਪਣੇ ਮਹਿਬੂਬ ਖਿਡਾਰੀ ਨੂੰ ਮੋਹ ਪਿਆਰ ਦਾ ਇੰਜ਼ਹਾਰ ਕਰਦੇ ਹੋਏ ਨਮੀਂ ਭਰੀਆਂ ਸੇਜ਼ਲ ਅੱਖਾਂ ਨਾਲ ਆਖਰੀ ਵਿਦਾਇਗੀ ਦਿੱਤੀ।

ਇਸ ਸਮੇਂ ਦੁੱਖ ਸਾਂਝਾ ਕਰਨ ਆਏ ਸੈਕੜਿਆਂ ਦੀ ਗਿਣਤੀ ਵਾਲੇ ਭਾਰੀ ਇਕੱਠ ਵਿੱਚ ਉਨ੍ਹਾਂ ਦਾ ਪਿਆਰ ਝਲਕ ਰਿਹਾ ਸੀ। ਇਸ ਉਪਰੰਤ ਅੰਤਮ ਅਰਦਾਸ ਅਤੇ ਸਰਧਾਜ਼ਲੀਆਂ ਗੁਰਦੁਆਰਾ 'ਅਨੰਦਗੜ ਸਾਹਿਬ' ਕਰਮਨ ਵਿਖੇ ਹੋਈਆਂ। ਜਿੱਥੇ ਸਰਧਾਜ਼ਲੀ ਦੇਣ ਵਾਲੇ ਪ੍ਰਮੁੱਖ ਬੁਲਾਰਿਆ ਵਿੱਚ ਗੁਰੂਘਰ ਦੇ ਸਕੱਤਰ ਸ. ਕੁਲਦੀਪ ਸਿੰਘ ਕਾਲੇਕਾ ਅਤੇ ਸ. ਬਲਰਾਜ਼ ਸਿੰਘ ਬਰਾੜ ਨੇ ਸਵ: ਗੋਲਡੀ ਦੀ ਜ਼ਿੰਦਗੀ ਬਾਰੇ ਵਿਚਾਰਾ ਸਾਝੀਆਂ ਕੀਤੀਆਂ। ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵਿੱਚ ਉਹ ਆਪਣੇ ਮਾਤਾ, ਪਿਤਾ, ਇੱਕ ਛੋਟੀ ਭੈਣ ਅਤੇ ਆਪਣੀ ਹਮਸਫਰ ਪਤਨੀ ਨੂੰ ਪਿਛੇ ਛੱਡ ਗਏ ਹਨ।

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਸਵ: ਗੋਲਡੀ ਨੇ ਬਹੁਤ ਵਾਰ ਫਰਿਜ਼ਨੋ ਇਲਾਕੇ ਦੀ ਟੀਮ ਵਿੱਚ ਆਪਣੀ ਖੇਡ ਦਾ ਵਧੀਆਂ ਪ੍ਰਦਰਸ਼ਨ ਵੀ ਕੀਤਾ। ਇਸ ਤੋਂ ਇਲਾਵਾ ਉਹ ਮਿਲਣਸਾਰ ਅਤੇ ਚੰਗੀ ਸਖਸੀਅਤ ਦੇ ਮਾਲਕ ਸਨ। ਇਨ੍ਹਾਂ ਦੇ ਪਿਤਾ ਸ. ਮਲਕੀਤ ਸਿੰਘ ਬਦੇਸ਼ਾ ਵੀ ਇਲਾਕੇ ਵਿੱਚ ਵੱਖ-ਵੱਖ ਟੂਰਨਾਂਮੈਂਟ ਕਰਵਾਉਣ।

ਵਾਲੇ ਮੋਢੀ ਮੈਂਬਰਾਂ ਅਤੇ ਰੀਅਲ ਸਟੇਟ ਦਾ ਕਾਰੋਵਾਰ ਹੋਣ ਕਰਕੇ ਇਕ ਪਹਿਚਾਣੀ ਹੋਈ ਸਖਸੀਅਤ ਹਨ। ਉਨ੍ਹਾਂ ਦਾ ਪਿਛਲਾ ਪਿੰਡ ਚੌਕੀਮਾਨ ਜਿਲ੍ਹਾਂ ਲੁਧਿਆਣਾ ਪੰਜਾਬ ਹੈ। ਸਵ: ਗੁਰਪ੍ਰੀਤ ਗੋਲਡੀ ਦੀ ਅਚਨਚੇਤ ਬੇਵਕਤੀ ਮੌਤ ਨਾਲ ਪਰਿਵਾਰ ਅਤੇ ਖੇਡ ਜਗਤ ਨੂੰ ਪਿਆ ਘਾਟਾ ਕਦੇ ਵੀ ਪੂਰਾ ਨਹੀਂ ਹੋਵੇਗਾ। ਪਰ ਆਪਣੇ ਨਿੱਘੇ ਸੁਭਾਅ ਅਤੇ ਗੁਣਾ ਕਰਕੇ ਉਹ ਹਮੇਸਾ ਸਭ ਦੀਆਂ ਯਾਦਾ ਵਿੱਚ ਜੀਵਤ ਰਹਿਣਗੇ।

# ਦਿੱਲੀ 'ਚ ਨੌਜਵਾਨਾਂ ਨੂੰ ਵਿਰਾਸਤ ਨਾਲ ਜੋੜਨ ਲਈ ਗੱਤਕੇ ਨੂੰ ਪ੍ਰਫੁੱਲਤ ਕੀਤਾ ਜਾਵੇਗਾ-ਰਾਣਾ

## ਗੱਤਕਾ ਖੇਡ ਨੂੰ ਗ੍ਰੇਡੇਸ਼ਨ ਦੇ ਕੇ ਮਾਨਤਾ ਦੇਣ ਲਈ ਪੰਜਾਬ ਸਰਕਾਰ ਦਾ ਧੰਨਵਾਦ

**ਨਵੀਂ ਦਿੱਲੀ–** ਗੱਤਕਾ ਫ਼ੈਡਰੇਸ਼ਨ ਆਫ ਇੰਡੀਆ ਵੱਲੋਂ ਪੁਰਾਤਨ ਸਿੱਖ ਸ਼ਸ਼ਤਰ ਵਿੱਦਿਆ ਗੱਤਕੇ ਨੂੰ ਵਿਰਾਸਤ ਅਤੇ ਮਾਨਤਾਪ੍ਰਾਪਤ ਖੇਡ ਵਜੋਂ ਪ੍ਰਫੁੱਲਤ ਕਰਨ ਲਈ ਆਰੰਭੇ ਯਤਨਾਂ ਤਹਿਤ ਦਿੱਲੀ ਗੱਤਕਾ ਐਸੋਸੀਏਸ਼ਨ ਵੱਲੋਂ ਰਾਜਧਾਨੀ ਵਿੱਚ ਵਿਰਸਾ ਸੰਭਾਲ ਗੱਤਕਾ ਮੁਕਾਬਲੇ ਕਰਵਾਏ ਜਾਣਗੇ ਅਤੇ ਨੌਜਵਾਨਾਂ ਨੂੰ ਗੱਤਕਾ ਖੇਡ ਦੀ ਮੁਫ਼ਤ ਸਿਖਲਾਈ ਵੀ ਦਿੱਤੀ ਜਾਵੇਗੀ ਤਾਂ ਜੋ ਗੱਤਕੇ ਨੂੰ ਅਮੀਰ ਵਿਰਸੇ ਪੱਖੋਂ ਅਤੇ ਖੇਡ ਦੇ ਤੌਰ 'ਤੇ ਵਿਕਸਤ ਕਰਦਿਆਂ ਇਸ ਦੀ ਮਕਬੂਲੀਅਤ ਵਿੱਚ ਹੋਰ ਵਾਧਾ ਕੀਤਾ ਜਾ ਸਕੇ। ਅੱਜ ਇੱਥੇ ਇਹ ਜਾਣਕਾਰੀ ਗੱਤਕਾ ਫ਼ੈਡਰੇਸ਼ਨ ਦੇ ਜਨਰਲ ਸਕੱਤਰ ਸ੍ਰੀ ਹਰਜੀਤ ਸਿੰਘ ਗਰੇਵਾਲ ਅਤੇ ਦਿੱਲੀ ਗੱਤਕਾ ਐਸੋਸੀਏਸ਼ਨ ਦੇ ਪ੍ਰਧਾਨ ਸ: ਪਰਮਜੀਤ ਸਿੰਘ ਰਾਣਾ ਨੇ ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਮਨਜੀਤ ਸਿੰਘ ਜੀ.ਕੇ. ਨਾਲ ਮੁਲਾਕਾਤ ਉਪਰੰਤ ਦਿੱਤੀ। ਸ੍ਰੀ ਜੀ.ਕੇ. ਨੇ ਦਾਅਵਾ ਕੀਤਾ ਕਿ ਦੇਸ਼ ਵਿੱਚ ਅੱਜ ਜਿਸ ਮੁਕਾਮ 'ਤੇ ਗੱਤਕਾ ਖੇਡ ਪਹੁੰਚ ਚੁੱਕੀ ਹੈ ਉਸ ਤੋਂ ਇਹ ਯਕੀਨ ਹੋਰ ਪੱਕਾ ਹੋ ਗਿਆ ਹੈ ਕਿ ਇਹ ਮਾਣਮੱਤੀ ਖੇਡ ਕੌਮਾਂਤਰੀ ਪੱਧਰ 'ਤੇ ਜ਼ਰੂਰ ਵੱਡੀ ਮਕਬੂਲੀਅਤ ਹਾਸਲ ਕਰੇਗੀ। ਉਨਾਂ ਕਿਹਾ ਕਿ ਪੰਜਾਬ ਸਰਕਾਰ ਨੇ ਮਾਣਮੱਤੀ ਵਿਰਸਾਤੀ ਖੇਡ ਗੱਤਕਾ ਨੂੰ ਮਾਨਤਾਪ੍ਰਾਪਤ ਖੇਡਾਂ ਦੀ ਸੂਚੀ ਵਿੱਚ ਸ਼ਾਮਲ ਕਰਕੇ ਖਿਡਾਰੀਆਂ ਦੀ ਚਿਰੋਕਣੀ ਮੰਗ ਨੂੰ ਪੂਰਾ ਕੀਤਾ ਹੈ ਇਹ ਰੁਤਬਾ ਪ੍ਰਦਾਨ ਕਰਨ ਲਈ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਸਮੇਤ ਸੰਸਦ ਮੈਂਬਰ ਅਤੇ ਵਿਸ਼ਵ ਗੱਤਕਾ ਫ਼ੈਡਰੇਸ਼ਨ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਵਧਾਈ ਦੇ ਹੱਕਦਾਰ ਹਨ।

ਪੰਜਾਬ ਸਰਕਾਰ ਦੇ ਇਸ ਫੈਸਲੇ ਦਾ ਪੁਰਜ਼ੋਰ ਸਵਾਗਤ ਕਰਦਿਆਂ ਸ੍ਰੀ ਰਾਣਾ ਅਤੇ ਸ੍ਰੀ ਗਰੇਵਾਲ ਨੇ ਕਿਹਾ ਕਿ ਗੱਤਕੇ ਨੂੰ ਗ੍ਰੇਡੇਸ਼ਨ ਸੂਚੀ ਵਿੱਚ ਸ਼ਾਮਲ ਕਰਨ ਨਾਲ ਹੁਣ ਗੱਤਕਾ ਖਿਡਾਰੀ ਵੀ ਹੋਰਨਾਂ ਖਿਡਾਰੀਆਂ ਵਾਂਗ ਸਹੂਲਤਾਂ ਪ੍ਰਾਪਤ ਕਰ ਸਕਣਗੇ ਅਤੇ ਵੱਖ-ਵੱਖ ਕੋਰਸਾਂK ਦਾਖਲਿਆਂ ਅਤੇ ਨੌਕਰੀਆਂ ਵਿੱਚ ਮਿਲਦੇ 3 ਫੀਸਦ ਰਾਖਵਾਂਕਰਨ ਦਾ ਲਾਹਾ ਵੀ ਲੈ ਸਕਣਗੇ।

ਉਨਾਂ ਦੱਸਿਆ ਕਿ ਗੱਤਕਾ ਫ਼ੈਡਰੇਸ਼ਨ ਦੀ ਪ੍ਰਵਾਨਿਤ ਨਿਯਮਾਂਵਲੀ ਤਹਿਤ ਇਹ ਗੱਤਕਾ ਸਿਖਲਾਈ ਦੇ ਪ੍ਰਬੰਧਾਂ ਅਤੇ ਵਿਰਸਾ ਸੰਭਾਲ ਮੁਕਾਬਲੇ ਕਰਵਾਉਣ ਲਈ ਰੂਪ-ਰੇਖਾ ਉਲੀਕਣ ਸਬੰਧੀ ਇੱਕ ਵਿਸ਼ੇਸ਼ ਮੀਟਿੰਗ ਜਲਦ ਹੀ ਇਤਿਹਾਸਕ ਗੁਰਦਵਾਰਾ ਰਕਾਬ ਗੰਜ ਸਾਹਿਬ ਵਿਖੇ ਸੱਦੀ ਜਾ ਰਹੀ ਹੈ ਜਿਸ ਵਿੱਚ ਗੱਤਕਾ ਫ਼ੈਡਰੇਸ਼ਨ ਸਮੇਤ ਦਿੱਲੀ ਗੱਤਕਾ ਐਸੋਸੀਏਸ਼ਨ ਦੇ ਸਮੂਹ ਆਹੁਦੇਦਾਰ ਅਤੇ ਦਿੱਲੀ ਦੇ ਗੱਤਕਾ ਅਖਾੜਿਆਂ ਦੇ ਮੁਖੀ ਭਾਗ ਲੈਣਗੇ। ਸ੍ਰੀ ਰਾਣਾ ਨੇ ਦੱਸਿਆ ਕਿ ਗੱਤਕੇ ਦੀ ਸਦੀਵੀਂ ਵਿਰਾਸਤੀ ਸੰਭਾਲ ਅਤੇ ਇਸ ਦੇ ਵਧੇਰੇ ਪ੍ਰਚਾਰ-ਪਸਾਰ ਲਈ ਦਿੱਲੀ ਗੱਤਕਾ ਐਸੋਸੀਏਸ਼ਨ ਵੱਲੋਂ ਵਿਰਸਾ ਸੰਭਾਲ ਵਿੰਗ ਦਾ ਗਠਨ ਵੀ ਕੀਤਾ ਜਾਵੇਗਾ ਜੋ ਵਿਰਸਾ ਸੰਭਾਲ ਮੁਕਾਬਲਿਆਂ ਦਾ ਪ੍ਰੋਗਰਾਮ ਉਲੀਕੇਗਾ ਤਾਂ ਜੋ ਨੌਜਵਾਨਾਂ ਦੀ ਸ਼ਕਤੀ ਨੂੰ ਲਾਮਬੰਦ ਕਰਕੇ ਉਨਾਂ ਨੂੰ ਆਪਣੀ ਅਮੀਰ ਵਿਰਾਸਤ ਅਤੇ ਸੱਭਿਆਚਾਰ ਨਾਲ ਜੋੜਦੇ ਹੋਏ ਸਮਾਜਿਕ ਕੁਰੀਤੀਆਂ ਅਤੇ ਨਸ਼ਿਆਂ ਵਰਗੀਆਂ ਮਾੜੀਆਂ ਅਲਾਮਤਾਂ ਤੋਂ ਦੂਰ ਰੱਖਿਆ ਜਾ ਸਕੇ।

ਸ੍ਰੀ ਰਾਣਾ ਨੇ ਆਖਿਆ ਕਿ ਦਿੱਲੀ ਗੱਤਕਾ ਐਸੋਸੀਏਸ਼ਨ ਵੱਲੋਂ ਰਾਜਧਾਨੀ ਵਿੱਚ ਚੱਲ ਰਹੇ ਗੱਤਕਾ ਅਖਾੜਿਆਂ ਦੀ ਪ੍ਰਫੁੱਲਤਾ ਲਈ ਵੱਡੇ ਯਤਨ ਕੀਤੇ ਜਾਣਗੇ। ਉਨਾਂ ਸਮੂਹ ਗੱਤਕਾ ਅਖਾੜਿਆਂ ਦੇ ਮੁਖੀਆਂ ਨੂੰ ਆਖਿਆ ਕਿ ਉਹ ਇਨਾਂ ਵਿਰਸਾ ਸੰਭਾਲ ਗੱਤਕਾ ਮੁਕਾਬਲਿਆਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਅਤੇ ਗੱਤਕਾ ਐਸੋਸੀਏਸ਼ਨ ਨੂੰ ਅਰਜ਼ੀਆਂ ਦੇ ਕੇ ਆਪਣੇ ਅਖਾੜੇ ਦੀ ਐਫੀਲੀਏਸ਼ਨ ਲੈਣ ਤਾਂ ਜੋ ਅਖਾੜਿਆਂ ਨੂੰ ਮਾਨਤਾ ਦਿੱਤੀ ਜਾ ਸਕੇ। ਉਨਾਂ ਸਮੂਹ ਸਮੂਹ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਸਮੇਤ ਗੱਤਕਾ ਖਿਡਾਰੀਆਂ ਅਤੇ ਗੱਤਕਾ ਅਖਾੜਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਵਿਰਾਸਤੀ ਖੇਡ ਗੱਤਕੇ ਦੀ ਪ੍ਰਫੁੱਲਤਾ ਲਈ ਗੱਤਕਾ ਐਸੋਸੀਏਸ਼ਨ ਤੇ ਗੱਤਕਾ ਫੈਡਰੇਸ਼ਨ ਆਫ ਇੰਡੀਆ ਵੱਲੋਂ ਆਰੰਭੇ ਵੱਡੇ ਕਾਰਜਾਂ ਨੂੰ ਜਲਦ ਨੇਪਰੇ ਚਾੜ੍ਹਨ ਅਤੇ ਕਾਮਯਾਬੀ ਬਖਸ਼ਣ ਲਈ ਪੂਰਨ ਸਹਿਯੋਗ ਦੇਣ। ਉਨਾਂ ਕਿਹਾ ਕਿ ਗੱਤਕਾ ਐਸੋਸੀਏਸ਼ਨ ਵੱਲੋਂ ਸਿੱਖ ਮਾਰਸ਼ਲ ਆਰਟ ਦੀ ਬਿਹਤਰੀ ਲਈ ਕੀਤੇ ਜਾ ਰਹੇ ਇਤਿਹਾਸਕ ਕਾਰਜਾਂ ਵਿੱਚ ਸੁਚੱਜੇ ਅਤੇ ਵਿਉਂਤਬੱਧ ਪ੍ਰਚਾਰ-ਪਸਾਰ ਲਈ ਇੱਕ ਵੱਡੇ ਹੰਭਲੇ ਦੀ ਲੋੜ ਹੈ ਜਿਸ ਲਈ ਦੇਸ਼-ਵਿਦੇਸ਼ ਵਿੱਚ ਵਸਦੇ ਹਰ ਪੰਜਾਬੀ ਤੋਂ ਸਹਿਯੋਗ ਦੀ ਮੰਗ ਕੀਤੀ ਜਾਵੇਗੀ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

ਕੈਲੇਫੋਰਨੀਆ ਵਿਚ ਰਹਿੰਦੇ ਕਲਾਕਾਰਾਂ ਲਈ ਖੁਸ਼ਖਬਰੀ

ARMAAN MUSIC PRODUCTION STUDIO

ਹੁਣ ਇੰਡੀਆ ਜਾ ਕੇ ਆਪਣੀ ਸੀ ਡੀ ਦੀ ਰਿਕਾਰਡਿੰਗ ਕਰਵਾਉਣ ਦੀ ਬਜਾਏ AMP, Studio ਵਿਚ ਹੀ ਸਾਰਾ ਕੰਮ ਕਰ ਸਕਦੇ ਹੋ



ਖੁੱਲ੍ਹ ਗਿਆ ਹੈ ਸਟਾਕਟਨ ਵਿਚ

ਸਾਡੇ ਕੋਲ ਪੂਰੇ ਹੈ ਹਾਈਟੈਕ Equipment

ਅਸੀਂ PROTOOL, LOGIC ਤੇ ਰਿਕਾਰਡਿੰਗ ਕਰਦੇ ਹਾਂ।

ਹੋਰ ਜਾਣਕਾਰੀ ਲਈ ਸੰਪਰਕ ਕਰੋ

209-242-3642

Email:-
NEWZINDGI@GMAIL.COM



# ਸਰੋਏ ਗੋਤ ਜਠੇਰਿਆਂ ਦਾ ਸ਼ਲਾਨਾ ਮੇਲਾ ਬੜੀ ਸ਼ਰਧਾ 'ਤੇ ਉਤਸ਼ਾਹ ਨਾ ਮਨਾਇਆ

**ਜਲੰਧਰ (ਸਰੋਏ)**– ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪੈਂਦੇ ਪਿੰਡ "ਮੈਲੀ" ਵਿਖੇ ਪਹਾੜੀ ਉੱਤੇ ਪੈਂਦੇ ਸਰੋਏ ਗੋਤ ਦੇ ਜਠੇਰਿਆਂ ਦਾ ਸ਼ਲਾਨਾ ਮੇਲਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।

ਇਸ ਮੌਕੇ ਅਲਗ-ਅਲਗ ਪਿੰਡਾਂ, ਕਸ਼ਬਿਆਂ, ਸ਼ਹਿਰਾਂ ਤੇ ਦੇਸ਼ਾ-ਵਿਦੇਸ਼ਾਂ ਵਿੱਚੋਂ ਆਏ ਹੋਏ ਸਰੋਏ ਗੋਤ ਦੇ ਪਰਿਵਾਰਕ ਮੈਂਬਰ ਇਸ ਜਗ੍ਹਾ ਇਕੱਠੇ ਹੋਏ ਤੇ ਇਸ ਮੌਕੇ ਚਾਹ ਪਾਣੀ ਤੇ ਲੱਡੂ ਤੇ ਫਲ ਆਦਿ ਵੀ ਸੰਗਤਾਂ ਵਿੱਚ ਵਰਤਾਏ ਗਏ ਅਤੇ ਆਏ ਹੋਏ ਫ਼ੰਕਾਰਾਂ ਨੇ ਆਪਣੀ ਆਪਣੀ ਹਾਜ਼ਰੀ ਲਗਾਈ ਤੇ ਆਈਆਂ ਹੋਈਆਂ ਸੰਗਤਾਂ ਨੂੰ ਜਗਤ ਗੁਰੂ ਰਵਿਦਾਸ ਮਹਾਰਾਜਾ ਜੀ ਦੇ ਸ਼ਬਦਾਂ ਦਾ ਗੁਣਗਾਣ ਕੀਤਾ ਗਿਆ ਤੇ ਨਾਲ ਦੀ ਨਾਲ ਸਰੋਏ ਗੋਤ ਦੇ ਵੱਡੇ ਵਡੇਰਿਆਂ ਦਾ ਗੁਣਗਾਣ ਵੀ ਕੀਤਾ ਗਿਆ। ਇਸ ਉਪਰੰਤ ਸੰਗਤਾਂ ਵਿੱਚ ਅਟੁੱਟ ਲੰਗਰ ਵਰਤਾਏ ਗਏ। ਸਰੋਏ ਗੋਤ ਦੇ ਪਰਿਵਾਰ ਮੈਂਬਰਾਂ ਦਾ ਕਹਿਣਾ ਹੈ ਕਿ ਇੰਦਰ ਦੇਵਤਾ ਨੇ ਵੀ ਇਸ ਮੌਕੇ 'ਤੇ ਆਪਣੀ ਖ਼ੁਸ਼ੀ ਦਾ ਇਜਹਾਰ ਕੀਤਾ।

# ਡਿੱਗ ਪਈ ਮੈਂ ਮਿੱਤਰਾ! ਝੱਗਾ ਲਿਬੜ ਗਿਆ ਸਾਰਾ.

**ਜਲੰਧਰ, (ਸਰੋਏ)**– ਜਲੰਧਰ ਸ਼ਹਿਰ ਦੀ ਖਾਸ ਕਰ ਬਸ਼ਤੀ ਬਾਵਾ ਖੇਡ, ਮੇਨ ਕਪੂਰਥਲਾ ਰੋਡ ਵੱਲ ਜਦ ਵੀ ਨਜ਼ਰ ਦੌੜਾਈ ਜਾਂਦੀ ਹੈ ਤਾਂ ਉਸ ਵੇਲੇ ਪ੍ਰਸ਼ਾਸ਼ਨ ਸ਼ਬਦ ਦਾ ਅਰਥ ਸਾਨੂੰ ਕੁਝ ਬਦਲਿਆ ਹੋਇਆ ਪ੍ਰਤੀਤ ਹੁੰਦਾ ਹੈ। ਜਿਸ ਦਾ ਅਰਥ ਇਹ ਬਣਦਾ ਦਿਖਾਈ ਦਿੰਦਾ ਹੈ ਕਿ ਭਲਾਈ ਦੇ ਕੰਮਾਂ ਤੋਂ ਪਰ੍ਹੇ-ਪਰ੍ਹੇ ਰਹਿ ਕੇ ਸ਼ਾਸ਼ਨ ਕਰਨਾ, ਅਰਥਾਤ ਮੁਫ਼ਤ ਦੀ ਬੇਬੇ ਬਣਨਾ ਹੀ ਦਿਖਾਈ ਦਿੰਦਾ ਹੈ। ਜਲੰਧਰ ਸ਼ਹਿਰ ਜਿਹੜਾ ਕਿ ਮਾੜੀ ਮੋਟੀਆਂ ਕਣੀਆਂ ਪੈਣ ਨਾਲ ਹੀ ਇੱਕ ਨਰਕ ਦਾ ਰੂਪ ਧਾਰਨ ਕਰ ਲੈਂਦਾ ਹੈ। ਦੂਜੇ ਸ਼ਬਦਾਂ ਵਿੱਚ ਜੇਕਰ ਇਸ ਦਾ ਸ਼ਾਬਦਿਕ ਅਰਥ ਲਿਆ ਜਾਵੇ ਤਾਂ ਇਹ ਜਲ-ਅੰਦਰ ਹੀ ਬਣਦਾ ਦਿਖਾਈ ਪੈਂਦਾ ਹੈ ਕਿਉਂ ਕਿ ਇਹ ਹਮੇਸ਼ਾਂ ਪਾਣੀ ਦੇ ਵਿੱਚ ਹੀ ਘਿਰਿਆ ਰਹਿੰਦਾ ਹੈ।

ਉਹ ਜਲ ਕੋਈ ਸਾਫ਼ ਸੁਫ਼ਨਾ ਪੀਣ ਵਾਲਾ ਜਲ ਨਹੀਂ ਹੈ ਪਰ ਚਿੱਕੜ ਰੂਪੀ ਜਲ ਦਾ ਜੇਕਰ ਬਿਜਨਸ ਕਰਨਾ ਹੋਵੇ ਤਾਂ ਏਥੇ ਜਲੰਧਰ ਸ਼ਹਿਰ ਵਿੱਚ ਡੇਰਾ ਲਾਉਣਾ ਕੋਈ ਘਾਟੇ ਦਾ ਸ਼ੌਦਾ ਵੀ ਨਹੀਂ ਹੈ। ਲੋਕਾਂ ਨੂੰ ਪੀਣ ਵਾਲਾ ਸਾਫ਼ ਸੁਥਰਾ ਪਾਣੀ ਮਿਲੇ ਜਾਂ ਨਾ ਮਿਲੇ ਪਰ ਡਿੱਗਣ ਲਈ ਚਿੱਕੜ ਰੂਪੀ ਪਾਣੀ ਦੀ ਕੋਈ ਘਾਟ ਨਜ਼ਰ ਨਹੀਂ ਆਵੇਗੀ। ਹੁਣ ਇਸ ਦੀਆਂ ਸੜਕਾਂ ਦਾ ਹੀ ਹਾਲ ਦੇਖ ਲਓ ਕਿ ਬਸ਼ਤੀ ਬਾਵਾ ਖੇਲ ਦੇ ਮੇਨ ਕਪੂਰਥਲਾ ਰੋਡ ਵੱਲ ਜਦੋਂ ਵੀ ਨਜ਼ਰ ਮਾਰੀ ਜਾਵੇ ਤਾਂ ਉੱਥੇ ਟੋਏ-ਟਿੱਬੇ ਤੋਂ ਸਿਵਾ ਸਾਨੂੰ ਕੁਝ ਵੀ ਨਜ਼ਰੀਂ ਨਹੀਂ ਪੈਂਦਾ। ਇਸ ਸੜਕ ਦਾ ਹਾਲ ਦੇਖ ਕੇ ਇੰਝ ਭਾਸ ਰਿਹਾ ਹੈ ਕਿ ਪ੍ਰਸ਼ਾਸ਼ਨ ਵੀ ਥੁੱਕ ਨਾਲ ਪਕੌੜੇ ਪਕਾਉਣ ਦੀ ਸਕੀਮ ਨੂੰ ਨਹੀਂ ਭੁੱਲਿਆ।

ਜੇਕਰ ਇਸ ਸੜਕ ਵੱਲ ਮਾੜਾ ਮੋਟਾ ਧਿਆਨ ਜਾਂਦਾ ਵੀ ਹੈ ਉਹ ਵੀ ਸਿਰਫ਼ ਮਾੜੀ ਮੋਟੀ ਮਿੱਟੀ ਪਾਉਣ ਤੱਕ ਹੀ ਸੀਮਿਤ ਰਹਿੰਦਾ ਹੈ ਜਿਹੜੀ ਕਿ ਸਰਖੇਹ ਬਣ ਕੇ ਆਉਂਦੇ ਜਾਂਦੇ ਰਾਹੀਆਂ ਦੇ ਸਿਰ ਪੈਂਦੀ ਹੈ ਤੇ ਸੜਕਾਂ ਵਿੱਚ ਬੇਹਿਸਾਬੇ ਵੱਡੇ ਵੱਡੇ ਟੋਏ ਵੀ ਪ੍ਰਸ਼ਾਸ਼ਨ ਨੂੰ ਲੋਕਾਂ ਦਾ ਕਿੰਨਾ ਕੁ ਧਿਆਨ ਹੈ ਦੀ ਸਾਰੀ ਅਸਲੀਅਤ ਸਾਹਮਣੇ ਲੈ ਆਉਂਦਾ ਹੈ। ਇਸ ਸੜਕ ਨੂੰ ਦੇਖਦੇ ਹੋਏ ਜਲੰਧਰ ਨੂੰ ਪੈਰਿਸ ਬਣਾਉਣ ਦਾ ਸੁਫ਼ਨਾ ਦਿਖਾਉਣ ਵਾਲੇ ਪ੍ਰਸ਼ਾਸ਼ਨ ਉੱਤੇ ਇੱਕ ਹਾਸਾ ਵੀ ਆਉਂਦਾ ਹੈ ਤੇ ਨਾਲ ਦੀ ਨਾਲ ਅਫ਼ਸੋਸ ਵੀ ਹੁੰਦਾ ਹੈ ਏਥੇ ਤਾਂ ਜਲੰਧਰ ਸ਼ਹਿਰ ਨੂੰ ਜਲੰਧਰ ਵੀ ਨਹੀਂ ਰਹਿਣ ਦਿੱਤਾ ਗਿਆ।

ਇਲੈੱਕਸ਼ਨ ਦੌਰਾਨ ਕੀਤੇ ਹੋਏ ਜਲੰਧਰ ਨੂੰ ਪੈਰਿਸ ਬਣਾਉਣ ਦੇ ਵਾਅਦੇ ਵਾਲੀ ਕਥਨੀ ਤੇ ਕਰਨੀ ਵਿੱਚ ਕਾਫ਼ੀ ਅੰਤਰ ਪਾਇਆ ਜਾਂਦਾ ਹੈ। ਸੋ ਪ੍ਰਸ਼ਾਸ਼ਨ ਅੱਗੇ ਇਹ ਅਪੀਲ ਕੀਤੀ ਜਾਂਦੀ ਹੈ ਕਿ ਇਸ ਬਸ਼ਤੀ ਬਾਵਾ ਖੇਲ, ਮੇਨ ਕਪੂਰਥਲਾ ਰੋਡ 'ਤੇ ਪਏ ਹੋਏ ਵੱਡੇ-ਵੱਡੇ ਟੋਇਆਂ ਵੱਲ ਧਿਆਨ ਮਾਰਿਆ ਜਾਵੇ ਤੇ ਬਣਦੀ ਕਾਰਵਾਈ ਕੀਤੀ ਜਾਵੇ। ਕਿਉਂ ਕਿ ਏਥੇ ਤਾਂ ਇੱਕ ਗੀਤ ਦੀ ਧੁੰਨ ਵੱਜਦੀ ਹੋਈ ਨਜ਼ਰ ਆਉਂਦਾ–

ਵੱਡੇ-ਵੱਡੇ, ਸੜਕਾਂ ਦੇ ਵਿੱਚ ਟੋਏ।
ਲੋਕੀ ਡਿੱਗ ਡਿੱਗ ਜ਼ਖ਼ਮੀ ਹੋਏ।
ਹੋਏ-ਹੋਏ ਦੁਹਾਈ ਪੈ ਗਈ,
ਸਰਕਾਰ ਲੁੱਕ ਖਾ ਕੇ ਹੈ ਬਹਿ ਗਈ।
ਕੀ ਸਰਕਾਰ ਲੁੱਕ ਖਾ ਕੇ ਹੈ ਬਹਿ ਗਈ?

ਬਾਕੀ ਜੇਕਰ ਇਹੋ ਜਿਹਾ ਹਾਲ ਹੀ ਰਿਹਾ ਤਾਂ ਆਉਣ ਵਾਲੇ ਇਲੈੱਕਸ਼ਨ ਦੌਰਾਨ ਜਨਤਾ ਨੂੰ ਵੀ ਵੋਟ ਸੋਚ-ਸਮਝ ਕੇ ਪਾਉਣ ਲਈ ਮਜ਼ਬੂਰ ਹੋਣਾ ਪਵੇਗਾ।

# ਅਰੁਣ ਖੋਸਲਾ ਨਗਰ ਨਿਗਮ ਫਗਵਾੜਾ ਦੇ ਪਹਿਲੇ ਮੇਅਰ ਚੁਣੇ ਗਏ



ਫਗਵਾੜਾ (ਰੱਤੂ)– ਭਾਰਤੀ ਜਨਤਾ ਪਾਰਟੀ ਦੇ ਸ੍ਰੀ ਅਰੁਣ ਕੁਮਾਰ ਖੋਸਲਾ ਨਗਰ ਨਿਗਮ ਫਗਵਾੜਾ ਦੇ ਪਹਿਲੇ ਮੇਅਰ ਚੁਣੇ ਗਏ ਹਨ, ਜਦੋਂਕਿ ਸ਼੍ਰੋਮਣੀ ਅਕਾਲੀ ਦਲ ਦੇ ਸ੍ਰੀ ਸੁਰਿੰਦਰ ਸਿੰਘ ਵਾਲੀਆਂ ਸੀਨੀਅਰ ਡਿਪਟੀ ਮੇਅਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਹੀ ਸ੍ਰੀ ਰਣਜੀਤ ਸਿੰਘ ਖੁਰਾਣਾ ਡਿਪਟੀ ਮੇਅਰ ਚੁਣੇ ਗਏ ਹਨ। ਪਹਿਲੀ ਵਾਰ ਨਗਰ ਨਿਗਮ ਫਗਵਾੜਾ ਦੇ ਕਰਮਵਾਰ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀ ਚੋਣ ਮੌਕੇ ਪੰਜਾਬ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਸ੍ਰੀ ਕਮਲ ਸ਼ਰਮਾ, ਕੈਬਨਿਟ ਮੰਤਰੀ ਪੰਜਾਬ ਸ੍ਰੀ ਅਨਿਲ ਜੋਸ਼ੀ ਤੇ ਸ੍ਰੀ ਮਦਨ ਮੋਹਨ ਮਿੱਤਲ, ਸ੍ਰੀ ਤਰੁਣ ਚੁੱਘ, ਮੁੱਖ ਸੰਸਦੀ ਸਕੱਤਰ ਸ੍ਰੀ ਸੋਮ ਪ੍ਰਕਾਸ਼ ਕੈਂਥ, ਚੇਅਰਮੈਨ ਮਾਰਕਫੈੱਡ ਪੰਜਾਬ ਸ੍ਰ. ਜਰਨੈਲ ਸਿੰਘ ਵਾਹਦ, ਚੇਅਰਮੈਨ ਮਾਰਕੀਟ ਕਮੇਟੀ ਫਗਵਾੜਾ ਤੇ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕੀ ਕਮੇਟੀ ਸ੍ਰ. ਸਰਵਣ ਸਿੰਘ ਕੁਲਾਰ, ਕਮਿਸ਼ਨਰ ਜਲੰਧਰ ਡਵੀਜ਼ਨ ਸ੍ਰੀ ਆਰ. ਵੈਂਕਟ ਰਤਨਮ ਅਤੇ ਵਧੀਕ ਡਿਪਟੀ ਕਮਿਸ਼ਨਰ ਫਗਵਾੜਾ ਸ੍ਰੀ ਇਕਬਾਲ ਸਿੰਘ ਸੰਧੂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਦੇ ਚੁਣੇ ਹੋਏ ਨਵੇਂ ਕੌਂਸਲਰ ਤੇ ਅਕਾਲੀ-ਭਾਜਪਾ ਵਰਕਰ ਵੀ ਹਾਜ਼ਰ ਸਨ।

# ਡਾ. ਅੰਬੇਦਕਰ ਮਿਸ਼ਨ ਸੁਸਇਟੀ ਖੰਨਾ ਦੀ ਅਹਿਮ ਮੀਟਿੰਗ

**ਖੰਨਾ**– ਡਾ. ਅੰਬੇਦਕਰ ਮਿਸ਼ਨ ਸੁਸਾਇਟੀ (ਰਜਿ.) ਪੰਜਾਬ, ਖੰਨਾ ਦੀ ਇਕ ਅਹਿਮ ਮੀਟਿੰਗ ਸੁਸਾਇਟੀ ਦੇ ਪ੍ਰਧਾਨ ਪ੍ਰਿੰਸੀਪਲ ਜਸਵੰਤ ਸਿੰਘ ਮਿੱਤਰ ਦੀ ਪ੍ਰਧਾਨਗੀ ਹੇਠ ਅੰਬੇਦਕਰ ਭਵਨ ਖੰਨਾ ਵਿਖੇ ਹੋਈ, ਜਿਸ ਵਿਚ ਭਾਰੀ ਗਿਣਤੀ ਵਿਚ ਮੈਂਬਰਾਂ ਨੇ ਹਿੱਸਾ ਲਿਆ। ਅੱਛਰਾਂ ਸਿੰਘ ਲਾਪਰਾ ਜਨਰਲ ਸਕੱਤਰ ਨੇ ਮੀਟਿੰਗ ਦੀ ਕਾਰਵਾਈ ਨੂੰ ਸੁਚੱਜਾ ਰੂਪ ਦਿੱਤਾ, ਜਦਕਿ ਪ੍ਰੈਸ ਸਕੱਤਰ ਕਰਮਜੀਤ ਸਿੰਘ ਸਿਫਤੀ ਨੇ ਪ੍ਰੈਸ ਨੋਟ ਜਾਰੀ ਕੀਤਾ, ਜਿਸ ਵਿਚ ਕਿਹਾ ਗਿਆ ਕਿ ਮੈਂਬਰਾਂ ਨੇ ਸਰਬ ਸੰਮਤੀ ਨਾਲ ਇਕ ਨਿੰਦਾ ਪ੍ਰਸਤਾਵ ਪਾਸ ਕੀਤਾ ਕਿ ਸੋਸ਼ਲ ਮੀਡੀਆ ਤੇ ਸ੍ਰੀ ਗੁਰੂ ਰਵਿਦਾਸ ਜੀ ਨੂੰ ਅਪਸ਼ਬਦ ਅਤੇ ਭੈੜੀ ਸ਼ਬਦਾਵਲੀ ਵਰਤਣ ਵਾਲੇ ਤੇ ਸਰਕਾਰ ਸਖਤੀ ਨਾਲ ਨਜਿੱਠੇ ਨਹੀਂ ਤਾਂ ਸੁਸਾਇਟੀ ਨੂੰ ਮਜਬੂਰਨ ਸੰਘਰਸ਼ ਦਾ ਰਾਹ ਅਖਤਿਆਰ ਕਰੇਗੀ। ਸ੍ਰੀ ਸੋਹਣ ਲਾਲ ਸਾਂਪਲਾ ਕੌਮੀ ਪ੍ਰਧਾਨ ਡਾ. ਅੰਬੇਦਕਰ ਮਿਸ਼ਨ ਸੁਸਾਇਟੀ ਯੂਰਪੀ ਨੇ ਵੀ ਇਸ ਘਟਨਾ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਚੇਅਰਮੈਨ ਹਰਨੇਕ ਸਿੰਘ ਸਿਫਤੀ ਡਾ. ਰਾਮ ਸਿੰਘ ਪਾਲ, ਸਵਰਨ ਸਿੰਘ, ਨੇਤਰ ਸਿੰਘ ਅਤੇ ਟੇਕ ਸਿੰਘ ਕੈਸ਼ੀਅਰ ਨੇ ਪੰਜਾਬ ਵਿਚ ਸਵਾਈਨ ਫਲੂ ਦੇ ਵਸਦੇ ਹੋਏ ਅੱਤਵਾਦੀ, ਲੁੱਟਾਂ-ਖੋਹਾਂ, ਮਾਸੂਮ ਬਾਲੜੀਆਂ ਨਾਲ ਹੋ ਰਹੇ ਬਲਾਤਕਾਰ ਅਤੇ ਗਰੀਬ ਲੋਕਾਂ ਨੂੰ ਸਮਾਜਿਕ ਸੁਰੱਖਿਆ ਅਧੀਨ ਮਿਲਦੀਆਂ ਸਹੂਲਤਾਂ ਨਾ ਮਿਲਣ ਤੇ, ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਅਤੇ ਸਰਕਾਰ ਨੂੰ ਅਪੀਲ ਕੀਤੀ ਕਿ ਲੋਕਾਂ ਨੂੰ ਇਨਸਾਫ ਮਿਲਣਾ ਚਾਹੀਦਾ ਹੈ। ਹਰਿਆਣਾ ਪ੍ਰਾਂਤ ਵਿਚ ਵੀ ਲੜਕੀਆਂ ਤੇ ਹੋ ਰਹੇ ਅੱਤਿਆਚਾਰਾਂ ਬਾਰੇ ਵੀ ਉਥੋਂ ਦੀ ਸਰਕਾਰ ਨੂੰ ਗੈਰ-ਸਮਾਜੀ ਤੱਤਾਂ ਨੂੰ ਸਖਤੀ ਨਾਲ ਨਿਪਟਣ ਲਈ ਵੀ ਅਪੀਲ ਕੀਤੀ ਗਈ ਹੈ।



ਮੈਂਬਰਾਂ ਨੇ ਇਸ ਸਾਲ ਭਾਰਤ ਰਤਨ ਡਾ. ਅੰਬੇਦਕਰ ਸਾਹਿਬ ਦਾ ਜਨਮ ਦਿਨ ਧੂਮ ਧਾਮ ਨਾਲ ਮਨਾਉਣ ਦਾ ਵੀ ਫੈਸਲਾ ਲਿਆ ਹੈ। ਹਲਕੇ ਦੇ ਐਮ. ਪੀ., ਐਮ. ਐਲ. ਏ. ਅਤੇ ਪ੍ਰਮੁੱਖ ਸ਼ਖਸੀਅਤਾਂ ਨੂੰ ਵੀ ਵਿਸ਼ੇਸ਼ ਸੱਦਾ ਪੱਤਰ ਦਿੱਤਾ ਜਾਵੇਗਾ। ਗੀਤ-ਸੰਗੀਤ ਤੋਂ ਇਲਾਵਾ ਨਾਟਕ, ਸਕਿੱਟਾਂ, ਮਿਸ਼ਨਰੀ ਗੀਤ ਵੀ ਲੋਕਾਂ ਦੀ ਖਿੱਚ ਦਾ ਕੇਂਦਰ ਹੋਣਗੇ। ਵਿਦਵਾਨ ਡਾ. ਅੰਬੇਦਕਰ ਅਜੈਬ ਸਿੰਘ ਵੀ ਫਿਲਾਸਫੀ ਦੀ ਵਿਆਖਿਆ ਕਰਨਗੇ। ਮੀਟਿੰਗ ਵਿਚ ਪ੍ਰੇਮ ਸਿੰਘ ਪੱਪੂ, ਜਰਨੈਲ ਸਿੰਘ, ਬਲਵੀਰ ਸਿੰਘ ਭੱਟੀ, ਜੋਗਿੰਦਰ ਸਿੰਘ, ਰਾਮ ਸਿੰਘ, ਰਮਨਦੀਪ ਅਤੇ ਸਤਿਨਾਮ ਸਿੰਘ ਸ਼ਾਮਲ ਸਨ। ਸੁਸਾਇਟੀ ਦੇ ਪ੍ਰਧਾਨ ਮਿੱਤਰ ਅਤੇ ਮੈਂਬਰਾਂ ਨੇ ਨੌਜਵਾਨ ਲੇਖਕ ਅਤੇ ਪੱਤਰਕਾਰ ਧਿਆਨ ਵਿਚ ਰਾਏ ਦੀ ਪਲੇਠੀ ਕਾਵਿ ਸੰਗ੍ਰਹਿ ਚਾਵਾਂ ਦੀ ਖੁਸ਼ਬੋ ਲੋਕ ਅਰਪਣ ਤੇ ਲੇਖਕ ਨੂੰ ਬਹੁਤ ਬਹੁਤ ਵਧਾਈਆਂ ਵੀ ਦਿੱਤੀਆਂ ਹਨ।

# ਬ੍ਰਹਮ ਗਿਆਨੀ 108 ਸੰਤ ਹਰੀ ਸਿੰਘ ਨੈਕੀ ਵਾਲਿਆਂ ਦੀ ਬਰਸੀ ਸਬੰਧੀ ਤਿਆਰੀਆਂ ਮੁਕੰਮਲ

**ਨਿਊਯਾਰਕ**–ਸੰਸਾਰ ਦੇ ਤਖਤੇ ਦੇ ਉੱਤੇ ਮਨੁੱਖਤਾ ਦੀ ਭਲਾਈ ਦੇ ਲਈ ਸਮੇਂ ਸਮੇਂ ਤੇ ਪ੍ਰਮਾਤਮਾ ਦੇ ਹੁਕਮ ਅਨੁਸਾਰ ਪਰਉਪਕਾਰੀ ਰੂਹਾਂ ਸਰੀਰਕ ਜਾਮੇ ਵਿੱਚ ਪੈਦਾ ਹੁੰਦੀਆਂ ਰਹੀਆਂ ਹਨ। ਜਿਹਨਾਂ ਵਿੱਚ ਸੰਤ ਹਰੀ ਸਿੰਘ ਨੈਕੀ ਵਾਲੇ ਮਹਾਂਪੁਰਸ਼ ਇੱਕ ਹਨ। ਮਹਾਂਪੁਰਸ਼ਾਂ ਨੇ ਪ੍ਰਮਾਤਮਾ ਦੇ ਦਰ ਤੋਂ ਟੁੱਟੀਆਂ ਰੂਹਾਂ ਦੀ ਉਂਗਲ ਫੜ ਕੇ ਉਹਨਾਂ ਨੂੰ ਰੱਬ ਦੇ ਦਰ ਨਾਲ ਜੋੜਦਿਆਂ ਸੰਸਾਰ ਤੋਂ ਪਾਰ ਕਰਾਇਆ। ਸੰਤਾਂ ਦੀ ਨਿੱਘੀ ਯਾਦ ਨੂੰ ਨਿਊਯਾਰਕ ਦੀ ਸਾਧ ਸੰਗਤ ਗੁਰਦਵਾਰਾ ਸਿੱਖ ਕਲਚਰਲ ਸੁਸਾਇਟੀ ਵਿਖੇ ਤਿੰਨ ਦਿਨ ਦੇ ਵਿਸ਼ੇਸ਼ ਦੀਵਾਨ ਲਗਾ ਕੇ ਸ਼ਰਧਾ ਭਾਵਨਾ ਨਾਲ ਮਨਾ ਰਹੀ ਹੈ। ਜਿਸ ਵਿੱਚ 27 ਮਾਰਚ ਨੂੰ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਅਤੇ 29 ਮਾਰਚ ਦਿਨ ਐਤਵਾਰ ਨੂੰ ਭੋਗ ਉਪਰੰਤ ਕੀਰਤਨ ਦੀਵਾਨ ਵਿੱਚ ਕੀਰਤਨੀ ਜਥੇ, ਕਥਾਵਾਚਕ, ਢਾਡੀ ਜੱਥੇ ਅਤੇ ਬੁਲਾਰੇ ਸਾਹਿਬਾਨ ਗੁਰਬਾਣੀ ਕੀਰਤਨ ਕਥਾ ਵੀਚਾਰ ਅਤੇ ਸੰਤਾਂ ਦੇ ਜੀਵਨ ਉਪਦੇਸ਼ ਤੇ ਚਾਨਣਾ ਪਾਉਣਗੇ। ਗੁਰੂ ਕੇ ਲੰਗਰ ਤਿੰਨੋ ਦਿਨ ਅਤੁੱਟ ਵਰਤਣਗੇ, ਸੰਗਤਾਂ ਨੂੰ ਇਹਨਾਂ ਦੀਵਾਨਾਂ ਵਿੱਚ ਪਹੁੰਚਣ ਦੀ ਨਿਮਰਤਾ ਸਹਿਤ ਬੇਨਤੀ ਹੈ। ਦੀਵਾਨਾਂ ਪ੍ਰਤੀ ਜਾਣਕਾਰੀ 347-992-0008 ਤੇ ਕਾਲ ਕਰਕੇ ਲੈ ਸਕਦੇ ਹੋ।

# ਭਾਰਤ ਰਾਸ਼ਟਰ ਡੈਮੋਕਰੇਟਿਕ ਪਾਰਟੀ (ਬੀ ਡੀ. ਪੀ) ਦੀ ਜ਼ਿਲ੍ਹਾ ਕਾਰਜਕਾਰਨੀ ਦੀ ਮੀਟਿੰਗ

**ਹੁਸ਼ਿਆਰਪੁਰ** – ਭਾਰਤ ਰਾਸ਼ਟਰ ਡੈਮੋਕਰੇਟਿਕ ਪਾਰਟੀ (ਬੀ.ਡੀ.ਪੀ) ਦੀ ਜ਼ਿਲ੍ਹਾ ਕਾਰਜਕਾਰਨੀ ਦੀ ਮੀਟਿੰਗ ਹੁਸ਼ਿਆਰਪੁਰ ਵਿਖੇ ਹੋਈ ਇਸ ਮੀਟਿੰਗ ਵਿੱਚ ਸ਼੍ਰੀ ਬਿਸ਼ਨ ਦਾਸ ਕਰੜਾ ਰਾਸ਼ਟਰੀ ਸਕੱਤਰ (ਬੀ.ਡੀ.ਪੀ) ਅਤੇ ਸ. ਗੁਰਨਾਮ ਸਿੰਘ ਪ੍ਰਧਾਨ (ਬੀ. ਡੀ. ਪੀ) ਪੰਜਾਬ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਮੀਟਿੰਗ ਦੀ ਪ੍ਰਧਾਨਗੀ ਸ਼੍ਰੀ ਅਜੀਤ ਰਾਮ ਹੀਰ ਪ੍ਰਧਾਨ (ਬੀ.ਡੀ.ਪੀ) ਹੁਸ਼ਿਆਰਪੁਰ ਨੇ ਕੀਤੀ।

ਮੀਟਿੰਗ ਵਿੱਚ ਪਾਰਟੀ ਦੇ ਪ੍ਰੋਗਰਾਮ ਨੂੰ ਪਿੰਡ ਪੱਧਰ ਤੱਕ ਲਿਜਾਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਪਾਰਟੀ ਦਾ ਮੁੱਖ ਮੁੱਦਾ ਹਰ ਇੱਕ ਬੱਚੇ ਨੂੰ 18 ਸਾਲ ਤੱਕ ਮੁਫਤ, ਲਾਜ਼ਮੀ, ਇੱਕ ਸਮਾਨ, ਇੱਕ ਛੱਤ ਥੱਲੇ ਹੋਸਟਲ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ। ਇਸ ਨਾਲ ਸਮਾਜ ਵਿੱਚੋਂ ਭਿਰਸ਼ਟਾਚਾਰ ਨੂੰ ਅਤੇ ਗੈਰ ਬਰਾਰਬਰਤਾ ਨੂੰ ਖਤਮ ਕਰਨ ਵਿੱਚ ਮੱਦਦ ਮਿਲੇਗੀ ਕਿਓਂਕਿ ਅੱਜ ਦੇਸ਼ ਅੰਦਰ ਸਿੱਖਿਆ ਦਾ ਵਪਾਰੀਕਰਨ ਹੋ ਚੁੱਕਾ ਹੈ ਜਿਸ ਕਰਕੇ ਧੜਾਧੜ ਪ੍ਰਾਈਵੇਟ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਖੋਲ ਕੇ ਆਮ ਜਨਤਾ ਨੂੰ ਲੁੱਟਿਆ ਜਾ ਰਿਹਾ ਹੈ। ਮੁਫਤ, ਲਾਜ਼ਮੀ, ਇੱਕ ਸਮਾਨ, ਇੱਕ ਛੱਤ ਥੱਲੇ ਸਿੱਖਿਆ ਪ੍ਰਣਾਲੀ ਦੇ ਨਾਲ ਬੱਚਿਆਂ ਅੰਦਰ ਦੇਸ਼ ਪ੍ਰਤੀ ਦੇਸ਼ ਸੇਵਾ ਦਾ ਜਜ਼ਬਾ ਪੈਦਾ ਹੋਵੇਗਾ ਅਤੇ ਜਾਤ-ਪਾਤ ਰਹਿਤ ਸਮਾਜ ਦੀ ਸਥਾਪਨਾ ਹੋ ਸਕੇਗੀ।

ਇਸ ਮੀਟਿੰਗ ਵਿੱਚ ਸ਼੍ਰੀ ਹਰਗੋਪਾਲ ਸੁਮਨ ਸ਼੍ਰੋ ਸ਼੍ਰੀ ਫੁੱਮਣ ਰਾਮ ਵਾਸੀ ਖਾਨਪੁਰ ਤਹਿਸੀਲ ਗੜ੍ਹਸ਼ੰਕਰ ਵੀ ਆਪਣੇ ਸਾਥੀਆਂ ਸਮੇਤ ਹਾਜ਼ਰ ਹੋਏ। ਆਪ ਨੇ ਬਹੁਜਨ ਸਮਾਜ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਅਤੇ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਕੇ ਭਾਰਤਰਾਸ਼ਟਰ ਡੈਮੋਕਰੇਟਿਕ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਆਪ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਆਪਣੇ ਰਹਿਬਰਾਂ ਦੇ ਮਿਸ਼ਨ ਤੋਂ ਭਟਕ ਚੁੱਕੀ ਹੈ ਜਿਸ ਦੇ ਚਲਦੇ ਉਹ ਹੁਣ ਬਾਬਾ ਸਾਹਿਬ ਡਾ. ਭੀਮ ਰਾਓ ਜੀ ਦੀ ਸੋਚ ਮੁਤਾਬਕ ਭਾਰਤ ਨੂੰ ਬੁੱਧਮਈ ਭਾਰਤ ਨਹੀਂ ਬਣਾ ਸਕੇਗੀ ਇਸ ਲਈ ਮੈਂ ਅੱਜ ਭਾਰਤਰਾਸ਼ਟਰ ਡੈਮੋਕਰੇਟਿਕ ਪਾਰਟੀ ਵਿੱਚ ਪਰਿਵਾਰ ਅਤੇ ਸਾਥੀਆਂ ਸਮੇਤ ਸ਼ਾਮਲ ਹੋ ਰਿਹਾ ਹਾਂ। ਕਿਓਂਕਿ ਇਸ ਦੀ ਸੂਝਵਾਨ ਲੀਡਰਸ਼ਿਪ ਜੋ ਕਿ ਬਾਬਾ ਸਾਹਿਬ ਡਾ. ਭੀਮ ਰਾਓ ਜੀ ਦੀ ਸੋਚ ਮੁਤਾਬਕ ਨਿਰ ਸਵਾਰਥ ਸਮਾਜ ਵਿੱਚ ਸਮਾਜਿਕ ਅਤੇ ਰਾਜਨੀਤਿਕ ਤਬਦੀਲੀ ਲਿਆਉਣ ਲਈ ਲਗਾਤਾਰ ਸੰਘਰਸ਼ਸ਼ੀਲ ਹੈ। ਸ. ਗੁਰਨਾਮ ਸਿੰਘ ਪ੍ਰਧਾਨ (ਬੀ.ਡੀ.ਪੀ) ਪੰਜਾਬ ਅਤੇ ਸ਼੍ਰੀ ਅਜੀਤ ਰਾਮ ਹੀਰ ਪ੍ਰਧਾਨ (ਬੀ.ਡੀ.ਪੀ) ਹੁਸ਼ਿਆਰਪੁਰ ਨੇ ਸ਼੍ਰੀ ਹਰਗੋਪਾਲ ਸੁਮਨ ਅਤੇ ਉਸ ਦੇ ਸਾਥੀਆਂ ਦਾ ਭਾਰਤਰਾਸ਼ਟਰ ਡੈਮੋਕਰੇਟਿਕ ਪਾਰਟੀ ਵਿੱਚ ਸ਼ਾਮਲ ਹੋਣ ਤੇ ਹਾਰ ਪਾ ਕੇ ਸਵਾਗਤ ਕੀਤਾ ਅਤੇ ਵਿਸ਼ਵਾਸ਼ ਦੁਆਇਆ ਕਿ ਉਹਨਾਂ ਨੂੰ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ

# ਮੰਨਣਹਾਨਾ ਦੰਗਲ 'ਚ ਸਤਿਆਵਰਤ ਅਤੇ ਸੁਮਨ ਕੰਦੂ ਬਣੇ ਭਾਰਤ ਕੇਸਰੀ

**ਮਾਹਿਲਪੁਰ, (ਸ਼ਿਵ ਕੁਮਾਰ ਬਾਵਾ)**–ਇਥੋਂ ਨਜ਼ਦੀਕੀ ਪਿੰਡ ਮੰਨਣਹਾਨਾ ਦੇ ਗੁਰਦੁਆਰਾ ਹਰੀਸਰ ਸਾਹਿਬ ਵਿਖੇ ਸੰਤ ਬਾਬਾ ਹਰੀ ਸਿੰਘ ਨੈਕੀ ਵਾਲਿਆ ਦੀ ਯਾਦ ਵਿਚ 29 ਵੇਂ ਭਾਰਤ ਕੇਸਰੀ ਪੁਰਸ਼ਾਂ 'ਤੇ 17 ਵੇਂ ਮਹਿਲਾ ਭਾਰਤ ਕੇਸਰੀ ਮੁਕਾਬ-ਲਿਆਂ ਦੇ ਦੂਸਰੇ ਅੰਤਿਮ ਦਿਨ ਹੋਏ ਮੁਕਾਬ-ਲਿਆਂ ਵਿਚ ਸਤਿਆਵਰਤ ਰੋਹਤਿਕ ਨੇ ਸੁਮੀਤ ਰੇਲਵੇ ਦਿੱਲੀ ਨੂੰ 'ਤੇ ਸੁਮਨ ਕੰਦੂ ਹਰਿਆਣਾ ਨੇ ਗੁਰਸ਼ਰਨ ਪ੍ਰੀਤ ਪੀ. ਏ. ਪੀ ਜਲੰਧਰ ਨੂੰ ਹਰਾ ਕੇ ਭਾਰਤ ਕੇਸਰੀ ਦਾ ਖਿਤਾਬ 'ਤੇ ਦੋਵਾ ਨੇ ਕ੍ਰਮਵਾਰ ਇਕ ਲੱਖ ਇਕਵੰਜਾ ਹਜ਼ਾਰ 'ਤੇ 55 ਹਜ਼ਾਰ ਰੁਪਏ ਦਾ ਨਗਦ ਇਨਾਮ ਜਿੱਤਿਆ। ਪੁਰਸ਼ਾਂ ਦੇ ਭਾਰਤ ਕੇਸਰੀ 90 ਕਿਲੋ ਭਾਰ ਵਰਗ ਟਾਈਟਲ ਲਈ ਸਤਿਆਵਰਤ ਰੋਹਤਿਕ ਨੇ ਪਹਿਲਾ, ਸੁਮੀਤ ਰੇਲਵੇ ਦਿੱਲੀ ਨੇ ਦੂਸਰਾ 'ਤੇ ਇਵਨ ਜੋਰਜੀਆ ਨੇ ਤੀਸਰਾ ਸਥਾਨ ਹਾਸਿਲ ਕੀਤਾ, ਭਾਰਤ ਕੇਸਰੀ ਲੜਕੀਆ ਦੇ 60 ਕਿਲੋ ਭਾਰ ਵਰਗ ਟਾਈਟਲ ਲਈ ਸੁਮਨ ਕੰਦੂ ਹਰਿਆਣਾ ਨੇ ਪਹਿਲਾ, ਗੁਰਸ਼ਰਨਪ੍ਰੀਤ ਕੌਰ ਪੀ. ਏ. ਪੀ ਨੇ ਦੂਸਰਾ 'ਤੇ ਸਰਿਤਾ ਨਿਦਾਨੀ ਨੇ ਤੀਸਰਾ ਸਥਾਨ ਹਾਸਿਲ ਕੀਤਾ। ਸ਼ਾਨੇ ਹਿੰਦ 60 ਕਿਲੋ ਭਾਰ ਵਰਗ ਦੇ ਟਾਈਟਲ ਲਈ ਪ੍ਰਦੀਪ ਰੋਹਿਤਕ ਨੇ ਪਹਿਲਾ, ਵਿੱਕੀ ਦਿੱਲੀ ਨੇ ਦੂਸਰਾ 'ਤੇ ਪੰਕਜ ਰਾਣਾ ਕਰਨਾਟਕਾ ਨੇ ਤੀਸਰਾ ਸਥਾਨ ਹਾਸਿਲ ਕੀਤਾ, ਸ਼ਿਤਾਰੇ ਹਿੰਦ 70 ਕਿਲੋ ਭਾਰ ਵਰਗ ਦੇ ਟਾਈਟਲ ਲਈ ਰਾਹੁਲ ਮਾਨ ਰੇਲਵੇ ਨੇ ਪਹਿਲਾ, ਸੁਨੀਲ ਮੋਨੂੰ ਨੇ ਦੂਸਰਾ 'ਤੇ ਦਿਨੇਸ਼ ਜੀਰਕਪੁਰ ਨੇ ਤੀਸਰਾ ਸਥਾਨ ਹਾਸਿਲ ਕੀਤਾ, ਆਫਤਾਬੇ ਹਿੰਦ 80 ਕਿਲੋਂ ਭਾਰ ਵਰਗ ਦੇ ਟਾਈਟਲ ਲਈ ਧੀਰਜ ਦਿੱਲੀ ਨੇ ਪਹਿਲਾ, ਪੰਕਿਜ ਰਾਣਾ ਨੇਵੀ ਨੇ ਦੂਸਰਾ 'ਤੇ ਹਰਦੀਪ ਰਾਏਪੁਰ ਡੱਬਾ ਨੇ ਤੀਸਰਾ ਸਥਾਨ ਹਾਸਿਲ ਕੀਤਾ, ਭਾਰਤ ਕੁਮਾਰ 85 ਕਿਲੋ ਭਾਰ ਵਰਗ ਦੇ ਟਾਈਟਲ ਲਈ ਮਨਵੀਰ ਸਿੰਘ ਖਾਲਸਾ ਕਾਲਜ ਜਲੰਧਰ ਨੇ ਪਹਿਲਾ, ਵਜਿੰਦਰ ਮੋਦੀ ਕਾਲਜ ਪਟਿਆਲਾ ਨੇ ਦੂਸਰਾ 'ਤੇ ਦਸਮਿੰਦਰ ਖਾਲਸਾ ਕਾਲਜ ਜਲੰਧਰ ਨੇ ਤੀਸਰਾ ਸਥਾਨ ਹਾਸਿਲ ਕੀਤਾ, ਸ਼ੇਰੇ ਹਿੰਦ 90 ਕਿਲੋ ਭਾਰ ਵਰਗ ਦੇ ਟਾਈਟਲ ਲਈ ਪ੍ਰਵੀਨ ਰਾਣਾ ਦਿੱਲੀ ਨੇ ਪਹਿਲਾ, ਪ੍ਰਭਪਾਲ ਜੀਰਕਪੁਰ ਨੇ ਦੂਸਰਾ 'ਤੇ ਵਜਿੰਦਰ ਦਿੱਲੀ ਨੇ ਤੀਸਰਾ ਸਥਾਨ ਹਾਸਿਲ ਕੀਤਾ, ਭਾਰਤ ਕੁਮਾਰੀ 60 ਕਿਲੋ ਭਾਰ ਵਰਗ ਦੇ ਟਾਈਟਲ ਲਈ ਨਿਸ਼ਾ ਰੋਹਤਿਕ ਨੇ ਪਹਿਲਾ, ਪ੍ਰੀਤੀ ਜਲੰਧਰ ਨੇ ਦੂਸਰਾ 'ਤੇ ਸੀਤਲ ਮੇਰਠ ਨੇ ਤੀਸਰਾ ਸਥਾਨ ਹਾਸਿਲ ਕੀਤਾ।



ਇਸ ਮੌਕੇ ਪਹਿਲਵਾਨਾਂ ਨੂੰ ਇਨਾਮਾ ਦੀ ਵੰਡ ਗੱਦੀ ਨਸ਼ੀਨ ਸੰਤ ਬਾਬਾ ਬਲਵੀਰ ਸਿੰਘ ਜੀ 'ਤੇ ਸੰਤ ਬਾਬਾ ਜਸਵੰਤ ਸਿੰਘ, ਪਦਮ ਸ੍ਰੀ ਕਰਤਾਰ ਸਿੰਘ, ਸੋਹਣ ਸਿੰਘ ਠੰਡਲ ਨੇ ਸਾਝੇ ਤੌਰ 'ਤੇ ਕੀਤੀ ਇਸ ਮੌਕੇ ਉਨ੍ਹਾਂ ਨਾਲ ਜੇ. ਬੀ. ਸਿੰਘ ਪਰਮਾਰ, ਭੁਪਿੰਦਰ ਸਿੰਘ, ਕੁਸ਼ਤੀ ਕੋਚ ਪੀ. ਆਰ. ਸੋਂਧੀ, ਸੰਤ ਸੁੱਚਾ ਸਿੰਘ ਅਟਾਰੀ, ਸਰਪੰਚ ਰਛਪਾਲ ਕਲੇਰ ਮੰਨਣਹਾਨਾ, ਸੰਤ ਇੰਦਰ ਦਾਸ ਮੇਘੋਵਾਲ, ਸੰਤ ਜਸਵੰਤ ਸਿੰਘ ਖੇੜਾ, ਰਣਜੋਧ ਸਿੰਘ, ਮਾਸਟਰ ਜੀਵਨ ਸਿੰਘ, ਪ੍ਰੋ. ਸੀਤਲ ਸਿੰਘ, ਬਲਵੀਰ ਸਿੰਘ ਚੇਲਾ, ਅਵਤਾਰ ਸਿੰਘ ਗਿੱਲ, ਕਮਲ ਚੋਧਰੀ, ਨੰਬਰਦਾਰ ਤਰਸੇਮ ਸਿੰਘ ਮੰਨਣਹਾਨਾ, ਚੇਅਰਨਮੈਨ ਸਰਵਣ ਸਿੰਘ ਰਸੂਲਪੁਰ, ਮੰਗਲ ਢਿੱਲੋਂ, ਰੋਣਕੀ ਰਾਮ, ਕੇਹਰ ਸਿੰਘ ਐੱਸ. ਪੀ, ਸੁਮੇਰ ਸਿੰਘ ਡੀ. ਐੱਸ. ਪੀ., ਡੀ. ਐੱਸ. ਪੀ ਹਰਦੀਪ ਕੁਮਾਰ ਚੱਬੇਵਾਲ, ਲਵਲੀਨ ਸਿੰਘ ਐੱਸ. ਐੱਚ, ਓ, ਇਕਬਾਲ ਸਿੰਘ ਏ. ਐੱਸ. ਆਈ ਆਦਿ ਹਾਜ਼ਰ ਸਨ।

# ਵਿਸ਼ਵ ਕੱਪ ਕ੍ਰਿਕਟ 'ਚ ਭਾਰਤ ਦਾ ਉਥਾਨ, ਉਮੀਦ ਤੇ ਖ਼ਿਤਾਬ



ਆਸਟਰੇਲੀਆ ਅਤੇ ਨਿਊਜ਼ੀਲੈਂਡ ਦੀ ਸਾਂਝੀ ਮੇਜ਼ਬਾਨੀ ਵਿੱਚ ਖੇਡੇ ਜਾ ਰਹੇ ਆਈਸੀਸੀ ਕ੍ਰਿਕਟ ਵਿਸ਼ਵ ਕੱਪ-2015 ਵਿੱਚ ਧੋਨੀ ਦੀ ਸੈਨਾ ਦੇ ਹੁਣ ਤਕ ਦੇ ਸ਼ਾਨਦਾਰ ਸਫ਼ਰ ਨੇ ਨਵੀਆਂ ਉਮੀਦਾਂ ਜਗਾ ਦਿੱਤੀਆਂ ਹਨ ਅਤੇ ਮੌਜੂਦਾ ਫਾਰਮ ਦੇ ਆਧਾਰ 'ਤੇ ਉਸ ਨੂੰ ਲਗਾਤਾਰ ਦੂਜੀ ਵਾਰ ਖ਼ਿਤਾਬ ਦੀ ਮਜ਼ਬੂਤ ਦਾਅਵੇਦਾਰ ਮੰਨਿਆ ਜਾ ਰਿਹਾ ਹੈ। ਇਸ ਨਾਲ ਭਾਰਤ ਦੇ ਤੀਜੀ ਵਾਰ ਖ਼ਿਤਾਬ ਜਿੱਤਣ ਦੀ ਉਮੀਦ ਬੱਝ ਗਈ ਹੈ। ਵਿਸ਼ਵ ਕੱਪ ਤੋਂ ਪਹਿਲਾਂ ਆਸਟਰੇਲੀਆ ਤੋਂ ਟੈਸਟ ਲੜੀ ਤੇ ਇਕ ਰੋਜ਼ਾ ਮੈਚਾਂ ਦੀ ਲੜੀ ਵਿੱਚ ਮਿਲੀ ਹਾਰ ਲਈ ਮੀਡੀਆ ਨੇ ਕਪਤਾਨ ਮਹਿੰਦਰ ਸਿੰਘ ਧੋਨੀ ਨੂੰ ਜ਼ਿੰਮੇਵਾਰ ਠਹਿਰਾ ਕੇ ਵਿਰਾਟ ਕੋਹਲੀ ਨੂੰ ਭਾਰਤੀ ਟੀਮ ਦੇ ਕਪਤਾਨ ਵਜੋਂ ਉਭਾਰਿਆ ਸੀ। ਇਸ ਦਬਾਅ ਕਾਰਨ ਉਸ ਨੂੰ ਭਾਰਤੀ ਟੈਸਟ ਟੀਮ ਦੀ ਕਪਤਾਨੀ ਛੱਡਣੀ ਪਈ ਸੀ। ਧੋਨੀ ਦੇ ਆਲੋਚਕ ਇਹ ਭੁੱਲ ਗਏ ਸਨ ਕਿ ਸਾਲ 1983 ਵਿੱਚ ਕਪਿਲ ਦੇਵ ਤੋਂ ਬਾਅਦ ਸਾਲ 2011 ਵਿੱਚ ਧੋਨੀ ਦੀ ਅਗਵਾਈ ਵਾਲੀ ਟੀਮ ਨੇ ਹੀ ਭਾਰਤ ਦੀ ਝੋਲੀ ਵਿੱਚ ਦੂਜਾ ਵਿਸ਼ਵ ਕੱਪ ਪਾਇਆ ਸੀ।

ਕ੍ਰਿਕਟ ਦੇ ਮਹਾਂਕੁੰਭ ਵਿੱਚ ਪੂਲ 'ਬੀ' ਦੇ ਸਾਰੇ ਛੇ ਮੈਚ ਜਿੱਤ ਕੇ ਧੋਨੀ ਨੇ ਸਾਰਿਆਂ ਦੇ ਮੂੰਹ ਬੰਦ ਕਰ ਦਿੱਤੇ ਹਨ। ਭਾਰਤੀ ਟੀਮ ਨੇ ਆਪਣੇ ਗੁਆਂਢੀ ਮੁਲਕ ਪਾਕਿਸਤਾਨ ਨੂੰ ਹਰਾ ਵਿਸ਼ਵ ਕੱਪ 'ਚ ਆਪਣੀ ਮੁਹਿੰਮ ਦਾ ਸ਼ਾਨਦਾਰ ਆਗਾਜ਼ ਕੀਤਾ ਅਤੇ ਇਸ ਬਾਅਦ ਉਸ ਨੇ ਦੱਖਣੀ ਅਫਰੀਕਾ, ਯੂਏਈ, ਵੈਸਟ ਇੰਡੀਜ਼, ਆਇਰਲੈਂਡ ਅਤੇ ਜ਼ਿੰਬਾਬਵੇ ਨੂੰ ਨੇੜ ਨਹੀਂ ਲੱਗਣ ਦਿੱਤਾ। ਭਾਰਤੀ ਟੀਮ ਕੁਆਰਟਰ ਫਾਈਨਲ ਵਿੱਚ ਹੁਣ 19 ਮਾਰਚ ਨੂੰ ਬੰਗਲਾਦੇਸ਼ ਨਾਲ ਮੱਥਾ ਲਾਵੇਗੀ। ਲੀਗ ਗੇੜ 'ਚ ਬੰਗਲਾਦੇਸ਼ ਦਾ ਪ੍ਰਦਰਸ਼ਨ ਮਿਲਿਆ ਜੁਲਿਆ ਰਿਹਾ ਹੈ ਉਸ ਨੇ ਪੂਲ 'ਏ' ਵਿੱਚ ਚੌਥੇ ਸਥਾਨ 'ਤੇ ਰਹਿ ਕੇ ਕੁਆਰਟਰ ਫਾਈਨਲ ਵਿੱਚ ਦਾਖ਼ਲਾ ਹਾਸਲ ਕੀਤਾ ਹੈ। ਉਸ ਨੇ ਕ੍ਰਿਕਟ ਦੀ ਜਣਨੀ ਇੰਗਲੈਂਡ ਦੀ ਟੀਮ ਨੂੰ ਹਰਾ ਕੇ ਕੁਆਰਟਰ ਫਾਈਨਲ ਦੀ ਦੌੜ ਵਿੱਚੋਂ ਬਾਹਰ ਕੀਤਾ ਹੈ। ਇਹ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਜਦੋਂ ਇੰਗਲਿਸ਼ ਟੀਮ ਲੀਗ ਗੇੜ 'ਚੋਂ ਹੀ ਬਾਹਰ ਹੋ ਗਈ ਹੋਵੇ। ਕੁਆਰਟਰ ਫਾਈਨਲ ਵਿੱਚ ਭਾਰਤੀ ਬੱਲੇਬਾਜ਼ਾਂ ਅਤੇ ਬੰਗਲਾਦੇਸ਼ ਦੇ ਗੇਂਦਬਾਜ਼ਾਂ ਦੀ ਪਰਖ ਹੋਵੇਗੀ। ਪਰ ਉਮੀਦ ਹੈ ਕਿ ਭਾਰਤ ਦੇ ਫਾਰਮ ਵਿੱਚ ਚੱਲ ਰਹੇ ਬੱਲੇਬਾਜ਼ ਸ਼ਿਖਰ ਧਵਨ, ਕੋਹਲੀ, ਸੁਰੇਸ਼ ਰੈਣਾ ਤੇ ਧੋਨੀ ਲਈ ਬੰਗਲਾਦੇਸ਼ ਦੇ ਗੇਂਦਬਾਜ਼ਾਂ ਦਾ ਸਾਹਮਣਾ ਕਰਨਾ ਕੋਈ ਵੱਡੀ ਗੱਲ ਨਹੀਂ ਹੋਵੇਗੀ। ਪਰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ 2007 ਦੇ ਵਿਸ਼ਵ ਕੱਪ ਵਿੱਚ ਭਾਰਤ ਨੂੰ ਬੰਗਲਾਦੇਸ਼ ਹੱਥੋਂ ਕਰਾਰੀ ਹਾਰ ਮਿਲੀ ਸੀ ਤੇ ਉਹ ਨਾਕਆਊਟ ਗੇੜ 'ਚ ਦਾਖ਼ਲਾ ਹਾਸਲ ਕਰਨ ਵਿੱਚ ਨਾਕਾਮ ਰਿਹਾ ਸੀ। ਵਿਸ਼ਵ ਕੱਪ ਸ਼ੁਰੂ ਹੋਣ ਤੋਂ ਪਹਿਲਾਂ ਮਾਹਿਰ ਕਿਆਸ ਲਗਾ ਰਹੇ ਸਨ ਕਿ ਭਾਰਤੀ ਟੀਮ ਨਾਕਆਊਟ ਗੇੜ ਵਿੱਚ ਨਹੀਂ ਪਹੁੰਚ ਸਕੇਗੀ ਅਤੇ ਦੱਖਣੀ ਅਫਰੀਕਾ ਖ਼ਿਲਾਫ਼ ਮੈਚ ਨੂੰ ਵੱਡੀ ਪ੍ਰੀਖਿਆ ਮੰਨਿਆ ਜਾ ਰਿਹਾ ਸੀ ਕਿਉਂਕਿ ਵਿਸ਼ਵ ਕੱਪ 'ਚ ਭਾਰਤ ਤੇ ਅਫਰੀਕੀ ਟੀਮ ਇਸ ਤੋਂ ਪਹਿਲਾਂ ਤਿੰਨ ਵਾਰ ਆਹਮੋ ਸਾਹਮਣੇ ਹੋਈਆਂ ਸਨ ਅਤੇ ਹਰ ਵਾਰ ਭਾਰਤ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਸੀ ਪਰ ਧੋਨੀ ਦੀ ਸੈਨਾ ਨੇ ਭਾਰਤੀ ਟੀਮ ਦੇ ਮੱਥੇ ਤੋਂ ਇਸ ਵਾਰ ਇਹ ਦਾਗ ਵੀ ਧੋ ਦਿੱਤਾ ਹੈ।

ਲੀਗ ਗੇੜ ਦੇ ਸ਼ਾਨਦਾਰ ਸਫ਼ਰ ਦੌਰਾਨ ਭਾਰਤੀ ਗੇਂਦਬਾਜ਼ਾਂ ਨੇ ਬੱਲੇਬਾਜ਼ਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਪ੍ਰਦਰਸ਼ਨ ਕੀਤਾ ਹੈ। ਹਰ ਜਿੱਤ ਲਈ ਹਮੇਸ਼ਾ ਭਾਰਤੀ ਬੱਲੇਬਾਜ਼ਾਂ ਨੂੰ ਵਡਿਆਇਆ ਜਾਂਦਾ ਰਿਹਾ ਹੈ ਪਰ ਗੇਂਦਬਾਜ਼ਾਂ ਨੇ ਆਪਣੇ ਸਾਰੇ ਮੈਚਾਂ ਵਿੱਚ ਵਿਰੋਧੀ ਟੀਮਾਂ ਨੂੰ ਆਲ ਆਊਟ ਕਰਕੇ ਸਾਰਿਆਂ ਨੂੰ ਪ੍ਰਸੰਸਾ ਲਈ ਮਜਬੂਰ ਕਰ ਦਿੱਤਾ ਹੈ। ਭਾਰਤੀ ਗੇਂਦਬਾਜ਼ਾਂ ਨੇ ਛੇ ਮੈਚਾਂ 'ਚ ਪੰਜਾਹ ਵਿਕਟਾਂ ਉਡਾਈਆਂ ਹਨ। ਭਾਰਤ ਦਾ ਸਭ ਤੋਂ ਸਫ਼ਲ ਗੇਂਦਬਾਜ਼ ਮੁਹੰਮਦ ਸ਼ਮੀ ਰਿਹਾ ਹੈ, ਜਿਸ ਨੇ ਹੁਣ ਤਕ 15 ਵਿਕਟਾਂ ਝਟਕਾਈਆਂ ਹਨ।

ਪੂਲ 'ਏ' ਵਿੱਚੋਂ ਨਿਊਜ਼ੀਲੈਂਡ ਦੀ ਟੀਮ ਵਿਸ਼ਵ ਕੱਪ ਖ਼ਿਤਾਬ ਦੀ ਮਜ਼ਬੂਤ ਦਾਅਵੇਦਾਰ ਬਣ ਕੇ ਉੱਭਰੀ ਹੈ, ਜਿਸ ਨੇ ਪੂਲ 'ਏ' ਵਿੱਚ ਆਪਣੇ ਸਾਰੇ ਮੈਚ ਜਿੱਤ ਕੇ ਕੁਆਰਟਰ ਫਾਈਨਲ ਵਿੱਚ ਦਾਖ਼ਲਾ ਹਾਸਲ ਕੀਤਾ ਹੈ। ਉਸ ਨੇ ਆਪਣੇ ਪੂਲ ਦੀ ਮਜ਼ਬੂਤ ਟੀਮ ਆਸਟਰੇਲੀਆ ਨੂੰ ਹਰਾ ਕੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਅੱਗੇ ਵੀ ਕਿਸੇ ਨਾਲ ਕੋਈ ਢਿੱਲ ਨਹੀਂ ਵਰਤਣ ਵਾਲੀ।

**ਕੋਹਲੀ ਦੀ 'ਮੰਦੀ' ਬੋਲੀ-** ਮੈਦਾਨ 'ਤੇ ਹਮਲਾਵਰ ਬੱਲੇਬਾਜ਼ੀ ਲਈ ਜਾਣਿਆ ਜਾਂਦਾ ਵਿਰਾਟ ਕੋਹਲੀ ਅੱਜ ਕੱਲ੍ਹ ਜ਼ੁਬਾਨੀ ਹੱਲੇ ਲਈ ਵੀ ਮਸ਼ਹੂਰ ਹੁੰਦਾ ਜਾ ਰਿਹਾ ਹੈ। 'ਦਿ ਇੰਡੀਅਨ ਐਕਸਪ੍ਰੈਸ' ਦੇ ਪੱਤਰਕਾਰ ਸੰਦੀਪ ਦਿਵੇਦੀ ਨੇ ਆਰਟੀਕਲ ਲਿਖਿਆ ਸੀ ਕਿ ਕੋਹਲੀ ਨੂੰ ਇੰਗਲੈਂਡ ਦੌਰੇ ਦੌਰਾਨ ਬੀਸੀਸੀਆਈ ਨੇ ਅਨੁਸ਼ਕਾ ਸ਼ਰਮਾ ਨੂੰ ਨਾਲ ਰੱਖਣ ਦੀ ਆਗਿਆ ਦਿੱਤੀ ਸੀ। ਇਸ ਗੱਲ ਤੋਂ ਭਖੇ ਕੋਹਲੀ ਨੇ ਪਿਛਲੇ ਦਿਨੀਂ ਅਭਿਆਸ ਸੈਸ਼ਨ ਦੌਰਾਨ ਬਿਨਾਂ ਅੱਗਾ ਪਿੱਛਾ ਦੇਖਿਆ ਭੁਲੇਖੇ ਵਿੱਚ 'ਹਿੰਦੋਸਤਾਨ ਟਾਈਮਜ਼' ਅਖ਼ਬਾਰ ਦੇ ਪੱਤਰਕਾਰ ਜਸਵਿੰਦਰ ਸਿੱਧੂ 'ਤੇ ਗਾਲ੍ਹਾਂ ਦੇ ਛੱਕੇ ਜੜ ਧਰੇ। ਭਾਰਤੀ ਟੀਮ ਪ੍ਰਬੰਧਕਾਂ ਨੇ ਇਸ ਮਾਮਲੇ ਨੂੰ ਮਾਮੂਲੀ ਦੱਸਦਿਆਂ ਦਬਾਉਣ ਦੀ ਕੋਸ਼ਿਸ਼ ਕੀਤੀ ਪਰ ਬੀਸੀਸੀਆਈ ਨੇ ਕੋਹਲੀ ਨੂੰ ਭਵਿੱਖ ਵਿੱਚ ਗਰਮੀ ਸਾਂਭ ਕੇ ਰੱਖਣ ਦੀ ਤਾੜਨਾ ਕੀਤੀ ਹੈ।

**– ਅਮਨਦੀਪ ਸਿੰਘ ਸੰਧੂ**

# ਸਦਾਬਹਾਰ ਅਤੇ ਮਨਮੋਹਕ ਗੀਤਾਂ ਦਾ ਰਚੇਤਾ ਸੀ ਹਸਰਤ ਜੈਪੁਰੀ

'ਤੇਰੀ ਪਿਆਰੀ ਪਿਆਰੀ ਸੂਰਤ ਕੋ ਕਿਸੀ ਕੀ ਨਜ਼ਰ ਨਾ ਲਗੇ', 'ਜ਼ਿੰਦਗੀ ਏਕ ਸਫ਼ਰ ਹੈ ਸੁਹਾਨਾ', 'ਜਾਨੇ ਕਹਾਂ ਗਏ ਵੋ ਦਿਨ', 'ਬਹਾਰੋ ਫੂਲ ਬਰਸਾਓ'ਅਤੇ 'ਬੇਦਰਦੀ ਬਾਲਮਾਂ ਤੁਝ ਕੋ ਮੇਰਾ ਮਨ ਯਾਦ ਕਰਤਾ ਹੈ' ਆਦਿ ਭਾਰਤੀ ਫ਼ਿਲਮ ਇਤਿਹਾਸ ਦੇ ਉਹ ਸਦਾਬਹਾਰ ਤੇ ਯਾਦਗਾਰੀ ਨਗ਼ਮੇ ਹਨ ਜਿਨ੍ਹਾਂ ਨੂੰ ਗੀਤਕਾਰ ਹਸਰਤ ਜੈਪੁਰੀ ਨੇ ਰਚਿਆ ਤੇ ਅਮਰ ਕਰ ਦਿੱਤਾ। ਪਾਏਦਾਰ ਸ਼ਾਇਰੀ ਰਚਣ ਵਾਲੇ ਇਹ ਹਰਦਿਲ ਅਜ਼ੀਜ ਸ਼ਾਇਰ ਸਨ। ਹਸਰਤ ਜੈਪੁਰੀ ਫ਼ਿਲਮਾਂ ਦੇ ਟਾਈਟਲ ਗੀਤ ਲਿਖਣ ਵਾਲਾ ਉਸਤਾਦ ਸ਼ਾਇਰ ਸੀ। ਉਨ੍ਹਾਂ ਦੇ ਰਚੇ ਟਾਈਟਲ ਗੀਤਾਂ ਵਿੱਚ- 'ਦੀ-ਵਾਨਾ ਮੁਝ ਕੋ ਲੋਗ ਕਹੇਂ'(ਦੀਵਾਨਾ), 'ਦਿਲ ਏਕ ਮੰਦਰ ਹੈ' (ਦਿਲ ਏਕ ਮੰਦਰ), 'ਤੇਰੇ ਘਰ ਕੇ ਸਾਮ੍ਹਨੇ ਏਕ ਘਰ ਬਨਾਊਂਗਾ' (ਤੇਰੇ ਘਰ ਕੇ ਸਾਮ੍ਹਨੇ), 'ਗੁੰਮਨਾਮ ਹੈ ਕੋਈ' (ਗੁੰਮਨਾਮ), 'ਐਨ ਈਵਨਿੰਗ ਇਨ ਪੈਰਿਸ' (ਐਨ ਈਵਨਿੰਗ ਇਨ ਪੈਰਿਸ), 'ਰਾਤ ਔਰ ਦਿਨ ਦੀਆ ਜਲੇ' (ਰਾਤ ਔਰ ਦਿਨ) ਅਤੇ 'ਦੋ ਜਾਸੂਸ ਕਰੇਂ ਮਹਿਸੂਸ' (ਦੋ ਜਾਸੂਸ) ਆਦਿ ਦਾ ਜ਼ਿਕਰ ਬਹੁਤ ਹੀ ਫ਼ਖ਼ਰ ਨਾਲ ਕੀਤਾ ਜਾ ਸਕਦਾ ਹੈ।



15 ਅਪਰੈਲ 1918 ਨੂੰ ਜੈਪੁਰ ਵਿਖੇ ਜਨਮੇ ਹਸਰਤ ਜੈਪੁਰੀ ਨੇ ਸਕੂਲੀ ਵਿੱਦਿਆ ਹਾਸਲ ਕਰਨ ਦੇ ਨਾਲ-ਨਾਲ ਉਰਦੂ ਅਤੇ ਫ਼ਾਰਸੀ ਦੀ ਤਾਲੀਮ ਆਪਣੇ ਦਾਦਾ ਫ਼ਿਦਾ ਹੁਸੈਨ ਤੋਂ ਹਾਸਲ ਕੀਤੀ ਸੀ ਤੇ ਸ਼ਾਇਰੀ ਰਚਣ ਦੀ ਚੇਟਕ ਵੀ ਉਨ੍ਹਾਂ ਨੂੰ ਨਿੱਕੀ ਉਮਰੇ ਹੀ ਲੱਗ ਗਈ ਸੀ। ਜਵਾਨੀ ਦੇ ਦਿਨਾਂ ਵਿੱਚ ਉਹ ਜੈਪੁਰ ਵਿਖੇ ਆਯੋਜਿਤ ਹੋਣ ਵਾਲੇ ਉਰਦੂ ਮੁਸ਼ਾਇਰਿਆਂ ਵਿੱਚ ਸਭਨਾਂ ਦੀ ਤਾਰੀਫ਼ ਹਾਸਲ ਕਰਨ ਵਾਲੇ ਸ਼ਾਇਰ ਬਣ ਗਏ ਸਨ। ਇਸੇ ਦੌਰਾਨ ਹੀ ਉਨ੍ਹਾਂ ਦੇ ਮਨ ਵਿੱਚ ਫ਼ਿਲਮੀ ਗੀਤਕਾਰ ਬਣਨ ਦੀ ਇੱਛਾ ਨੇ ਜਨਮ ਲਿਆ ਅਤੇ ਘਰੇਲੂ ਤੇ ਪਰਿਵਾਰਕ ਮੈਂਬਰਾਂ ਦੇ ਵਿਰੋਧ ਦੇ ਫਲਸਰੂਪ ਉਹ ਘਰੋਂ ਭੱਜ ਕੇ ਮੁੰਬਈ ਆ ਗਏ ਤੇ ਕੰਮ ਦੀ ਤਲਾਸ਼ ਵਿੱਚ ਜੁਟ ਗਏ। ਭੁੱਖੇ ਪੇਟ ਨੂੰ ਝੁਲਕਾ ਦੇਣ ਲਈ ਉਨ੍ਹਾਂ ਨੇ ਗਿਆਰ੍ਹਾਂ ਰੁਪਏ ਮਹੀਨਾ ਦੀ ਤਨਖਾਹ 'ਤੇ ਬੱਸ ਕੰਡਕਟਰ ਵਜੋਂ ਨੌਕਰੀ ਵੀ ਕੀਤੀ ਪਰ ਸ਼ਾਇਰੀ ਰਚਣ ਅਤੇ ਮੁਸ਼ਾਇਰਿਆਂ ਵਿੱਚ ਸ਼ਿਰਕਤ ਕਰਨ ਦਾ ਰੁਝਾਨ ਨਾ ਛੱਡਿਆ।

ਖ਼ੁਸ਼ਕਿਸਮਤੀ ਨਾਲ ਇੱਕ ਮੁਸ਼ਾਇਰੇ ਵਿੱਚ ਉਨ੍ਹਾਂ ਦੀ ਮੁਲਾਕਾਤ ਮਸ਼ਹੂਰ ਫ਼ਿਲਮ ਅਦਾਕਾਰ ਪ੍ਰਿਥਵੀ ਰਾਜ ਕਪੂਰ ਨਾਲ ਹੋ ਗਈ ਜੋ ਉਨ੍ਹਾਂ ਦੀ ਸ਼ਾਇਰੀ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਨੂੰ ਆਪਣਾ ਕਾਰਡ ਦੇ ਕੇ ਆਪਣੇ ਪੁੱਤ ਰਾਜ ਕਪੂਰ ਨੂੰ ਮਿਲਣ ਲਈ ਕਿਹਾ ਜੋ ਉਸ ਸਮੇਂ ਫ਼ਿਲਮ 'ਬਰਸਾਤ' ਬਣਾ ਰਿਹਾ ਸੀ। ਰਾਜ ਕਪੂਰ ਦੇ ਕਹਿਣ 'ਤੇ ਨਵੀਂ ਸੰਗੀਤਕਾਰ ਜੋੜੀ ਸ਼ੰਕਰ-ਜੈ ਕਿਸ਼ਨ ਨੇ ਹਸਰਤ ਜੈਪੁਰੀ ਨੂੰ ਇੱਕ ਧੁਨ ਸੁਣਾਈ ਅਤੇ ਗੀਤ ਲਿਖਣ ਲਈ ਕਿਹਾ। ਉਨ੍ਹਾਂ ਨੇ ਉਸ ਧੁਨ 'ਤੇ ਜੋ ਗੀਤ ਰਚਿਆ, ਉਸ ਦੇ ਬੋਲ ਸਨ-

''ਜੀਆ ਬੇਕਰਾਰ ਹੈ, ਛਾਈ ਬਹਾਰ ਹੈ
ਆਜਾ ਮੋਰੇ ਬਾਲਮਾ, ਤੇਰਾ ਇੰਤਜ਼ਾਰ ਹੈ।''

1949 ਵਿੱਚ ਬਣੀ ਫ਼ਿਲਮ 'ਬਰਸਾਤ' ਦਾ ਇਹ ਗੀਤ ਹਿੱਟ ਰਿਹਾ ਅਤੇ ਹਸਰਤ ਜੈਪੁਰੀ ਨੇ ਬਾਲੀਵੁੱਡ ਵਿੱਚ ਸ਼ਾਨਦਾਰ ਐਂਟਰੀ ਹਾਸਲ ਕਰ ਲਈ। ਉਸ ਤੋਂ ਬਾਅਦ ਰਾਜ ਕਪੂਰ ਨਾਲ ਉਨ੍ਹਾਂ ਦੀ ਸਾਂਝ ਐਨੀ ਗੂੜ੍ਹੀ ਪੈ ਗਈ ਜੋ ਰਾਜ ਦੀ ਆਖ਼ਰੀ ਫ਼ਿਲਮ 'ਰਾਮ ਤੇਰੀ ਗੰਗਾ ਮੈਲੀ' ਤਕ ਨਿਭੀ।

ਜਵਾਨੀ ਦੇ ਦਿਨਾਂ ਵਿੱਚ ਹਸਰਤ ਜੈਪੁਰੀ ਨੂੰ 'ਰਾਧਾ' ਨਾਂ ਦੀ ਇੱਕ ਮੁਟਿਆਰ ਨਾਲ ਮੁਹੱਬਤ ਹੋ ਗਈ ਸੀ ਅਤੇ ਆਪਣੀ ਮੁਹੱਬਤ ਦਾ ਇਜ਼ਹਾਰ ਉਨ੍ਹਾਂ ਨੇ ਸ਼ਾਇਰਾਨਾ 'ਪ੍ਰੇਮ ਪੱਤਰ' ਲਿਖ ਕੇ ਕੀਤਾ ਸੀ ਪਰ ਮਨ ਵਿੱਚ ਡਰ ਵੀ ਸੀ ਕਿ ਪ੍ਰੇਮ ਪੱਤਰ ਪੜ੍ਹ ਕੇ ਕਿਤੇ ਉਹ ਨਾਰਾਜ਼ ਨਾ ਹੋ ਜਾਵੇ। ਇਸ ਲਈ ਉਨ੍ਹਾਂ ਨੇ ਪੱਤਰ ਵਿੱਚ ਚੰਦ ਸਤਰ੍ਹਾਂ ਕੁਝ ਇਸ ਤਰ੍ਹਾਂ ਲਿਖ ਭੇਜੀਆਂ ਸਨ-

''ਯੇਹ ਮੇਰਾ ਪ੍ਰੇਮ ਪੱਤਰ ਪੜ੍ਹ ਕਰ
ਕਿ ਤੁਮ ਨਾਰਾਜ਼ ਨਾ ਹੋਨਾ
ਕਿ ਤੁਮ ਮੇਰੀ ਜ਼ਿੰਦਗੀ ਹੋ
ਕਿ ਤੁਮ ਮੇਰੀ ਬੰਦਗੀ ਹੋ।''

ਬਾਅਦ ਵਿੱਚ ਉਨ੍ਹਾਂ ਉਪਰੋਕਤ ਸਤਰਾਂ 'ਤੇ ਆਧਾਰਿਤ ਪੂਰਾ ਗੀਤ ਲਿਖ ਦਿੱਤਾ ਜੋ ਕਿ ਸ਼ੰਕਰ-ਜੈ ਕਿਸ਼ਨ ਨੇ ਫ਼ਿਲਮ 'ਸੰਗਮ' ਵਿੱਚ ਲਿਆ ਅਤੇ ਕਾਫ਼ੀ ਮਕਬੂਲ ਹੋਇਆ। ਛੋੜ ਗਏ ਬਾਲਮ ਮੁਝੇ ਹਾਏ ਅਕੇਲਾ ਛੋੜ ਗਏ', 'ਰਸਿਕ ਬਲਮਾ ਦਿਲ ਕਿਉਂ ਲਗਾਇਆ ਤੋਹ ਸੇ', 'ਤੁਮਨੇ ਕਿਸੀ ਕੀ ਜਾਨ ਕੋ ਜਾਤੇ ਹੂਏ ਦੇਖਾ ਹੈ', 'ਫਲਸਫਾ ਪਿਆਰ ਕਾ ਤੁਮ ਕਿਆ ਜਾਨੋ', 'ਸੁਨੋ ਛੋਟੀ ਸੀ ਗੁੜੀਆ ਕੀ ਲੰਬੀ ਕਹਾਨੀ' ਅਤੇ 'ਸੁਨ ਸਾਹਿਬਾ ਸੁਨ ਪਿਆਰ ਕੀ ਧੁਨ' ਆਦਿ ਵਰਗੇ ਤਿੰਨ ਸੌ ਫ਼ਿਲਮਾਂ ਦੇ ਦੋ ਹਜ਼ਾਰ ਗੀਤਾਂ ਨੂੰ ਰਚਣ ਵਾਲੇ ਹਸਰਤ ਜੈਪੁਰੀ ਨੂੰ 'ਜੋਸ਼ ਮਲੀਹਾਬਾਦੀ ਪੁਰਸਕਾਰ' ਅਤੇ 'ਵਰਲਡ ਯੂਨੀਵਰਸਿਟੀ ਟੇਬਲਜ਼ ਡਾਇਰੈਕਟਰ ਐਵਾਰਡ' ਨਾਲ ਨਿਵਾ-ਜਆ ਗਿਆ ਸੀ। 'ਝਨਕ ਝਨਕ ਤੋਰ੍ਹੀ ਬਾਜੇ ਪਾਯਲੀਆ' ਨਾਮੀਂ ਗੀਤ ਲਈ 'ਡਾ. ਅੰਬੇਦਕਰ ਪੁਰਸਕਾਰ' ਪ੍ਰਾਪਤ ਕਰਕੇ ਉਨ੍ਹਾਂ ਨੂੰ ਬੇਹੱਦ ਖ਼ੁਸ਼ੀ ਹੋਈ ਸੀ। ਹਸਰਤ ਜੈਪੁਰੀ, ਅੱਸੀ ਸਾਲ ਦੀ ਉਮਰ ਵਿੱਚ ਵੀ ਮਨ ਅਤੇ ਰੂਹ ਤੋਂ ਜਵਾਨ ਹੀ ਰਹੇ। ਉਹ ਇਸ ਉਮਰ ਵਿੱਚ ਵੀ ਰੁਮਾਂਟਿਕ ਨਗਮੇ ਸਿਰਜਦੇ ਰਹੇ। 1997 ਵਿੱਚ ਬਣੀ ਅਕਸ਼ੇ ਕੁਮਾਰ ਅਤੇ ਜੂਹੀ ਚਾਵਲਾ ਦੀ ਫ਼ਿਲਮ 'ਮਿਸਟਰ ਐਂਡ ਮਿਸਿਜ਼ ਖਿਲਾੜੀ' ਲਈ ਵੀ ਉਨ੍ਹਾਂ ਨੇ ਗੀਤ ਲਿਖੇ ਸਨ ਅਤੇ ਇਹ ਉਨ੍ਹਾਂ ਦੀ ਆਖਰੀ ਫ਼ਿਲਮ ਸੀ। ਉਨ੍ਹਾਂ ਦਾ ਆਖਰੀ ਸੁਪਰਹਿੱਟ ਗੀਤ- 'ਪਾਸ ਵੋ ਆਨੇ ਲਗੇ ਜ਼ਰਾ-ਜ਼ਰਾ' ਸੀ ਜੋ ਕਿ ਫ਼ਿਲਮ 'ਮੈਂ ਖਿਲਾੜੀ ਤੂੰ ਅਨਾੜੀ' ਲਈ ਰਿਕਾਰਡ ਕੀਤਾ ਗਿਆ। 17 ਸਤੰਬਰ 1999 ਨੂੰ 81 ਸਾਲ ਦੀ ਉਮਰ ਵਿੱਚ ਉਹ ਇਸ ਦੁਨੀਆਂ ਨੂੰ ਅਲਵਿਦਾ ਆਖ ਗਏ। ਸਦਾਬਹਾਰ ਅਤੇ ਮਨਮੋਹਕ ਗੀਤਾਂ ਦੀ ਰਚਨਾ ਲਈ ਉਨ੍ਹਾਂ ਨੂੰ ਬੜੀ ਅਕੀਦਤ ਨਾਲ ਸਦਾ ਹੀ ਯਾਦ ਕੀਤਾ ਜਾਂਦਾ ਰਹੇਗਾ।

**– ਪਰਮਜੀਤ ਸਿੰਘ ਨਿੱਕੇ ਘੁੰਮਣ**

# ਗੁਰਦੁਆਰਾ ਸਾਹਿਬ ਟਰਲੱਕ ਵਿਖੇ ਮਨਾਇਆ ਚੌਥਾ ਨਗਰ ਕੀਰਤਨ

***(ਪਹਿਲੇ ਸਫੇ ਦੀ ਬਾਕੀ)*** ਸੰਗਤਾਂ ਨੇ ਥਾਂ-ਥਾਂ 'ਤੇ ਨਗਰ ਕੀਰਤਨ ਦਾ ਸਵਾਗਤ ਕੀਤਾ ਤੇ ਤਰ੍ਹਾਂ-ਤਰ੍ਹਾਂ ਦੇ ਲੰਗਰ ਲਾਏ ਹੋਏ ਸਨ। ਨਗਰ ਕੀਰਤਨ ਵੱਖ-ਵੱਖ ਥਾਵਾਂ ਤੋਂ ਹੁੰਦਾ ਹੋਇਆ ਵਾਪਸ ਗੁਰੂ ਘਰ ਵਿਖੇ ਸ਼ਾਮ ਸਾਢੇ 4 ਵਜੇ ਪੁੱਜਾ। ਇਸ ਤੋਂ ਪਹਿਲਾਂ 14 ਮਾਰਚ ਨੂੰ ਹੋਏ ਖੇਡ ਮੇਲੇ ਵਿਚ ਬੱਚਿਆਂ, ਨੌਜਵਾਨਾਂ, ਬਜ਼ੁਰਗਾਂ ਤੇ ਬੀਬੀਆਂ ਦੀਆਂ ਖੇਡਾਂ ਹੋਈਆਂ। ਬੱਚਿਆਂ ਦੀਆਂ ਦੌੜਾਂ ਤੋਂ ਇਲਾਵਾ 55 ਸਾਲਾ ਤੋਂ ਹੇਠਾਂ ਤੇ 60 ਸਾਲ ਤੋਂ ਉਪਰ ਵਿਅਕਤੀਆਂ ਦੀਆਂ ਦੌੜਾਂ ਹੋਈਆਂ, ਕੁਸ਼ਤੀਆਂ ਹੋਈਆ ਤੇ ਬੱਚਿਆਂ, ਨੌਜਵਾਨਾਂ ਤੇ ਬਜ਼ੁਰਗਾਂ ਦੇ ਰੱਸਾਕੱਸ਼ੀ ਮੁਕਾਬਲੇ ਹੋਏ। ਗੱਤਕਾ ਦਲ ਤਰਨਾ ਦਲ ਨੇ ਵੀ ਇਨ੍ਹਾਂ ਮੁਕਾਬਲਿਆਂ 'ਚ ਹਿੱਸਾ ਲਿਆ। ਬੀਬੀਆਂ ਤੇ ਬੱਚੀਆਂ ਦੀਆਂ ਦੌੜਾ ਹੋਈਆਂ। ਚਾਟੀ ਦੌੜ ਵੀ ਹੋਈ। ਸੰਦੀਪ ਜੈਂਟੀ, ਹਰਸਿਮਰਨ ਸਿੰਘ ਸੰਗਰਾਮ, ਭਾਗਦੀਪ ਸਿੰਘ, ਸਰਬਜੀਤ ਸਿੰਘ ਤੇ ਜ਼ੋਰਾਵਰ ਸਿੰਘ ਸੰਧੂ ਨੇ ਵੱਖ-ਵੱਖ ਖੇਡਾਂ ਲਈ ਰੈਫਰੀ ਦੀ ਜ਼ਿੰਮੇਵਾਰੀ ਨਿਭਾਈ।

# ਪੰਜਾਬ ਦਾ ਬਜਟ- ਨਾ ਕੋਈ ਨਵਾਂ ਟੈਕਸ ਨਹੀਂ ਨਾ ਹੀ ਕੋਈ ਯੋਜਨਾ

***(ਪਹਿਲੇ ਸਫੇ ਦੀ ਬਾਕੀ)*** ਸਾਲ ਦੌਰਾਨ ਕੰਮ ਚਲਾਉਣ ਲਈ 14125 ਕਰੋੜ ਰੁਪਏ ਦਾ ਕਰਜ਼ਾ ਲਿਆ ਜਾਵੇਗਾ। ਮਹੱਤਵਪੂਰਨ ਤੱਥ ਇਹ ਹੈ ਕਿ ਸਰਕਾਰ ਨੂੰ ਅਗਲੇ ਮਾਲੀ ਸਾਲ ਦੌਰਾਨ ਕਰਾਂ ਤੋਂ ਮਹਿਜ਼ 3 ਫੀਸਦੀ ਦਾ ਇਜ਼ਾਫਾ ਹੋਣ ਦੀ ਉਮੀਦ ਹੈ ਜੋ ਮਾਲੀ ਹਾਲਤ ਹੋਰ ਵੀ ਨਿੱਘਰਨ ਦੇ ਸੰਕੇਤ ਹਨ। ਇਸੇ ਤਰ੍ਹਾਂ ਹੋਰਨਾਂ ਸਾਧਨਾਂ ਤੋਂ ਵੀ ਸਰਕਾਰ ਨੂੰ ਚਲੰਤ ਮਾਲੀ ਸਾਲ ਜਿੰਨੀ ਆਮਦਨ ਦੀ ਆਸ ਹੈ। ਕੇਂਦਰੀ ਕਰਾਂ ਵਿੱਚ ਹਿੱਸਾ ਵਧਾਏ ਜਾਣ ਦੀ ਸੂਰਤ ਵਿੱਚ 7998.35 ਕਰੋੜ ਤੇ ਗਰਾਂਟਾਂ ਦੇ ਰੂਪ ਵਿੱਚ ਰਾਜ ਸਰਕਾਰ ਨੂੰ 5075.45 ਕਰੋੜ ਰੁਪਏ ਮਿਲਣ ਦੀ ਸੰਭਾਵਨਾ ਹੈ।

ਵਿਰੋਧ ਦੇ ਬਾਵਜੂਦ ਸਰਕਾਰ ਨੇ ਖੇਤੀ ਤੇ ਖੁਰਾਕ ਸਬਸਿਡੀਆਂ ਜਾਰੀ ਰੱਖੀਆਂ ਹਨ। ਬਜਟ 'ਚ ਬਿਜਲੀ ਸਬਸਿਡੀ ਲਈ 5484 ਕਰੋੜ ਰੁਪਏ ਤੇ ਆਟਾ-ਦਾਲ ਸਕੀਮ ਲਈ 400 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ। ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦੇ ਪਰਿਵਾਰ ਦੇ ਜੀਅ ਵਿਧਾਨ ਸਭਾ ਅੰਦਰ ਪੁੱਜਦੇ ਹੋਏ। -ਫੋਟੋ: ਮਨੋਜ ਮਹਾਜਨ ਵਿੱਤ ਮੰਤਰੀ ਦਾ ਦਾਅਵਾ ਹੈ ਕਿ ਸਰਕਾਰ ਨੇ ਮਾਲੀ ਘਾਟਾ 1.78 ਫ਼ੀਸਦ ਦੇ ਮੁਕਾਬਲੇ ਜੀ.ਐਸ.ਡੀ.ਪੀ. ਦਾ 1.6 ਫ਼ੀਸਦ ਮਿਥਿਆ ਹੈ। ਵਿੱਤੀ ਮਜ਼ਬੂਤੀ ਘਾਟਾ 2.98 ਫ਼ੀਸਦੀ ਅਰਥਾਤ ਐਕਟ ਦੁਆਰਾ ਨਿਰਧਾਰਤ ਸੀਮਾ ਤੋਂ ਹੇਠਾਂ ਲਿਆਂਦਾ ਗਿਆ ਹੈ। ਸਰਕਾਰ ਵੱਲੋਂ ਅਗਲੇ ਮਾਲੀ ਸਾਲ ਦੌਰਾਨ ਕੁੱਲ ਪ੍ਰਾਪਤੀਆਂ 78085 ਕਰੋੜ ਰੁਪਏ ਅਨੁਮਾਨੀਆਂ ਗਈਆਂ ਹਨ ਜਿਸ ਵਿੱਚੋਂ 46299 ਮਾਲ ਪ੍ਰਾਪਤੀਆਂ ਅਤੇ ਬਾਕੀ ਪੂੰਜੀਗਤ ਪ੍ਰਾਪਤੀਆਂ ਹੋਣਗੀਆਂ।

ਕੁੱਲ ਖਰਚ 79313 ਕਰੋੜ ਰੁਪਏ ਅਨੁਮਾਨਿਆ ਹੈ, ਜਿਸ ਵਿੱਚ 52623 ਕਰੋੜ ਰੁਪਏ ਮਾਲ ਆਮਦਨ ਅਤੇ 4856 ਕਰੋੜ ਰੁਪਏ ਪੂੰਜੀਗਤ ਖ਼ਰਚ ਸ਼ਾਮਲ ਹੈ। ਵਿੱਤ ਮੰਤਰੀ ਨੇ ਚਲੰਤ ਮਾਲੀ ਸਾਲ ਦੀ ਸਾਲਾਨਾ ਯੋਜਨਾ 80 ਫੀਸਦੀ ਖਰਚ ਹੋਣ ਦੀ ਉਮੀਦ ਪ੍ਰਗਟਾਈ ਹੈ। ਪੰਜਾਬ ਸਰਕਾਰ ਦੀ ਮਾਲੀ ਹਾਲਤ ਦੀ ਦਸ਼ਾ ਇਸ ਤੱਥ ਤੋਂ ਬਿਆਨ ਹੁੰਦੀ ਹੈ ਕਿ ਕੁੱਲ ਆਮਦਨ ਦਾ ਵੱਡਾ ਹਿੱਸਾ ਬੱਝਵੇਂ ਖਰਚਿਆਂ ਦੀ ਭੇਂਟ ਚੜ੍ਹ ਜਾਣਾ ਹੈ।


MAHEY
ARCHITECT DESIGNER
Bhupinder Kumar
Architect
98151-19953
Contact Us:
Khambra Gate, Nakodar Road Jalandhar
Email : Maheyarch.designer@gmail.com



Jaswant S. Sheemar (Jassi)
REALTOR®
DRE #01846330 Residential/Commercial
SAN FELIPE
REALTY & MORTGAGE, INC.
10956 Hayeshill Way
Mather, CA 95655
"The greatest compliment I can receive is your referral."
Cell 916-293-6030
Office 916-635-8882
Fax 916-635-8883
jaswantsheemar@yahoo.com



Mikasa HOMES & FUNDING
Rakesh Chander
Mikasa Homes & Funding
1601 S. De Anza Blvd, Suite 118
Cupertino, CA 95014
Cell: (916) 698-3808
Fax: (916) 725-5812
Rakesh Chander Realtor
Mikasa Homes & Funding DRE Lic.: 01866732
Email: mchander@comcast.net, Web: www.mikasafunding.com



# ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਵਿਚਾਰਧਾਰਾ

# 'ਅਧਿਆਤਮਵਾਦੀ ਨਹੀਂ, ਸਗੋਂ ਵਿਗਿਆਨਕ, ਸਮਾਜਵਾਦੀ-ਯਥਾਰਥਵਾਦੀ'



**ਐਚ. ਐਲ. ਕਪੂਰ**
**916- 587-4002**

ਭਾਰਤ ਇਕ ਮਹਾਨ ਦੇਸ਼ ਹੈ। ਇਹ ਜਦੋਂ ਵੀ ਆਪਣੇ ਆਜ਼ਾਦ ਹੋਣ ਤੇ ਮਾਣ ਮਹਿਸੂਸ ਕਰਦਾ ਹੈ ਤਾਂ ਉਸ ਦਾ ਸਿਰ ਹਮੇਸ਼ਾ ਉਹਨਾਂ ਮਹਾਂਪੁਰਸ਼ਾਂ ਸਾਹਮਣੇ ਝੁਕਦਾ ਹੈ, ਜਿਹਨਾਂ ਨੇ ਦੇਸ਼ ਪ੍ਰੇਮ ਦੇ ਰਾਹ ਤੇ ਚੱਲ ਕੇ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ। ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਹਜ਼ਾਰਾਂ ਇਸ ਤਰ੍ਹਾਂ ਦੇ ਨੌਜਵਾਨ ਵੀ ਸਨ, ਜਿਹਨਾਂ ਨੇ ਤਾਕਤ ਦੇ ਬਲ ਤੇ ਆਜ਼ਾਦੀ ਪ੍ਰਾਪਤ ਕਰਨ ਲਈ ਠਾਣੀ ਤੇ ਆਪਣੇ ਆਪ ਨੂੰ ਕ੍ਰਾਂਤੀਕਾਰੀ ਅਖਵਾਇਆ। ਭਾਰਤ ਵਿਚ ਜਦੋਂ ਵੀ ਕ੍ਰਾਂਤੀਕਾਰੀਆਂ ਦਾ ਨਾਮ ਲਿਆ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦਾ ਹੀ ਲਿਆ ਜਾਂਦਾ ਹੈ। ਸਾਰੇ ਦੇਸ਼ ਦਾ ਭ੍ਰਮਣ ਕਰਦਿਆਂ ਅਸੀਂ ਅਕਸਰ ਲੋਕਾਂ ਦੇ ਘਰਾਂ ਵਿਚ ਮਹਾਂਪੁਰਸ਼ਾਂ ਦੀਆਂ ਤਸਵੀਰਾਂ 'ਤੇ ਝਾਤ ਮਾਰਦੇ ਹਾਂ ਤਾਂ ਉਹਨਾਂ ਵਿਚ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਜੀ ਵੀ ਇਕ ਹਨ। ਉਹ ਸਾਡੇ ਕੌਮੀ ਮਹਾਂ-ਨਾਇਕ ਹਨ, ਉਹਨਾਂ ਦਾ ਆਜ਼ਾਦੀ ਦੇ ਸੰਗਰਾਮ ਵਿਚ ਪਾਇਆ ਯੋਗਦਾਨ ਕਿਸੇ ਹੋਰ ਕੌਮੀ ਮਹਾਂ-ਨਾਇਕ, ਜਿਵੇਂ- ਮਹਾਤਮਾ ਗਾਂਧੀ, ਪੰਡਤ ਜਵਾਹਰ ਲਾਲ ਨਹਿਰੂ ਤੇ ਸੁਭਾਸ਼ ਚੰਦਰ ਬੋਸ ਜੀ ਆਦਿ ਨਾਲੋਂ ਕਿਸੇ ਵੀ ਗੱਲੋਂ ਘੱਟ ਨਹੀਂ ਹੈ। ਸਗੋਂ ਉਹਨਾਂ ਦਾ ਰੁਤਬਾ ਤੇ ਮਾਣ-ਸਨਮਾਨ ਇਹਨਾਂ ਕੌਮੀ ਮਹਾਂ-ਨਾਇਕਾਵਾਂ ਦੇ ਬਰਾਬਰੀ ਬੁਲੰਦ ਹੈ। ਇਹਨਾਂ ਕੌਮੀ ਮਹਾਂ-ਨਾਇਕਾਂ ਨੂੰ ਸਨਮਾਨ ਦੇਣਾ ਸਾਡੇ ਲਈ ਅਤਿਅੰਤ ਜ਼ਰੂਰੀ ਹੈ, ਕਿਉਂਕਿ ਇਹਨਾਂ ਨੇ ਭਾਸ਼ਾ, ਖਿੱਤਾ ਤੇ ਧਰਮ ਤੋਂ ਉਪਰ ਉਠ ਕੇ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕੀਤਾ। ਲੋਕਾਂ ਨੂੰ ਆਜ਼ਾਦੀ ਲਈ ਜਾਗਰਿਤ ਕੀਤਾ, ਜੇਲ੍ਹਾਂ ਕੱਟੀਆਂ, ਅਨੇਕਾਂ ਸਰੀਰਕ ਕਸ਼ਟਾਂ ਨੂੰ ਝੱਲਿਆ ਤੇ ਫਾਂਸੀ ਦੇ ਰੱਸਿਆਂ ਨੂੰ ਮੁਸਕਰਾਉਂਦੇ ਹੋਏ ਤੇ ਭਾਰਤ ਦੀ ਆਜ਼ਾਦੀ ਲਈ ਲਲਕਾਰਦਿਆਂ ਹੋਇਆਂ, ਆਪਣੇ ਗਲੇ ਵਿਚ ਪਾਇਆ। ਇਸੇ ਲਈ ਹੀ ਤਾਂ ਇਹ ਸਮੁੱਚੀ ਭਾਰਤੀ ਜਨਤਾ ਦੇ ਕੌਮੀ ਮਹਾਂ-ਨਾਇਕ ਅਖਵਾਉਂਦੇ ਹਨ। ਇਹਨਾਂ ਦਾ ਮਾਣ-ਸਨਮਾਨ ਤੇ ਵਿਅਕਤਿਤਵ ਨੂੰ ਸਮੇਂ ਦੀ ਕੋਈ ਵੀ ਹਨੇਰੀ ਭਾਰਤ ਵਾਸੀਆਂ ਦੀ ਚੇਤਨਾ 'ਚੋਂ ਧੁੰਦਲਾ ਕਰ ਸਕਣ ਦੇ ਅਸਮਰੱਥ ਹੈ। ਸਮੁੱਚੇ ਭਾਰਤ ਵਾਸੀਆਂ ਨੂੰ ਇਹਨਾਂ ਦੀ ਦਿੱਤੀ ਗਈ ਕੁਰਬਾਨੀ ਤੇ ਮਾਣ ਹੈ।

ਆਮ ਤੌਰ ਤੇ ਅੰਗਰੇਜ਼ ਸਰਕਾਰ ਤੇ ਉਥੋਂ ਦੇ ਵਿਦਵਾਨ ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਤੇ ਉਹਨਾਂ ਵਰਗੇ, ਉਹਨਾਂ ਦੇ ਹੋਰ ਸਾਥੀ ਕ੍ਰਾਂਤੀਕਾਰੀਆਂ ਨੂੰ, ਆਜ਼ਾਦੀ ਲਈ ਮਰ ਮਿਟਣ ਵਾਲੇ ਪਰਵਾਨੇ ਕਹਿਣ ਦੀ ਬਜਾਏ 'ਇਕ ਉਗਰਵਾਦੀ' ਵਰਗੇ ਸ਼ਬਦ ਵਰਤ ਕੇ ਪੁਕਾਰਦੀ ਸੀ। ਉਹ ਇਹਨਾਂ ਨੌਜਵਾਨਾਂ ਦੀ ਸਮਾਜਵਾਦੀ, ਪ੍ਰਗਤੀਵਾਦੀ, ਕ੍ਰਾਂਤੀਕਾਰੀ, ਵਿਗਿਆਨਕ ਸੋਚ ਤੇ ਭਾਵਨਾਵਾਂ ਨੂੰ ਸਮਝਦੇ ਹੋਏ ਵੀ ਅੱਖੋਂ ਪਰੋਖੇ ਕਰਕੇ, ਭਾਰਤੀ ਜਨਤਾ ਨੂੰ ਗੁੰਮਰਾਹ ਕਰਨ ਲਈ, ਅਜਿਹੇ ਸ਼ਬਦਾਂ ਦਾ ਪ੍ਰਯੋਗ ਕਰਦੀ ਸੀ। ਵੈਸੇ ਵੀ ਅਸੀਂ ਜਦੋਂ ਭਾਰਤ ਦੇ ਆਜ਼ਾਦੀ ਦੇ ਇਤਿਹਾਸ ਵੱਲ ਨਜ਼ਰ ਮਾਰਦੇ ਹਾਂ ਤਾਂ ਕਿਸੇ ਵੀ ਅੰਗਰੇਜ਼ ਸ਼ਾਸਕ ਜਾਂ ਵਿਦਵਾਨ ਨੇ ਅੱਜ ਤੱਕ ਸਾਡੇ ਕਿਸੇ ਵੀ ਕ੍ਰਾਂਤੀਕਾਰੀ ਸੂਰਮੇ ਜਾਂ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਕਿਸੇ ਕੌਮੀ ਨੇਤਾ ਦੀ ਪ੍ਰਸ਼ੰਸਾ ਨਹੀਂ ਕੀਤੀ, ਕਿਉਂਕਿ ਭਾਰਤ ਦੀ ਆਜ਼ਾਦੀ ਦੀ ਗੱਲ ਕਰਨ ਵਾਲਾ ਹਰ ਸੂਰਮਾ ਉਹਨਾਂ ਦੀ ਨਜ਼ਰ ਵਿਚ ਮਾੜਾ ਹੀ ਸੀ। ਭਗਤ ਸਿੰਘ ਜੀ ਇਕ ਮਹਾਨ ਕ੍ਰਾਂਤੀਕਾਰੀ ਨੇਤਾ ਸਨ, ਜਿਹਨਾਂ ਦੀ ਵਿਚਾਰਧਾਰਾ ਨੂੰ ਸਮਝਣ ਵਾਲਾ ਹਰ ਆਦਮੀ ਉਹਨਾਂ ਨੂੰ ਉਗਰਵਾਦੀ ਨਹੀਂ ਆਖੇਗਾ ਸਗੋਂ ਉਸ ਨੂੰ ਇਕ ਸਮਾਜਵਾਦੀ, ਕ੍ਰਾਂਤੀਕਾਰੀ ਅਤੇ ਵਿਗਿਆਨਕ ਸੋਚ ਰੱਖਣ ਵਾਲਾ, ਇਕ ਪ੍ਰਗਤੀਸ਼ੀਲ ਤੇ ਸੂਝਵਾਨ ਮਹਾਂ-ਪੁਰਸ਼ ਹੀ ਆਖੇਗਾ, ਜਿਸ ਨੇ ਆਪਣੀ ਨਿੱਕੀ ਉਮਰੇ ਹੀ ਆਪਣੀ ਬੌਧਿਕਤਾ ਦੇ ਵਿਕਾਸ ਦੀਆਂ ਕਈ ਮੰਜ਼ਿਲਾਂ ਪਾਰ ਕਰਕੇ, ਆਪਣੀ ਜਾਨ ਦੇਸ਼ ਤੋਂ ਕੁਰਬਾਨ ਕਰ ਦਿੱਤੀ। ਉਹਨਾਂ ਦੀ ਇਸ ਪ੍ਰਪੱਕ ਬੌਧਿਕਤਾ ਦੇ ਪਿੱਛੇ ਆਪਣੀ ਛੋਟੀ ਉਮਰ ਤੋਂ ਹੀ ਆਰੰਭ ਕੀਤਾ ਗਿਆ, ਸੰਸਾਰ ਤੇ ਭਾਰਤ ਦੇ ਕਈ ਮਹਾਨ ਚਿੰਤਕਾਂ ਦਾ ਅਧਿਐਨ ਹੀ ਸੀ। ਜਿਹਨਾਂ ਵਿਚ ਮਹਾਨ ਕ੍ਰਾਂਤੀਕਾਰੀ ਲੈਨਿਨ, ਕਾਰਲ ਮਾਰਕਸ, ਟੌਲਸਟਾਏ ਤੇ ਸੋਹਨ ਸੁਆਮੀ ਆਦਿ ਦਾ ਨਾਂ ਲਿਆ ਜਾ ਸਕਦਾ ਹੈ। ਭਗਤ ਸਿੰਘ ਜੀ ਦੇ ਜੀਵਨ ਫਲਸਫੇ ਨੂੰ ਜਾਨਣ ਲਈ ਨਿਮਨ-ਲਿਖਤ ਅਨੁਸਾਰ ਚਰਚਾ ਕੀਤੀ ਜਾਂਦੀ ਹੈ।

ਇੱਥੇ ਦੇਖਣ ਵਾਲੀ ਗੱਲ ਤਾਂ ਇਹ ਹੈ ਕਿ ਸਿਰਫ ਇਕ ਤੇਈ ਸਾਲਾਂ ਦੇ ਨੌਜਵਾਨ ਵਿਚ ਉਹ ਕਿਹੜੀ ਖਾਸ ਗੱਲ ਹੈ ਜਿਸ ਨੇ ਉਸ ਨੂੰ ਮਹਾਤਮਾ ਗਾਂਧੀ ਵਰਗੇ ਕੌਮੀ ਮਹਾਂ-ਨਾਇਕ ਦੀ ਕਤਾਰ ਵਿਚ ਲਿਆ ਖੜ੍ਹਾ ਕੀਤਾ ਹੈ। ਭਾਰਤ ਦੀ ਆਜ਼ਾਦੀ ਦੇ ਮਹਾਂ ਸੰਗਰਾਮ ਵਿਚ ਆਪਣੇ ਪ੍ਰਾਣਾਂ ਦੀ ਆਹੂਤੀ ਦੇਣ ਵਾਲੇ, ਸੰਘਰਸ਼ ਕਰਨ ਵਾਲੇ ਤੇ ਫਾਂਸੀਆਂ ਦੇ ਰੱਸਿਆਂ ਨੂੰ ਹੱਸਦੇ-ਹੱਸਦੇ ਚੁੰਮਣ ਵਾਲੇ ਹੋਰ ਵੀ ਅਨੇਕਾਂ ਨਾਇਕ ਹਨ। ਆਖਿਰ ਕਿਹੜੀ ਅਜਿਹੀ ਗੱਲ ਹੈ ਜੋ ਭਗਤ ਸਿੰਘ ਜੀ ਨੂੰ ਉਹਨਾਂ ਸਾਰਿਆਂ ਤੋਂ ਵਖਰਾਂਦੀ ਹੈ। ਕਿਉਂਕਿ ਉਹਨਾਂ ਦੀ ਸ਼ਹਾਦਤ ਸਾਡੇ ਮਨਾਂ ਅੰਦਰ ਉਤਨੀ ਹੀ ਜਵਾਨ ਹੈ, ਜਿਤਨੀ ਅੱਜ ਤੋਂ ਕੋਈ ਪੌਣੀ ਸਦੀ ਤੋਂ ਜ਼ਿਆਦਾ ਸਮਾਂ ਬੀਤ ਜਾਣ ਸਮੇਂ ਸੀ। ਹੈਰਾਨ ਕਰ ਦੇਣ ਵਾਲੀ ਗੱਲ ਤਾਂ ਇਹ ਹੈ ਕਿ ਭਗਤ ਸਿੰਘ ਜੀ ਨੂੰ ਕੌਮੀ ਨਾਇਕ ਮੰਨਣ ਵਾਲੇ ਕਿਸੇ ਇਕ ਸਿਆਸੀ ਵਿਚਾਰਧਾਰਾ ਜਾਂ ਕਿਸੇ ਖਾਸ ਵਰਗ ਤੱਕ ਸੀਮਤ ਨਹੀਂ ਰੱਖਿਆ ਜਾ ਸਕਦਾ, ਸਗੋਂ ਇਹ ਉਸ ਦੇ ਉਲਟ ਇਕ ਵਿਸ਼ਾਲ ਮਹਾਂਸਾਗਰ ਵਾਂਗ ਦਿਖਾਈ ਦਿੰਦਾ ਹੈ, ਜਿੱਥੇ ਆ ਕੇ ਸਾਰੇ ਰਾਜਨੀਤਿਕ, ਸਿਆਸੀ ਤੇ ਵਿਚਾਰਧਾਰਕ ਵਖਰੇਵੇਂ ਆਪਣੇ ਅਰਥ ਗੁਆ ਬੈਠਦੇ ਹਨ। ਉਹ ਸਗੋਂ ਇਕੋ ਵੇਲੇ ਹਿੰਦੂ-ਰਾਸ਼ਟਰਵਾਦੀਆਂ ਤੇ ਭਾਰਤ ਵਿਚ ਸਮਾਜਵਾਦ ਦੀ ਸਥਾਪਨਾ ਕਰਨ ਦੇ ਸੁਪਨੇ ਲੈਣ ਵਾਲਿਆਂ ਦਾ ਹਰਮਨ ਪਿਆਰਾ ਕ੍ਰਾਂਤੀਕਾਰੀ ਨਾਇਕ ਹੈ। ਹਿੰਦੂ ਰਾਸ਼ਟਰਵਾਦੀ ਤੇ ਸਮਾਜਵਾਦੀ ਚੇਤਨਾ ਰੱਖਣ ਵਾਲੇ ਦੋਵੇਂ ਵਰਗ, ਆਪੋ-ਆਪਣੇ ਮੰਤਵਾਂ ਨੂੰ ਪ੍ਰਾਪਤ ਕਰਨ ਲਈ ਭਗਤ ਸਿੰਘ ਜੀ ਦੀ ਦਿੱਤੀ ਗਈ ਕੁਰਬਾਨੀ ਨੂੰ ਆਪਣੇ ਹਿੱਤਾਂ ਲਈ ਵਰਤਣ ਦੀ ਕੋਸ਼ਿਸ਼ ਕਰਦੇ ਹਨ। ਇਸੇ ਲਈ ਹੀ ਤਾਂ ਭਗਤ ਸਿੰਘ ਸਮੁੱਚੀ ਭਾਰਤੀ ਮਾਨਵਤਾ ਦਾ ਸਾਂਝਾ ਮਹਾਂਨਾਇਕ ਹੋ ਨਿਬੜਿਆ ਹੈ।



ਇਹਨਾਂ ਉਕਤ ਸਾਰੇ ਪ੍ਰਸ਼ਨਾਂ ਦਾ ਜਵਾਬ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਦੀ ਬੜੀ ਛੋਟੀ ਤੇ ਸੰਘਰਸ਼ਮਈ ਜੀਵਨ ਦੀਆਂ ਤਹਿਆਂ ਵਿਚ ਕ੍ਰਮਵਾਰ ਉਤਰ ਕੇ ਹੀ ਤਲਾਸ਼ਿਆ ਜਾ ਸਕਦਾ ਹੈ। ਇਸ ਦੇ ਉਪਰੰਤ ਸਾਨੂੰ ਭਗਤ ਸਿੰਘ ਜੀ ਦੇ ਜੀਵਨ ਦਾ ਅਧਿਐਨ ਸਿਰਫ ਇਤਿਹਾਸਕ ਨਜ਼ਰੀਏ ਤੋਂ ਕਰਨ ਦੀ ਬਜਾਏ, ਉਸ ਦੇ ਸਮੂਹਿਕ-ਜੰਤਕ ਆਈਨੇ ਵਿਚ ਬਣੇ ਬਿੰਬ ਵਜੋਂ ਵੀ ਦੇਖਣਾ ਪਵੇਗਾ। ਇਸ ਦੀਆਂ ਇਤਿਹਾਸਕ ਹੱਦਾਂ ਨੂੰ ਪਾਰ ਕਰਕੇ ਲੋਕਾਈ ਦੀਆਂ ਸਮਾਜਵਾਦੀ, ਯਥਾਰਥਵਾਦੀ ਤੇ ਵਿਗਿਆਨਕ ਹਕੀਕਤਾਂ ਵਿਚੋਂ ਵੀ ਤਲਾਸ਼ਣਾ ਪਵੇਗਾ।

ਭਗਤ ਸਿੰਘ ਜੀ ਦੇ ਵਿਚਾਰਧਾਰਕ ਜੀਵਨ ਅਤੇ ਬੜੀ ਤੇਜ਼ੀ ਨਾਲ ਹੋਏ ਬੌਧਿਕ ਵਿਕਾਸ ਵਿਚੋਂ ਹੀ ਉਹਨਾਂ ਦੇ ਬਣੇ ਜਨਤਕ ਬਿੰਬ ਦੇ ਭੇਦ ਨੂੰ ਲੱਭਿਆ ਜਾ ਸਕਦਾ ਹੈ। ਜਿਹੜਾ ਕਿ ਇਕੋ ਸਮੇਂ ਹੀ ਕੌਮ ਪ੍ਰਸਤਾਂ, ਅੰਤਰ ਰਾਸ਼ਟਰਵਾਦੀਆਂ, ਹਥਿਆਰਬੰਦ ਕ੍ਰਾਂਤੀਕਾਰੀਆਂ ਦੇ ਹਮਾਇਤੀਆਂ ਤੇ ਇਕ ਜਥੇਬੰਦਕ ਲਹਿਰ ਖੜ੍ਹੀ ਕਰਨ ਵਾਲਿਆਂ ਦੇ ਮਨਾਂ ਨੂੰ ਪ੍ਰਭਾਵਿਤ ਕਰਦਾ ਹੈ। ਹਰ ਵਰਗ ਨੂੰ ਉਸ ਦੇ ਹਕੀਕੀ, ਵਿਚਾਰਧਾਰਕ ਤੇ ਅਮਲੀ ਜੀਵਨ ਵਿਚੋਂ ਕੁਝ ਨਾ ਕੁਝ ਅਜਿਹਾ ਆਧਾਰ ਮਿਲ ਜਾਂਦਾ ਹੈ ਜੋ ਉਸ ਨੂੰ ਆਪਣੇ ਭਗਤ ਸਿੰਘ ਬਣਨ ਲਈ ਸਹਾਈ ਬਣਦਾ ਹੈ।

ਭਗਤ ਸਿੰਘ ਦੇ ਵਿਚਾਰਧਾਰਕ ਵਿਕਾਸ ਦੀ ਜਾਣਕਾਰੀ ਪ੍ਰਾਪਤ ਕਰਕੇ ਇਸ ਧਾਰਨਾ ਨੂੰ ਵਿਚਾਰਯੁਕਤ ਤੇ ਤਰਕ ਸੰਗਤ ਮੰਨਿਆ ਜਾ ਸਕਦਾ ਹੈ। ਛੋਟੀ ਜਿਹੀ ਉਮਰੇ ਹੀ 'ਬੰਦੂਕਾਂ ਤੇ ਅਸਲੇ ਦੀ ਫਸਲ ਬੀਜਣ ਵਾਲਾ' ਭਗਤ ਸਿੰਘ ਜਦੋਂ ਆਪਣੇ ਆਰੀਆ ਸਮਾਜੀ ਦਾਦਾ ਜੀ ਨੂੰ ਖ਼ਤ ਲਿਖਦਾ ਹੈ ਤਾਂ ਹਰ ਖ਼ਤ ਦਾ ਆਰੰਭ 'ਓਮ' ਤੋਂ ਹੁੰਦਾ ਹੈ। ਮਹਾਨ ਤਪੱਸਵੀਆਂ ਵਰਗਾ ਇਹ ਵਿਅਕਤਿਤਵ ਤੇ ਜਤ-ਸਤ ਦਾ ਪੁੰਗਰ ਰਿਹਾ ਇਹ ਸੋਮਾ ਨਿਸ਼ਚਿਤ ਤੌਰ ਤੇ ਭਾਰਤ ਦੇ ਰੋਮਾਂਟਿਕ-ਰਾਸ਼ਟਰਵਾਦੀਆਂ ਤੇ ਹਿੰਦੂ-ਰਾਸ਼ਟਰਵਾਦੀਆਂ ਨੂੰ ਆਪਣੇ ਮੇਚ ਆਉਂਦਾ ਨਜ਼ਰ ਆਉਂਦਾ ਹੈ। ਉਹ ਭਗਤ ਸਿੰਘ ਜੀ ਦੀ ਅਜਿਹੀ ਪਛਾਣ ਨੂੰ ਹੀ ਉਹਨਾਂ ਦੀ ਵਿਚਾਰਧਾਰਾ ਮੰਨ ਬੈਠਦੇ ਹਨ। ਪਰ ਇਹ ਹਕੀਕਤ ਵੀ ਹੈ ਕਿ ਭਗਤ ਸਿੰਘ ਇਸ ਪੜਾਅ ਉਤੇ ਬਹੁਤ ਥੋੜ੍ਹੇ ਸਮੇਂ ਲਈ ਵਿਰਾਮ ਕਰਦਾ ਹੈ। ਆਪਣੀ ਜ਼ਿੰਦਗੀ ਦੇ ਅੰਤਿਮ ਪੜਾਅ ਤੇ ਪਹੁੰਚਦਿਆਂ ਉਹ ਐਲਾਨੀਆਂ ਤੌਰ ਤੇ ਨਾਸਤਕ ਹੋ ਨਿੱਬੜਦਾ ਹੈ। ਉਹ ਪ੍ਰਮਾਤਮਾ ਜਾਂ ਈਸ਼ਵਰ ਜਾਂ ਰੱਬ ਦੀ ਹੋਂਦ ਨੂੰ ਨਕਾਰਦਾ ਤੇ ਲਲਕਾਰਦਾ ਹੈ। ਉਹ ਪ੍ਰਮਾਤਮਾ ਦੀ ਕਾਲਪਨਿਕ ਹੋਂਦ ਨੂੰ ਸਮੁੱਚੀ ਮਾਨਵਤਾ ਦੇ ਦੁੱਖਾਂ, ਦਰਦਾਂ ਤੇ ਗੁਲਾਮੀ ਦਾ ਕਾਰਨ ਮੰਨਦਾ ਹੈ। ਉਹ ਪ੍ਰਮਾਤਮਾ ਨੂੰ ਕਿਸੇ ਚਾਤਰ ਮਨੁੱਖ ਦੀ ਕਲਪਨਾ ਮਾਤਰ ਹੀ ਮੰਨਦਾ ਹੈ। ਉਸ ਦੀ ਨਾਸਤਿਕ ਵਿਚਾਰਧਾਰਾ ਦਾ ਇਹ ਪੜਾਅ ਉਸ ਦੇ ਖੱਬੇ ਪੱਖੀ ਸ਼ਰਧਾਲੂਆਂ ਨੂੰ ਇਕ ਵਰਦਾਨ ਦਾ ਰੂਪ ਸਾਬਤ ਹੁੰਦਾ ਹੈ। ਉਹ ਭਗਤ ਸਿੰਘ ਜੀ ਦੀ ਛਵੀ ਨੂੰ ਇਸੇ ਵਿਚਾਰਧਾਰਾ ਤੇ ਉਸਾਰਦੇ ਹਨ ਤੇ ਉਹ ਅੱਗੇ ਜਾ ਕੇ ਇਸ ਵਿਚ ਕਿਸੇ ਕਿਸਮ ਦੀ ਤਬਦੀਲੀ ਦਾ ਕਿਆਸ ਵੀ ਨਹੀਂ ਕਰਦੇ ਤੇ ਭਗਤ ਸਿੰਘ ਜੀ ਦੀ ਇਸ ਵਿਚਾਰਧਾਰਾ ਨੂੰ ਉਸ ਦਾ ਸਿਖਰ ਮੰਨ ਲੈਂਦੇ ਹਨ ਤੇ ਜਿਸ ਉਤੇ ਭਗਤ ਸਿੰਘ ਜੀ ਵਰਗਾ ਯੋਧਾ ਆਪਣੀ ਚੜ੍ਹਦੀ ਉਮਰੇ ਹੀ ਜਿੱਤ ਪ੍ਰਾਪਤ ਕਰ ਗਿਆ।

ਇਸ ਚੜ੍ਹਦੀ ਜਵਾਨੀ ਵਿਚ ਭਗਤ ਸਿੰਘ ਜੀ ਸਿਰ ਤੋੜ ਯਤਨ ਕਰਦੇ ਹਨ ਕਿ ਉਹਨਾਂ ਦਾ ਅੱਤਵਾਦ ਵਿਚ ਕੋਈ ਵਿਸ਼ਵਾਸ ਨਹੀਂ ਹੈ। ਉਹ ਬੜੇ ਸਪਸ਼ਟ ਸ਼ਬਦਾਂ ਵਿਚ ਐਲਾਨ ਕਰਦੇ ਹਨ ਕਿ ਇਕ ਰਾਜਨੀਤਿਕ ਹਥਿਆਰ ਵਜੋਂ ਅੱਤਵਾਦ ਸੰਸਾਰ ਦੇ ਕਿਸੇ ਵੀ ਕੋਨੇ ਵਿਚ ਕਾਮਯਾਬ ਨਹੀਂ ਹੋਇਆ ਹੈ ਤੇ ਨਾ ਹੀ ਕਦੀ ਹੋਵੇਗਾ? ਇਸ ਦੇ ਨਾਲ ਉਹ ਇਹ ਵੀ ਸਵੀਕਾਰ ਕਰਦੇ ਹਨ ਕਿ ਉਹਨਾਂ ਦੇ ਰਾਜਨੀਤਿਕ ਜੀਵਨ ਦਾ ਆਰੰਭ ਇਕ ਦਹਿਸ਼ਤਗਰਦ ਦੇ ਰੂਪ ਵਿਚ ਹੋਇਆ ਹੈ। ਉਹਨਾਂ ਦੇ ਬੌਧਿਕ ਤੇ ਵਿਚਾਰਧਾਰਕ ਫੁਰਮਾਨਾਂ ਨਾਲੋਂ, ਉਹਨਾਂ ਦੇ ਅਮਲ ਜਨਤਕ ਮਨਾਂ ਅੰਦਰ ਡੂੰਘਾ ਅਸਰ ਕਰਦੇ ਹਨ। ਇਸਦਾ ਭਾਵ ਬੜਾ ਸਪਸ਼ਟ ਹੈ। ਉਹਨਾਂ ਦੇ ਬੌਧਿਕ ਤੇ ਵਿਚਾਰਧਾਰਕ ਐਲਾਨਾਂ ਦਾ ਸਬੰਧ ਚੇਤਨ ਮਨ ਅਤੇ ਸੁਚੇਤ ਅਮਲ ਨਾਲ ਹੈ ਜੋ ਬੜੇ ਪੇਤਲੇ ਪੱਧਰ ਤੇ ਮਨ ਵਿਚ ਆਉਂਦੇ ਹਨ ਤੇ ਇਹਨਾਂ ਵਿਚ ਆਉਣ ਵਾਲੇ ਬਦਲਾਅ ਵੀ ਬੜੀ ਜਲਦੀ-ਜਲਦੀ ਆਉਂਦੇ ਹਨ। ਅੰਗਰੇਜ਼ ਸਾਂਡਰਸ ਨੂੰ ਮਾਰ ਕੇ ਅਣਖਾਂ ਦੀ ਖਾਤਰ ਮਰ ਮਿਟਣ ਵਾਲੇ, ਅਸੈਂਬਲੀ ਵਿਚ ਫੋਕਾ ਬੰਬ ਸੁੱਟ ਕੇ ਵੈਰੀ ਅੰਗਰੇਜ਼ ਨੂੰ ਲਲਕਾਰਨ ਵਾਲੇ ਸੂਰਮੇ ਦੇ ਅਕਸ ਦੀ ਉਸਾਰੀ ਮਾਨਵ ਮਨ ਆਪਣੇ ਹੀ ਸਮੂਹਿਕ ਅਵਚੇਤਨ ਵਿਚੋਂ ਕਰਦਾ ਹੈ, ਜਿਹੜਾ ਕਿ ਕੋਈ ਸੁਚੇਤ ਨਿਰਣਾ ਨਹੀਂ ਹੈ, ਇਹ ਸਗੋਂ ਅਤੀ ਕਠੋਰ ਅਤੇ ਅਣਸੁਖਾਵੀਆਂ ਅਸਲੀਅਤਾਂ ਦੇ ਸਨਮੁਖ ਖਾਹਸ਼ਾਂ ਦੀ ਅਵਚੇਤਨ ਸਿਰਜਣ ਪ੍ਰਕਿਰਿਆ ਹੀ ਹੈ।

ਇਹ ਸਭ ਕੁਝ ਦੇ ਹੁੰਦਿਆਂ ਹੋਇਆਂ ਵੀ ਭਗਤ ਸਿੰਘ ਜੀ ਦੇ ਬੌਧਿਕ ਤੇ ਵਿਚਾਰਧਾਰਕ ਪ੍ਰਗਤੀ ਦੀ ਗਤੀ ਇਸ ਤੋਂ ਭਿੰਨ ਹੈ। ਇਸ ਵਿਚ ਉਹ ਕਿਧਰੇ ਵੀ ਆਰਾਮ ਕਰਕੇ ਨਹੀਂ ਬਹਿੰਦਾ। ਸਾਂਡਰਸ ਦੇ ਕਤਲ ਤੋਂ ਬਾਅਦ ਉਹ ਖੁਸ਼ ਨਹੀਂ, ਸਗੋਂ ਉਦਾਸ ਰਹਿੰਦਾ ਹੈ। ਇਸ ਅਸਲੀਅਤ ਦਾ ਪਤਾ ਲੋਕ ਗੀਤਾਂ ਤੋਂ ਨਹੀਂ, ਸਗੋਂ ਉਹਨਾਂ ਨਾਲ ਵਿਚਰੇ ਸਾਥੀਆਂ ਤੇ ਦੋਸਤਾਂ ਦੀਆਂ ਯਾਦਾਂ ਤੋਂ ਪ੍ਰਾਪਤ ਹੁੰਦਾ ਹੈ ਜੋ ਅੱਜ ਵੀ ਸਾਡੇ ਕੋਲ ਲਿਖ਼ਤ ਰੂਪ ਵਿਚ ਉਪਲਬਧ ਹਨ। ਬੰਗਾਲ ਵਿਚ ਇਨਕਲਾਬੀ ਸਾਥੀਆਂ ਨਾਲ ਰਹਿੰਦਿਆਂ 'ਵਿਅਕਤੀਗਤ ਸਿਆਸੀ ਕਤਲਾਂ' ਦੀ ਅਰਥਹੀਣਤਾ ਦਾ ਉਸ ਨੂੰ ਪੂਰਾ ਗਿਆਨ ਹੋ ਜਾਂਦਾ ਹੈ। ਅਸੈਂਬਲੀ ਵਿਚ ਫੋਕਾ ਬੰਬ ਸੁੱਟਣਾ ਕਿਸੇ ਅਹਿੰਸਕ ਵਿਚਾਰਧਾਰਾ ਦਾ ਪ੍ਰਗਟਾ ਨਹੀਂ ਹੈ, ਸਗੋਂ ਲੋਕਾਂ ਤੱਕ ਆਪਣੀ ਪਾਰਟੀ ਦੀ ਯੋਜਨਾ ਤੇ ਵਿਚਾਰਧਾਰਾ ਨੂੰ ਪਹੁੰਚਾਉਣ ਦਾ ਤਰੀਕਾ ਮਾਤਰ ਰਹੀ ਹੈ। ਅਸੈਂਬਲੀ ਵਿਚ ਸੁੱਟੇ ਗਏ ਪੈਂਫਲਟ ਅਤੇ ਨਿਆਂਪਾਲਿਕਾ ਦੀ ਕਾਰਵਾਈ ਸਮੇਂ ਦਿੱਤੇ ਗਏ ਬਿਆਨ, ਇਸੇ ਅਸਲੀਅਤ ਨੂੰ ਬਿਆਨ ਕਰਦੇ ਹਨ ਕਿ ਮਾਨ-ਵਤਾ ਦੇ ਜੀਵਨ ਦੀ ਉਹਨਾਂ ਦੇ ਮਨ ਅੰਦਰ ਕਿੰਨੀ ਇੱਜਤ ਹੈ। ਉਹ ਧਾਰਮਿਕ ਕੱਟੜਤਾਵਾਂ ਤੇ ਨਿਜੀ ਸੁਆਰਥਾਂ ਤੋਂ ਮੁਕਤ ਸੀ।

ਇਸ ਲਈ ਉਕਤ ਚਰਚਾ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਭਗਤ ਸਿੰਘ ਜੀ ਦਾ ਅਮਲੀ ਤੇ ਵਿਚਾਰਧਾਰਕ ਜੀਵਨ, ਵੱਖ ਵੱਖ ਤੇ ਵਿਰੋਧੀ ਵਿਚਾਰਧਾਰਕ ਵਰਗਾਂ ਨੂੰ ਇਕ ਮਜ਼ਬੂਤ ਆਧਾਰ ਪ੍ਰਦਾਨ ਕਰਦਾ ਹੈ ਤਾਂ ਜੋ ਉਹ ਇਸ ਨੂੰ ਆਪਣੇ ਪ੍ਰਤੀਨਿੱਧ ਦੇ ਰੂਪ ਵਿਚ ਸਤਿਕਾਰ ਕਰ ਸਕਣ। ਵਿਵਹਾਰਿਕ, ਰਾਜਨੀਤਿਕ ਸੇਧ ਅਤੇ ਵਿਚਾਰਧਾਰਕ ਸੂਝ ਪੱਖੋਂ ਭਾਵੇਂ ਇਹ ਰਸਤਾ ਮੋਕਲਾ ਤੇ ਉਲਝਣਾਂ ਭਰਪੂਰ ਹੋ ਸਕਦਾ ਹੈ ਪਰ ਭਗਤ ਸਿੰਘ ਜੀ ਦੀ ਹਰਮਨ ਪਿਆਰਤਾ ਤੇ ਵਿਰੋਧੀ ਖੇਮਿਆਂ ਦਾ ਸਾਂਝਾ ਹੋ ਸਕਣ ਦੀ, ਉਸਦੀ ਸਮਰੱਥਾ ਦਾ ਭੇਦ ਵੀ ਇਸੇ ਅੰਦਰ ਸਮਾਇਆ ਹੋਇਆ ਹੈ। ਇਸ ਅਸਲੀਅਤ ਨੂੰ ਕਿਸੇ ਵੀ ਤਰ੍ਹਾਂ ਝੁਠਲਾਇਆ ਨਹੀਂ ਜਾ ਸਕਦਾ। ਭਗਤ ਸਿੰਘ ਜੀ ਦੀ ਵਿਚਾਰਧਾਰਕ ਉਡਾਰੀ ਇਤਨੀ ਵਿਸ਼ਾਲ ਹੈ ਕਿ ਇਕੋ ਸਮੇਂ ਸਾਰੇ ਵਿਰੋਧੀ ਪੱਖਾਂ ਨੂੰ ਆਪਣੇ ਕਲਾਵੇ ਵਿਚ ਲੈ ਲੈਣ ਦੀ ਸਮਰੱਥਾ ਰੱਖਦੀ ਹੈ।

ਇਸ ਲਈ ਹੀ ਭਗਤ ਸਿੰਘ ਕਿਸੇ ਵਰਗ ਵਿਸ਼ੇਸ਼, ਵਿਚਾਰਧਾਰਾ, ਧਰਮ, ਪ੍ਰਾਂਤ ਤੇ ਭਾਸ਼ਾ ਦਾ ਨਾਇਕ ਨਾ ਹੋ ਕੇ ਸਮੁੱਚੇ ਭਾਰਤ ਵਰਸ਼ ਦਾ ਸਿਰਮੌਰ ਮਹਾਂ-ਨਾਇਕ ਹੈ। ਉਸ ਦੀ ਮਹਾਨਤਾ ਤੇ ਉਸ ਦੇ ਵਿਅਕਤਿਤਵ ਨੂੰ ਪੰਡਤ ਜਵਾਹਰ ਲਾਲ ਜੀ ਨਹਿਰੂ ਤੇ ਸੁਭਾਸ਼ ਚੰਦਰ ਬੋਸ ਜੀ ਵਰਗੇ ਪ੍ਰਗਤੀਸ਼ੀਲ ਮਹਾਂ-ਨਾਇਕ ਹੀ ਨਹੀਂ, ਸਗੋਂ ਖੁਦ ਰਾਸ਼ਟਰ ਪਿਤਾ ਅਖਵਾਉਣ ਵਾਲੇ ਮਹਾਂ-ਨਾਇਕ ਮਹਾਤਮਾ ਗਾਂਧੀ ਜੀ ਵੀ ਖੁਦ ਸਵੀਕਾਰ ਕਰਦੇ ਹਨ।

ਆਪਣੀ ਵਿਗਿਆਨਕ ਤੇ ਬੌਧਿਕ ਵਿਚਾਰਧਾਰਾ ਦੀ ਵਿਸ਼ਾਲਤਾ ਨਾਲ ਹੀ ਉਹ ਸਮੇਂ ਨੂੰ ਪਛਾੜਨ ਦੇ ਸਮਰੱਥ ਹੋਇਆ ਹੈ। ਅੱਜ ਸਮਾਂ ਬੀਤਣ ਨਾਲ ਹੌਲੀ-ਹੌਲੀ ਬਹੁਤ ਸਾਰੇ ਪੁਰਾਣੇ ਆਜ਼ਾਦੀ ਦੇ ਸੂਰਮਿਆਂ ਦੇ ਅਕਸ ਧੁੰਦਲਾ ਰਹੇ ਹਨ ਪਰ ਭਗਤ ਸਿੰਘ ਜੀ ਦਾ ਅਕਸ ਉਵੇਂ ਹੀ ਸੂਰਜ ਦੀ ਤਰ੍ਹਾਂ ਚਮਕਦਾ ਰਹੇਗਾ, ਕਿਉਂਕਿ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਜੀ ਇਕ ਅਜਿਹੇ ਚਮਕਦੇ ਗਿਆਨ ਤੇ ਕੁਰਬਾਨੀ ਦੇ ਸੂਰਜ ਹਨ, ਜਿਹਨਾਂ ਦਾ ਚਾਨਣ ਸਮੁੱਚੀ ਮਾਨਵਤਾ ਨੂੰ ਆਗਿਆਨਤਾ ਦੇ ਹਨੇਰੇ 'ਚੋਂ ਕੱਢ ਕੇ ਕੁਰਬਾਨੀ ਅਤੇ ਦੇਸ਼ ਪਿਆਰ ਦਾ ਜਜ਼ਬਾ ਪੈਦਾ ਕਰਦਾ ਹੋਇਆ ਤੇ ਪ੍ਰੇਰਨਾ ਦਿੰਦਾ ਹੋਇਆ, ਵਿਗਿਆਨਕ ਦ੍ਰਿਸ਼ਟੀਕੋਣ ਧਾਰਨ ਕਰਨ, ਸਮਾਜਵਾਦੀ-ਯਥਾਰਥਵਾਦੀ ਬਣਨ ਤੇ ਪ੍ਰਗਤੀਸ਼ੀਲਤਾ ਗ੍ਰਹਿਣ ਕਰਨ ਦੀ ਰੌਸ਼ਨੀ ਦਿੰਦਾ ਰਹੇਗਾ।

ਸਾਰੀ ਮਾਨਵਤਾ ਲਈ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਜੀ ਕੋਲ ਥਾਂ ਹੈ ਤੇ ਉਹ ਕਿਸੇ ਨੂੰ ਵੀ ਨਿਰਾਸ਼ ਨਹੀਂ ਕਰਦਾ। ਉਹਨਾਂ ਦੇ ਸ਼ਹੀਦੀ ਪੁਰਬ ਤੇ ਬੜੇ ਸਤਿਕਾਰ ਨਾਲ ਮੈਂ ਆਪਣੇ ਸ਼ਰਧਾ-ਸੁੰਮਨ ਪੇਸ਼ ਕਰਦਾ ਹਾਂ।

## ਵਧਾਈ ਸੰਦੇਸ਼

'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਪਹਿਲਾਂ ਪੰਦਰਾਂ ਰੋਜ਼ਾ ਅਖਬਾਰਾਂ ਸਨ। ਅੱਜ ਇਹ ਅਖਬਾਰਾਂ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ 'ਚੁੰਬਰ' ਜੀਦੀ ਲਗਨ ਤੇ ਸਖਤ ਮਿਹਨਤ ਸਦਕਾ 29 ਜਨਵਰੀ 2015 ਤੋਂ 'ਹਫਤਾਵਾਰੀ ਹੋ ਗਈਆਂ ਹਨ। ਇਹ ਬੜੀ ਮਾਣ ਤੇ ਫਖਰ ਵਾਲੀ ਗੱਲ ਹੈ। ਇਸ ਦੀ ਜਿੰਨੀ ਵੀ ਤਾਰੀਫ ਕੀਤੀ ਜਾਵੇ, ਉਹ ਘੱਟ ਹੈ। ਇਹ ਦਿਹਾੜਾ ਇਹਨਾਂ ਅਖਬਾਰਾਂ ਦਾ ਇਤਿਹਾਸਕ ਦਿਹਾੜਾ ਹੈ। ਮੈਂ ਤੇ ਮੇਰਾ ਪਰਿਵਾਰ ਇਸ ਸ਼ੁਭ ਦਿਹਾੜੇ 'ਤੇ ਅਖ਼ਬਾਰ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ 'ਚੁੰਬਰ' ਉਹਨਾਂ ਦੀ ਪਤਨੀ ਅਤੇ ਬੱਚਿਆਂ ਨੂੰ ਹਾਰਦਿਕ ਵਧਾਈ ਦਿੰਦਾ ਹਾਂ। ਇਸ ਦਿਹਾੜੇ ਤੇ ਮੇਰੇ ਲਈ ਬੜੇ ਫਖਰ ਤੇ ਮਾਣ ਵਾਲੀ ਗੱਲ ਹੈ ਕਿਉਂਕਿ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਮੇਰੇ ਬਹੁਤ ਹੀ ਹੋਣਹਾਰ ਵਿਦਿਆਰਥੀ ਵੀ ਹਨ। ਲਿਖਣ ਦੀ ਮੁਹਾਰਤ ਉਹਨਾਂ ਨੂੰ ਆਪਣੇ ਵਿਦਿਆਰਥੀ ਕਾਲ ਤੋਂ ਹੀ ਹੈ। ਹਰ ਇਨਸਾਨ ਦੀ ਕਾਮਯਾਬੀ ਪਿੱਛੇ, ਉਹਨਾਂ ਦੀ ਪਤਨੀ ਦਾ ਬੜਾ ਯੋਗਦਾਨ ਹੁੰਦਾ ਹੈ, ਜਿਸ ਕਰਕੇ ਹੀ ਉਹ ਕਾਮਯਾਬੀ ਦੀਆਂ ਬੁਲੰਦੀਆਂ ਤੇ ਪਹੁੰਚ ਸਕਦਾ ਹੈ। ਪਰਿਵਾਰਕ ਸਹਿਯੋਗ ਤੋਂ ਬਿਨਾਂ ਕਿਸੇ ਕੰਮ ਵਿਚ ਕਾਮਯਾਬੀ ਹਾਸਲ ਕਰਨਾ ਬੜਾ ਮੁਸ਼ਕਿਲ ਕਾਰਜ ਹੈ। ਇਸ ਕਾਮਯਾਬੀ ਦਾ ਸਿਹਰਾ ਉਹਨਾਂ ਦੀ ਪਤਨੀ ਤੇ ਬੱਚਿਆਂ ਨੂੰ ਜਾਂਦਾ ਹੈ ਜੋ ਉਹਨਾਂ ਨਾਲ ਦਿਨ-ਰਾਤ ਅਜਿਹੇ ਕਠਿਨ ਕੰਮ ਵਿਚ ਸਾਥ ਦਿੰਦੇ ਹਨ। ਇਸ ਲਈ ਇਹਨਾਂ ਦਾ ਪਰਿਵਾਰ ਵੀ ਪ੍ਰਸੰਸਾ ਦੇ ਕਾਬਲ ਹੈ। ਮੈਂ ਖੁਦ ਇਹਨਾਂ ਅਖਬਾਰਾਂ ਦਾ ਪਾਠਕ, ਲੇਖਕ ਤੇ ਪ੍ਰਸ਼ੰਸਕ ਹਾਂ।

ਦੋਸਤੋ! ਦੁਨੀਆਂ ਵਿਚ ਸਭ ਤੋਂ ਕਠਿਨ ਕੰਮ ਲਿਖਣਾ ਤੇ ਫਿਰ ਅਖਬਾਰ ਕੱਢਣਾ ਹੀ ਹਨ। ਇਸ ਕੰਮ ਵਿਚ ਅੱਤ ਦਰਜੇ ਦਾ ਸਿਰੜੀ ਤੇ ਮਿਹਨਤੀ ਇਨਸਾਨ ਹੀ ਕਾਮਯਾਬੀ ਹਾਸਲ ਕਰ ਸਕਦਾ ਹੈ। ਇਹਨਾਂ ਕੰਮਾਂ ਲਈ ਆਪ ਨੂੰ ਖੁਦ ਵੀ ਬਹੁਤ ਪੜ੍ਹਨਾ ਅਤੇ ਗਿਆਨ ਪ੍ਰਾਪਤ ਕਰਨ ਦੀ ਭੁੱਖ ਰੱਖਣਾ ਬੜਾ ਜ਼ਰੂਰੀ ਹੈ। ਇਹ ਸਾਰੇ ਗੁਣ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਪਾਸ ਹਨ।

ਉਹਨਾਂ ਨੇ ਜਰਮਨ ਤੋਂ 'ਜਰਨਲਿਜ਼ਮ ਦਾ ਡਿਪਲੋਮਾ' ਕਰਨ ਉਪਰੰਤ ਉਹ ਕੈਲੇਫੋਰਨੀਆ ਆ ਵੱਸੇ। ਇੱਥੇ ਆ ਕੇ ਉਹਨਾਂ ਨੇ 'ਅੰਬੇਦਕਰ ਟਾਈਮਜ਼' ਤੇ 'ਦੇਸ਼ ਦੁਆਬਾ' ਅਖਬਾਰਾਂ ਦੀ ਸੰਪਾਦਨਾ ਸ਼ੁਰੂ ਕੀਤੀ। 'ਅੰਬੇਦਕਰ ਟਾਈਮਜ਼' ਦੀ ਸਥਾਪਨਾ 15 ਮਾਰਚ ਨੂੰ ਸੱਤਵੇਂ ਸਾਲ 'ਚ ਤੇ 'ਦੇਸ਼ ਦੁਆਬਾ' ਦੀ ਸਥਾਪਨਾ ਇਸ ਸਾਲ 'ਚ ਵਿਸਾਖੀ ਵਾਲੇ ਦਿਨ 'ਤੇ ਚੌਥੇ ਸਾਲ ਵਿਚ ਪ੍ਰਵੇਸ਼ ਕਰਦੀ ਹੋਈ, ਪੰਜਾਬੀ ਮਾਂ ਬੋਲੀ ਤੇ ਭਾਰਤੀ ਸਭਿਆਚਾਰ ਦੀ ਸੇਵਾ ਕਰ ਰਹੀ ਹੈ।

ਇਹ ਦੋਵੇਂ ਅਖਬਾਰਾਂ 'ਪ੍ਰਗਤੀਵਾਦੀ' ਲੀਹਾਂ ਤੇ ਚਲਦੀਆਂ ਹੋਈਆਂ ਤੇ 'ਮਾਨਵਵਾਦ' ਦਾ ਮਨੁੱਖਤਾ ਨੂੰ ਸੰਦੇਸ਼ ਦਿੰਦੀਆਂ ਹੋਈਆਂ, 'ਸਮਾਜਿਕ-ਬਰਾਬਰੀ' ਦੀ ਗੱਲ ਵੀ ਕਰਦੀਆਂ ਹਨ। ਮੈਂ ਇਸ ਸ਼ੁਭ ਦਿਹਾੜੇ ਤੇ ਆਪਣੀਆਂ ਸ਼ੁਭ ਇਛਾਵਾਂ ਤੇ ਆਸ਼ੀਰਵਾਦ ਦਿੰਦਾ ਹਾਂ ਕਿ ਇਹ ਅਖਬਾਰਾਂ ਦਿਨ ਦੂਣੀ ਤੇ ਰਾਤ ਚੌਗੁਣੀ ਤਰੱਕੀ ਕਰਨ।

**ਧੰਨਵਾਦ ਸਹਿਤ**
**ਪ੍ਰੋ. ਐਚ. ਐਲ. ਕਪੂਰ**
**ਇਕ ਪਾਠਕ, ਲੇਖਕ ਤੇ ਪ੍ਰਸ਼ੰਸਕ**
916-587-4002

# 'ਬੱਚਿਆਂ ਦਾ ਨਿਰਮਾਣ ਬਾਣੀ ਨਾਲ ਨਹੀਂ, ਆਚਰਨ ਨਾਲ'



ਪ੍ਰੋ: ਐਚ ਐਲ ਕਪੂਰ
916- 587-4002

**(1) ਬੱਚਿਆਂ ਦਾ ਨਿਰਮਾਣ ਬਾਣੀ ਨਾਲ ਨਹੀਂ, ਆਚਰਨ ਨਾਲ ਕੀਤਾ ਜਾਵੇ**

ਰਾਜਨੀਤਿਕ ਤੋਂ ਲੈ ਕੇ ਸਮਾਜਿਕ ਤੇ ਧਾਰਮਿਕ ਖੇਤਰ 'ਚ ਭਾਸ਼ਣ ਦੇਣ ਵਾਲਿਆਂ ਦੀ ਕੋਈ ਘਾਟ ਨਹੀਂ ਹੈ। ਜੂਆ, ਨਸ਼ਾ, ਸਿਨਮਾ, ਟੀ. ਵੀ., ਸਮੇਂ ਦੀ ਬੇਕਦਰੀ, ਆਲਸ, ਭੈੜੇ ਵਿਚਾਰਾਂ ਵਰਗੀਆਂ ਬੁਰਾਈਆਂ ਤੇ ਆਏ ਦਿਨ ਵਿਖਿਆਨ ਹੁੰਦੇ ਰਹਿੰਦੇ ਹਨ ਪਰ ਇਹਨਾਂ ਗੱਲਾਂ ਦਾ ਪ੍ਰਭਾਵ ਸੁਣਨ ਵਾਲੇ ਵਿਅਕਤੀਆਂ ਤੇ ਨਹੀਂ ਪੈਂਦਾ ਹੈ।ਇਹਨਾਂ ਬੁਰਾਈਆਂ ਨੂੰ ਛੁਡਾਉਣ ਲਈ ਜਾਂ ਇਹਨਾਂ ਦਾ ਤਿਆਗ ਕਰਨ ਲਈ, ਪ੍ਰਭਾਵ ਸਿਰਫ ਉੱਚ ਕੋਟੀ ਦੇ ਚਰਿੱਤਰਵਾਨ ਤੇ ਉੱਤਮ ਸੰਸਕਾਰਾਂ ਵਾਲੇ, ਮਹਾਨ ਵਿਅਕਤੀ ਹੀ ਪਾਉਣ ਵਿਚ ਸਫਲ ਹੁੰਦੇ ਹਨ, ਕਿਉਂਕਿ ਉਹ ਆਪਣੀ ਬਾਣੀ ਨਾਲ ਨਹੀਂ ਸਗੋਂ ਆਪਣੇ ਉਚੇ-ਸੁੱਚੇ ਆਚਰਣ ਤੇ ਆਪਣੇ ਮਹਾਨ ਵਿਅਕਤਿਤਵ ਨਾਲ ਹੀ ਪ੍ਰਭਾਵਿਤ ਕਰਦੇ ਹਨ। ਇਹਨਾਂ ਦੇ ਪ੍ਰਭਾਵ ਨਾਲ ਦੁਰਾਚਾਰੀ, ਚਰਿੱਤਰਹੀਣ ਤੇ ਦੁਸ਼ਟ ਲੋਕ ਅਕਸਰ ਸੰਤ ਬਣਦੇ ਦੇਖੇ ਜਾ ਸਕਦੇ ਹਨ। ਕਿਸੇ ਭੈੜੇ ਤੋਂ ਭੈੜੇ ਇਨਸਾਨ ਦੀਆਂ ਗਤੀਵਿਧੀਆਂ ਵਿਚ ਪ੍ਰੀਵਰਤਨ ਕਰ ਦੇਣਾ ਇਹਨਾਂ ਦੁਆਰਾ ਹੀ ਸੰਭਵ ਹੁੰਦਾ ਹੈ।

ਬਾਣੀ ਦੀ ਚਤੁਰਤਾ ਦੀ ਕਲਾ ਹੁਣ ਜਨਤਾ ਦੁਆਰਾ ਪ੍ਰਭਾਵਿਤ ਕੀਤਾ ਜਾ ਰਿਹਾ ਹੈ। ਲੋਕ ਇਸ ਦੁਆਰਾ ਮਨੋਰੰਜਨ ਜ਼ਰੂਰ ਕਰ ਰਹੇ ਹੋਣਗੇ ਪ੍ਰੰਤੂ ਇਹਨਾਂ ਦੇ ਚਰਿੱਤਰ ਨੂੰ ਬਦਲਣਾ ਸੰਭਵ ਨਹੀਂ ਹੈ। ਇਹ ਸਚਾਈ ਜਿੰਨੀ ਸਮਾਜਿਕ ਖੇਤਰ ਵਿਚ ਲਾਗੂ ਹੁੰਦੀ ਹੈ, ਉਤਨੀ ਹੀ ਪਰਿਵਾਰਕ ਖੇਤਰ ਤੇ ਵੀ ਲਾਗੂ ਹੁੰਦੀ ਹੈ। ਅਗਰ ਅਸੀਂ ਸਭ ਚਾਹੁੰਦੇ ਹਾਂ ਕਿ ਸਾਡੇ ਬੱਚੇ ਸਾਡਾ ਕਹਿਣਾ ਮੰਨਣ, ਆਗਿਆਕਾਰੀ ਬਣਨ ਤੇ ਉਹਨਾਂ ਦਾ ਆਚਰਣ ਉੱਚਾ ਹੋਵੇ ਤਾਂ ਸਾਨੂੰ ਖੁਦ ਆਪਣੇ ਉੱਚੇ ਆਚਰਣ ਦੀ ਮਿਸਾਲ ਬਣਨਾ ਪਵੇਗਾ। ਬੱਚਿਆਂ ਨੂੰ ਸਮਝਾਉਣ-ਬੁਝਾਉਣ ਦਾ ਕੁਝ ਨਾ ਕੁਝ ਅਸਰ ਤਾਂ ਪੈਂਦਾ ਹੀ ਹੈ। ਪ੍ਰੰਤੂ ਉਹਨਾਂ ਦਾ ਸੁਭਾਅ, ਵਿਚਾਰ ਤੇ ਭਾਵਾਂ 'ਚ ਪਰਿਵਰਤਨ ਕਰਨਾ ਹੋਵੇ ਤਾਂ ਪਹਿਲਾਂ ਸਾਨੂੰ ਜ਼ਰੂਰ ਇਸ ਗੱਲ ਦਾ ਖਿਆਲ ਰੱਖਣਾ ਹੋਵੇਗਾ ਕਿ ਕੀ ਸਾਡਾ ਆਪਣਾ ਸੁਭਾਅ ਤੇ ਚਰਿੱਤਰ ਆਦਰਸ਼ਵਾਦੀ ਹੈ ਜਾਂ ਨਹੀਂ, ਅਗਰ ਨਹੀਂ ਹੈ ਤਾਂ ਸਾਨੂੰ ਇਸ ਵਿਚ ਪਰਿਵਰਤਨ ਲਿਆਉਣਾ ਪਵੇਗਾ। ਉੱਚੇ-ਸੁੱਚੇ ਆਚਰਣ ਦਾ ਪ੍ਰਭਾਵ ਹੀ ਪਰਿਵਾਰ 'ਤੇ ਅਸਰਦਾਰ ਤਰੀਕੇ ਨਾਲ ਪੈਂਦਾ ਹੈ। ਇਹ ਠੀਕ ਉਸੇ ਤਰ੍ਹਾਂ ਹੀ ਹੈ, ਜਿਵੇਂ ਜਲਦਾ ਹੋਇਆ ਚਿਰਾਗ ਹੀ ਬੁਝੇ ਹੋਏ ਚਿਰਾਗ ਨੂੰ ਜਲਾਅ ਸਕਦਾ ਹੈ।

ਪਰਿਵਾਰ 'ਚ ਸੁੱਖ-ਸ਼ਾਂਤੀ ਤੇ ਵਧੀਆ ਹਾਲਾਤ ਤਾਂ ਹੀ ਕਹਿ ਸਕਦੇ ਹਨ ਜੇਕਰ ਪਰਿਵਾਰ 'ਚ ਸੱਜਣਤਾ, ਪਿਆਰ, ਸਦਾਚਾਰ ਆਦਿ ਵਰਗੀਆਂ ਵਧੀਆ ਆਦਤਾਂ ਦਾ ਪ੍ਰਚਲਨ ਹੋਵੇਗਾ। ਅੱਜਕਲ੍ਹ ਬੁਰਾਈਆਂ ਦਾ ਚਾਰੋ ਪਾਸੇ ਜੋ ਪ੍ਰਦੂਸ਼ਣ ਫੈਲਿਆ ਹੋਇਆ ਹੈ, ਉਸ ਨਾਲ ਲੋਕ ਜਲਦੀ ਪ੍ਰਭਾਵਿਤ ਹੁੰਦੇ ਹਨ। ਚੰਗਿਆਈਆਂ ਦੀ ਥਾਂ ਬੁਰਿਆਈਆਂ ਜਲਦੀ ਗ੍ਰਹਿਣ ਕੀਤੀਆਂ ਜਾ ਸਕਦੀਆਂ ਹਨ। ਪਰਿਵਾਰ ਦੇ ਵੱਡੀ ਉਮਰ ਦੇ ਬੰਦਿਆਂ ਤੇ ਬਾਹਰ ਦੇ ਬੰਦਿਆਂ ਤੋਂ ਬੱਚੇ ਪ੍ਰਭਾਵ ਜਲਦੀ ਗ੍ਰਹਿਣ ਕਰਦੇ ਹਨ। ਘਰ ਦੇ ਬੰਦਿਆਂ ਦੀਆਂ ਬੁਰੀਆਂ ਆਦਤਾਂ ਨੰਗੀਆਂ ਹੁੰਦੀਆਂ ਹਨ ਕਿਉਂਕਿ ਉਹ ਘਰ ਵਿਚ ਆਪਣੀਆਂ ਬੁਰੀਆਂ ਆਦਤਾਂ ਦਾ ਪ੍ਰਦਰਸ਼ਨ ਖੁੱਲ੍ਹ ਕੇ ਬੜੀ ਆਜ਼ਾਦੀ ਨਾਲ ਕਰਦਾ ਹੈ ਤੇ ਬਾਹਰ ਤਾਂ ਉਹ ਇਹਨਾਂ ਦਾ ਢੋਂਗ ਕਰਕੇ ਵੀ ਗੁਜ਼ਾਰਾ ਚਲਾ ਲੈਂਦਾ ਹੈ।

ਪਰਿਵਾਰ ਵਿਚ ਬੁਰੇ ਆਦਮੀ ਉਤਨਾ ਹੀ ਦੁੱਖ ਦਿੰਦੇ ਹਨ ਜਿੰਨਾ ਕੋਈ ਘਾਤਕ ਰੋਗ ਕਸ਼ਟ ਦਿੰਦਾ ਹੈ। ਇਸ ਦਾ ਸੁਧਾਰ ਕਰਨਾ ਉਤਨਾ ਹੀ ਜ਼ਰੂਰੀ ਹੈ, ਜਿਤਨਾ ਕਿ ਬਿਮਾਰ ਆਦਮੀ, ਤੰਦਰੁਸਤ ਕਰਨਾ ਜ਼ਰੂਰੀ ਹੈ। ਇਸ ਦੇ ਮੁਕਾਬਲੇ ਵਿਚ ਘਰ ਦੇ ਬੰਦਿਆਂ ਵਿਚ ਗ੍ਰਸੀਆਂ ਬੁਰਾਈਆਂ ਘਰ ਦੇ ਪੂਰੇ ਵਾਤਾਵਰਣ ਨੂੰ ਅਸ਼ਾਂਤ ਤੇ ਨਰਕ ਬਣਾ ਦਿੰਦੀਆਂ ਹਨ। ਬੁਰਾਈਆਂ ਦਾ ਇਲਾਜ ਸਾਨੂੰ ਅਰੰਭਿਕ ਸਮੇਂ ਵਿਚ ਹੀ ਕਰਨਾ ਚਾਹੀਦਾ ਹੈ। ਅਗਰ ਅਸੀਂ ਜਿੰਨੀ ਦੇਰੀ ਕਰੀ ਜਾਵਾਂਗੇ, ਉਨੀਆਂ ਹੀ ਬੁਰਾਈਆਂ ਪੱਕਦੀਆਂ ਜਾਣਗੀਆਂ ਤੇ ਉਹਨਾਂ ਨੂੰ ਉਤਨਾ ਹੀ ਦੂਰ ਕਰਨਾ ਮੁਸ਼ਕਿਲ ਹੋਵੇਗਾ।

ਪਰਿਵਾਰ ਨੂੰ ਬੁਰਾਈਆਂ ਤੋਂ ਦੂਰ ਰੱਖਣ ਲਈ, ਚਾਹਵਾਨ ਲੋਕਾਂ ਨੂੰ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਸੁਧਾਰਨਾ ਹੋਵੇਗਾ, ਕਿਉਂਕਿ ਵਾਸਤਵਿਕਤਾ ਇਹੀ ਹੈ ਕਿ ਮਾਤਾ-ਪਿਤਾ ਦੇ ਉਪਰ, ਬੱਚੇ ਨੂੰ ਜਨਮ ਦੇਣਾ ਹੀ ਜ਼ਿੰਮੇਵਾਰੀ ਨਹੀਂ ਬਣਦੀ ਹੈ, ਸਗੋਂ ਉਸ ਨੂੰ ਚੰਗੇ ਸੰਸਕਾਰਾਂ ਦੀ ਸਿੱਖਿਆ ਦੇਣ ਦੀ ਮਹੱਤਵਪੂਰਨ ਜ਼ਿੰਮੇਵਾਰੀ ਵੀ ਬਣਦੀ ਹੈ। ਬੱਚਿਆਂ ਦੀਆਂ ਆਦਤਾਂ ਨਾ ਠੀਕ ਹੋਣ ਦੀ ਸੂਰਤ ਵਿਚ, ਇਹ ਦੋਸ਼ ਵੀ ਮਾਤਾ-ਪਿਤਾ ਨੂੰ ਹੀ ਜਾਂਦਾ ਹੈ। ਬੱਚਿਆਂ ਨੂੰ ਲਾਡ ਪਿਆਰ ਕਰਨ 'ਤੇ ਮਾਤਾ-ਪਿਤਾ ਖਰਚਾ ਕਰਦੇ ਹਨ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਬੱਚਾ ਇਸ ਖਰਚੇ ਗਏ ਪੈਸੇ ਦਾ ਮਹੱਤਵ ਨਹੀਂ ਸਮਝਦਾ, ਸਗੋਂ ਉਸ ਨੂੰ ਫਜ਼ੂਲ ਖਰਚੀ ਦੀ ਆਦਤ ਪੈ ਜਾਂਦੀ ਹੈ ਤੇ ਜਦ ਉਹ ਵੱਡਾ ਹੁੰਦਾ ਹੈ, ਇਹੀ ਫਜ਼ੂਲ ਖਰਚੀ ਉਸ ਵਿਚ ਬੁਰਾਈਆਂ ਦਾ ਕਾਰਨ ਬਣਦੀ ਹੈ।

ਮਾਤਾ-ਪਿਤਾ ਵਿਚ ਜੋ ਆਪਸੀ ਖਿੱਚੋਤਾਣ ਚਲਦੀ ਰਹਿੰਦੀ ਹੈ, ਉਸ ਦਾ ਪ੍ਰਭਾਵ ਵੀ ਬੱਚੇ ਦੇ ਕੋਮਲ ਮਨ ਤੇ ਪੈਂਦਾ ਹੈ। ਉਹ ਵੀ ਇਹੀ ਸੁਭਾਅ ਗ੍ਰਹਿਣ ਕਰ ਲੈਂਦਾ ਹੈ, ਜਿਸ ਦਾ ਨਤੀਜਾ ਅੱਗੇ ਚੱਲ ਕੇ ਇਹ ਨਿਕਲਦਾ ਹੈ ਕਿ ਉਸ ਬੱਚੇ ਦਾ ਆਪਣਾ ਪਰਿਵਾਰਕ ਜੀਵਨ ਵੀ ਉਸੇ ਤਰ੍ਹਾਂ ਦਾ ਹੀ ਬਣ ਜਾਂਦਾ ਹੈ। ਜਿਹਨਾਂ ਮਾਪਿਆਂ ਵਿਚ ਆਪਣੇ ਵੱਡਿਆਂ ਪ੍ਰਤੀ ਸਤਿਕਾਰ ਤੇ ਪਿਆਰ ਦੀ ਭਾਵਨਾ ਹੋਵੇਗੀ, ਉਹਨਾਂ ਦੇ ਬੱਚੇ ਵੀ ਆਪਣੇ ਮਾਤਾ-ਪਿਤਾ ਲਈ ਸਤਿਕਾਰ ਤੇ ਪਿਆਰ ਦੀ ਭਾਵਨਾ ਹਮੇਸ਼ਾ ਕਾਇਮ ਰੱਖਣਗੇ।

ਮਾਤਾ-ਪਿਤਾ ਦੇ ਸਹਿਯੋਗ ਨਾਲ ਬੱਚੇ ਦਾ ਸਿਰਫ ਸਰੀਰ ਹੀ ਨਹੀਂ ਬਣਦਾ, ਸਗੋਂ ਆਪਣੇ ਮਾਤਾ-ਪਿਤਾ ਤੋਂ ਹਾਸਲ ਕੀਤੀ ਮਾਨਸਿਕਤਾ ਦਾ ਵੀ ਉਹਨਾਂ ਤੇ ਪ੍ਰਭਾਵ ਪੈਂਦਾ ਹੈ। ਜਿਹਨਾਂ ਮਾਤਾ-ਪਿਤਾ ਦੀ ਮਾਨਸਿਕਤਾ ਗੰਦੀ ਹੋਵੇਗੀ ਤੇ ਬੁਰਾਈਆਂ ਨਾਲ ਭਰੀ ਹੋਵੇਗੀ, ਇਹੀ ਸੰਸਕਾਰ ਬੱਚੇ ਵਿਚ ਪ੍ਰਵੇਸ਼ ਕਰ ਜਾਣਗੇ, ਚੰਗੇ ਸੰਸਕਾਰਾਂ ਵਾਲੀ ਸੰਤਾਨ, ਇਕ ਚੰਗੇ ਸੰਸਕਾਰਾਂ ਨਾਲ ਭਰੇ ਮਾਤਾ-ਪਿਤਾ ਹੀ ਪੈਦਾ ਕਰ ਸਕਦੇ ਹਨ। ਇਸ ਲਈ ਮਾਤਾ-ਪਿਤਾ ਨੂੰ ਪਹਿਲਾਂ ਆਪ ਚੰਗੇ ਸੰਸਕਾਰੀ ਬਣਨਾ ਪਵੇਗਾ। ਭੈੜੇ ਸੰਸਕਾਰਾਂ ਵਾਲੇ ਬੱਚੇ ਤਾਂ ਹਮੇਸ਼ਾ ਪੈਦਾ ਹੁੰਦੇ ਰਹਿੰਦੇ ਹਨ ਤੇ ਸਮਾਜ ਲਈ ਇਕ ਬੋਝ ਬਣੇ ਰਹਿੰਦੇ ਹਨ। ਅਗਰ ਸੰਸਕਾਰੀ ਬੱਚਿਆਂ ਦੀ ਮਾਤਾ-ਪਿਤਾ ਕਾਮਨਾ ਰੱਖਦੇ ਹਨ ਤਾਂ ਇਸ ਲਈ ਮਿਹਨਤ ਕਰਨੀ ਹੀ ਪਵੇਗੀ। ਜੇਕਰ ਇਹ ਮਿਹਨਤ ਨਹੀਂ ਕਰ ਸਕਦੇ ਤਾਂ ਸਾਨੂੰ, ਉਹਨਾਂ ਦੀ ਕਰਨੀ ਦਾ ਫਲ 'ਤੇ ਛੱਡ ਕੇ ਤਸੱਲੀ ਕਰਨੀ ਚਾਹੀਦੀ ਹੈ।



ਇਕ ਸੰਤ ਦੇ ਕੋਲ ਇਕ ਔਰਤ ਇਹ ਮੰਨ ਕੇ ਪਹੁੰਚੀ ਕਿ ਉਹਨਾਂ ਦੀਆਂ ਗੱਲਾਂ ਦਾ ਪ੍ਰਭਾਵ ਬੜੀ ਜਲਦੀ ਪੈਂਦਾ ਹੈ ਤੇ ਬੰਦਾ ਆਪਣੇ ਔਗੁਣਾਂ ਨੂੰ ਤਿਆਗ ਦਿੰਦਾ ਹੈ। ਉਸ ਔਰਤ ਦਾ ਬੱਚਾ ਮਿੱਠਾ ਬਹੁਤ ਖਾਂਦਾ ਸੀ। ਜਿਸ ਦੇ ਖਾਣ ਨਾਲ ਉਸ ਬੱਚੇ ਦੀ ਸਿਹਤ ਬਹੁਤ ਗਿਰਦੀ ਜਾਂਦੀ ਸੀ। ਡਾਕਟਰਾਂ ਤੇ ਹੋਰ ਕਈ ਸਿਆਣਿਆਂ ਦੇ ਸਮਝਾਉਣ 'ਤੇ ਕਿ ਕਾਕਾ ਜੀ, ਜ਼ਿਆਦਾ ਮਿੱਠਾ ਨਾ ਖਾਓ, ਇਹੀ ਤੁਹਾਡੀ ਸਿਹਤ ਦੀ ਗਿਰਾਵਟ ਦਾ ਕਾਰਨ ਹੈ, ਪਰ ਉਸ ਬੱਚੇ 'ਤੇ ਕਿਸੇ ਦੇ ਸਮਝਾਉਣ ਦਾ ਕੋਈ ਅਸਰ ਨਹੀਂ ਹੋਇਆ। ਸੰਤ ਨੇ ਪੰਦਰਾਂ ਦਿਨਾਂ ਦਾ ਸਮਾਂ ਮੰਗਿਆ ਤੇ ਉਸ ਤੋਂ ਬਾਅਦ ਆਉਣ ਲਈ ਕਿਹਾ।

ਉਹ ਔਰਤ ਪੰਦਰਾਂ ਦਿਨ ਖਤਮ ਹੋਣ ਤੋਂ ਬਾਅਦ ਆਪਣੇ ਬੱਚੇ ਨੂੰ ਦੁਬਾਰਾ ਲੈ ਕੇ ਸੰਤ ਜੀ ਪਾਸ ਪਹੁੰਚੀ। ਸੰਤ ਨੇ ਬੱਚੇ ਨੂੰ ਮਿੱਠਾ ਨਾ ਖਾਣ ਦਾ ਉਪਦੇਸ਼ ਦਿੱਤਾ। ਨਤੀਜਾ ਇਹ ਹੋਇਆ ਕਿ ਬੱਚੇ ਨੇ ਮਿੱਠਾ ਖਾਣਾ ਉਸੇ ਦਿਨ ਤੋਂ ਹੀ ਛੱਡ ਦਿੱਤਾ। ਸੰਤ ਦੇ ਕੋਲ ਰਹਿਣ ਵਾਲੇ ਲੋਕਾਂ ਨੇ ਇਸ ਦਾ ਰਹੱਸ ਪੁੱਛਿਆ ਕਿ ਇੰਨੀ ਛੋਟੀ ਗੱਲ ਤੁਸੀਂ ਉਸ ਨੂੰ ਪੰਦਰਾਂ ਦਿਨ ਪਹਿਲਾਂ ਵੀ ਕਹਿ ਸਕਦੇ ਸੀ। ਇਤਨੇ ਦਿਨ ਲਾਉਣ ਦਾ ਕੀ ਕਾਰਨ ਸੀ? ਸੰਤ ਨੇ ਦੱਸਿਆ ਕਿ ਉਹਨਾਂ ਦਿਨਾਂ ਵਿਚ ਉਹ ਆਪ ਬੜਾ ਮਿੱਠਾ ਖਾਂਦਾ ਸੀ ਤੇ ਜੇਕਰ ਉਸ ਦਿਨ ਉਸ ਨੂੰ ਇਹ ਗੱਲ ਆਖ ਦਿੰਦਾ ਤਾਂ ਉਸ ਬੱਚੇ 'ਤੇ ਇਸ ਗੱਲ ਦਾ ਕੋਈ ਪ੍ਰਭਾਵ ਨਹੀਂ ਹੋਣਾ ਸੀ। ਇਹਨਾਂ ਪੰਦਰਾਂ ਦਿਨਾਂ ਵਿਚ ਉਸ ਨੇ ਖੁਦ ਮਿੱਠਾ ਨਾ ਖਾਣ ਦਾ ਅਭਿਆਸ ਕੀਤਾ, ਜਿਸ ਦਾ ਇਹ ਅਸਰ ਸੰਭਵ ਹੋ ਸਕਿਆ ਤੇ ਉਹ ਬੱਚੇ ਨੂੰ ਮਿੱਠਾ ਛੱਡਣ ਦਾ ਉਪਦੇਸ਼ ਦੇ ਸਕਿਆ।

ਹਰ ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਸ੍ਰੀ ਰਾਮ, ਸ੍ਰੀ ਕ੍ਰਿਸ਼ਨ, ਸਰਵਣ ਤੇ ਗੁਰੂ ਨਾਨਕ ਦੇਵ ਜੀ ਵਾਂਗ ਦੇਖਣਾ ਚਾਹੁੰਦੇ ਹਨ ਪ੍ਰੰਤੂ ਇਹ ਨਹੀਂ ਸੋਚਦੇ ਕਿ ਦਸ਼ਰਥ, ਵਾਸਦੇਵ ਵਾਂਗ ਇਸ ਇੱਛਾ ਦੀ ਪੂਰਤੀ ਲਈ ਇਸ ਦਾ ਮੁੱਲ ਚੁਕਾਉਣਾ ਪੈਂਦਾ ਹੈ। ਗੁਣ, ਕਰਮ, ਸੁਭਾਅ ਦੀ ਦ੍ਰਿਸ਼ਟੀ ਤੋਂ ਆਪਣੇ ਆਪ ਨੂੰ ਇਸ ਯੋਗ ਬਣਾਓ ਕਿ ਤੁਹਾਡੇ ਬੱਚੇ ਵੀ ਸਰਵ-ਉਤਮ ਤੇ ਉੱਚੇ ਆਚਰਣ ਦੇ ਮਾਲਕ ਬਣਨ। ਬਾਣੀ ਜਾਂ ਭਾਸ਼ਣ ਦੀ ਥਾਂ, ਆਪਣੇ ਉੱਚੇ ਤੇ ਸੁੱਚੇ ਆਚਰਣ ਨੂੰ ਬੱਚਿਆਂ ਦੇ ਸਾਹਮਣੇ ਪੇਸ਼ ਕਰਕੇ ਹੀ ਬੱਚਿਆਂ ਦਾ ਸੁਧਾਰ ਅਸੀਂ ਆਸਾਨੀ ਨਾਲ ਕਰ ਸਕਦੇ ਹਾਂ।

**(2) ਆਉਣ ਵਾਲੀ ਪੀੜ੍ਹੀ ਦਾ ਨਿਰਮਾਣ ਇਸ ਤਰ੍ਹਾਂ ਕਰੋ:-** ਸਮਾਜ ਨੂੰ ਸੁਰੱਖਿਅਤ ਬਣਾਉਣ ਲਈ ਵਰਤਮਾਨ ਪੀੜ੍ਹੀ ਨੂੰ ਆਪਣੇ ਤੋਂ ਬਾਅਦ ਤੁਰੰਤ ਆਉਣ ਵਾਲੀ ਪੀੜ੍ਹੀ ਨੂੰ ਇਕ ਸੁਨਿਸਚਿਤ ਚੇਤਨਾ ਨਾਲ ਅੱਗੇ ਵਧਾਉਣਾ ਚਾਹੀਦਾ ਹੈ, ਅਰਥਾਤ ਆਪਣੇ ਬੱਚਿਆਂ ਦਾ ਨਿਰਮਾਣ ਇਸ ਤਰ੍ਹਾਂ ਕਰਨਾ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਸਮਾਜ ਦਾ ਇਕ ਮਹੱਤਵਪੂਰਨ ਅੰਗ ਸਮਝਣ। ਉਹ ਜੋ ਕੁਝ ਵੀ ਸੋਚਣ ਉਹ ਸਮਾਜਿਕ ਦ੍ਰਿਸ਼ਟੀਕੋਣ ਤੋਂ ਅਤੇ ਜੋ ਕੁਝ ਵੀ ਕਰਨ, ਸਮਾਜ ਨੂੰ ਧਿਆਨ ਵਿਚ ਰੱਖਦਿਆਂ ਹੀ ਕਰਨ।

ਸਮਾਜ ਵਿਚ ਬੁਰਾਈਆਂ ਦਾ ਜਨਮ ਹੀ ਉਦੋਂ ਹੁੰਦਾ ਹੈ, ਜਦੋਂ ਅਸੀਂ ਸਮਾਜਿਕ ਪ੍ਰਾਣੀਆਂ ਵਿਚ ਸਮਾਜਿਕ ਭਾਵਨਾ ਘੱਟ ਜਾਂਦੀ ਹੈ। ਹਰ ਵਿਅਕਤੀ ਬੜੇ ਨਕਾਰਾਤਮਕ ਰੂਪ ਨਾਲ, ਮਨਮਾਨੇ ਢੰਗ ਨਾਲ ਦੂਸਰਿਆਂ ਨਾਲ ਵਿਵਹਾਰ ਕਰਨ ਲੱਗ ਜਾਂਦਾ ਹੈ। ਉਸ ਨੂੰ ਆਪਣੇ ਵਰਤਾਅ ਨਾਲ ਦੂਸਰਿਆਂ ਨੂੰ ਹੋਣ ਵਾਲੇ ਨੁਕਸਾਨ ਦਾ ਪਤਾ ਹੀ ਨਹੀਂ ਲੱਗਦਾ। ਇਸ ਤਰ੍ਹਾਂ ਉਸ ਨੂੰ ਪੈਰ-ਪੈਰ ਤੇ ਨੁਕਸਾਨ ਹੋਣ ਲੱਗਦਾ ਹੈ ਤੇ ਇਸ 'ਚੋਂ ਨਿਕਲਣ ਲਈ ਉਸ ਨੂੰ ਬੜਾ ਸੰਘਰਸ਼ ਕਰਨਾ ਪੈਂਦਾ ਹੈ। ਇਸ ਤਰ੍ਹਾਂ ਉਸ ਦੀ ਆਦਤ ਹੀ ਬਣ ਜਾਂਦੀ ਹੈ। ਇਸ ਨਾਲ ਉਸ ਦੀ ਜ਼ਿੰਦਗੀ ਸੁਖਮਈ ਬਣਨ ਦੀ ਬਜਾਏ ਦੁਖਮਈ ਬਣ ਜਾਂਦੀ ਹੈ। ਅੱਜ ਸਾਡਾ ਸਮਾਜ ਦਿਨ-ਪ੍ਰਤੀ ਦਿਨ ਦੁਖਮਈ ਬਣਦਾ ਜਾ ਰਿਹਾ ਹੈ। ਉਨਤੀ ਤੇ ਪ੍ਰਗਤੀ ਦੇ ਸਾਰੇ ਮਾਰਗ ਰੁਕਾਵਟਾਂ ਭਰੇ ਨਜ਼ਰ ਆਉਂਦੇ ਹਨ। ਇਸ ਦੇ ਸਾਰੇ ਆਦਰਸ਼, ਸਾਰੀ ਸੰਸਕ੍ਰਿਤੀ ਅਤੇ ਸਾਰੇ ਸਾਧਨ ਮੌਜੂਦ ਹੋਣ ਦੇ ਬਾਵਜੂਦ, ਫਿਰ ਵੀ ਦਿਨ-ਪ੍ਰਤੀ ਦਿਨ ਗਿਰਦਾ ਚਲਾ ਜਾ ਰਿਹਾ ਹੈ? ਇਸ ਦਾ ਇਕੋ ਕਾਰਨ ਹੈ ਕਿ ਮਾਨਵ ਵਿਚ ਸਮਾਜਿਕ ਭਾਵਨਾ ਦਾ ਘੱਟ ਹੋ ਜਾਣਾ ਹੈ। ਆਪਣੇ ਸਮਾਜ ਨੂੰ ਪ੍ਰਗਤੀਸ਼ੀਲ ਬਣਾਉਣ ਲਈ ਆਉਣ ਵਾਲੀ ਪੀੜ੍ਹੀ ਭਾਵ ਆਪਣੀ ਸੰਤਾਨ ਦਾ ਨਵਾਂ ਨਿਰਮਾਣ ਕਰਨਾ ਬਹੁਤ ਜ਼ਰੂਰੀ ਹੈ।

ਵੱਡੀ ਉਮਰ ਦੇ ਇਨਸਾਨਾਂ ਨਾਲੋਂ ਬੱਚਿਆਂ ਦਾ ਨਿਰਮਾਣ ਕਰਨਾ ਜ਼ਿਆਦਾ ਸਰਲ ਹੁੰਦਾ ਹੈ। ਬੱਚਿਆਂ ਦਾ ਮਾਨਸਿਕ ਧਰਾਤਲ ਇੰਨਾ ਕੋਮਲ ਅਤੇ ਸ਼ੁੱਧ ਹੁੰਦਾ ਹੈ, ਉਸ ਵਿਚ ਬੀਜਿਆ ਗਿਆ ਬੀਜ ਬੜੇ ਚੰਗੇ ਤਰੀਕੇ ਨਾਲ ਫਲ-ਫੁੱਲ ਸਕਦਾ ਹੈ। ਇਸ ਲਈ ਸਮਾਜਿਕ ਕਲਿਆਣ ਲਈ ਬੱਚਿਆਂ ਦਾ ਨਿਰਮਾਣ ਇਕ ਨਿਸ਼ਚਿਤ ਰੂਪ ਵਿਚ ਕਰਨ ਦੀ ਜ਼ਰੂਰਤ ਹੈ। ਬੱਚਿਆਂ ਦਾ ਸਥਾਈ ਤੇ ਪ੍ਰਭਾਵਸ਼ਾਲੀ ਨਿਰਮਾਣ ਘਰ 'ਚ ਹੀ ਆਪਣੇ ਵੱਡਿਆਂ ਦੁਆਰਾ ਕੀਤਾ ਜਾ ਸਕਦਾ ਹੈ।

ਬੱਚਿਆਂ ਨੂੰ ਆਰੰਭ ਤੋਂ ਹੀ ਇਕ ਅਜਿਹੇ ਵਾਤਾਵਰਣ ਵਿਚ ਰੱਖਣਾ ਚਾਹੀਦਾ ਹੈ ਜਿਸ ਨਾਲ ਉਸ ਵਿਚ ਉਦਾਰਵਾਦੀ ਭਾਵਨਾਵਾਂ ਦਾ ਵਿਕਾਸ ਹੋਵੇ। ਉਹਨਾਂ ਨੂੰ ਭੈਣਾਂ-ਭਰਾਵਾਂ ਤੇ ਪਰਿਵਾਰ ਦੇ ਹੋਰ ਮੈਂਬਰਾਂ ਨਾਲ ਪਿਆਰ ਕਰਨਾ ਸਿਖਾਇਆ ਜਾਵੇ। ਜਿਹਨਾਂ ਘਰਾਂ ਵਿਚ ਇਕ ਤੋਂ ਜ਼ਿਆਦਾ ਬੱਚੇ ਹੁੰਦੇ ਹਨ, ਇਹ ਵੇਖਿਆ ਗਿਆ ਹੈ ਕਿ ਕਈ ਵਾਰੀ ਇਕ ਬੱਚਾ ਮਾਤਾ-ਪਿਤਾ ਨੂੰ ਜ਼ਿਆਦਾ ਪਿਆਰਾ ਹੁੰਦਾ ਹੈ। ਉਸ ਨੂੰ ਦੂਸਰੇ ਬੱਚਿਆਂ ਨਾਲੋਂ ਜ਼ਿਆਦਾ ਪਿਆਰ ਤੇ ਮਹੱਤਤਾ ਦਿੱਤੀ ਜਾਂਦੀ ਹੈ। ਇਹ ਵਿਵਹਾਰ ਠੀਕ ਨਹੀਂ ਹੈ। ਇਸ ਨਾਲ ਦੂਸਰੇ ਬੱਚਿਆਂ ਵਿਚ ਅਸਮਾਨਤਾ ਦੀ ਭਾਵਨਾ ਪੈਦਾ ਹੁੰਦੀ ਹੈ ਤੇ ਇਸ ਤਰ੍ਹਾਂ ਬੱਚਾ ਇਕ ਦੂਸਰੇ ਨਾਲ ਅਸਮਾਨਤਾ ਦਾ ਵਿਵਹਾਰ ਕਰਨਾ ਸਿੱਖ ਜਾਂਦਾ ਹੈ। ਕਈ ਵਾਰ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਬੱਚਿਆਂ ਦੀ ਸ਼ਿਕਾਇਤ ਸੁਣਦੇ ਸਮੇਂ ਮਾਤਾ-ਪਿਤਾ ਐਵੇਂ ਹੀ ਇਕ ਬੱਚੇ ਦਾ ਪੱਖਪਾਤ ਕਰਨ ਲੱਗ ਜਾਂਦੇ ਹਨ। ਇਸ ਨਾਲ ਇਕ ਬੱਚਾ ਢੀਠ ਤੇ ਦੂਸਰਾ ਬੱਚਾ ਕਾਇਰ ਬਣ ਜਾਂਦਾ ਹੈ। ਜਦੋਂ ਮਾਤਾ-ਪਿਤਾ ਇਸ ਤਰ੍ਹਾਂ ਪੱਖਪਾਤ ਕਈ-ਕਈ ਵਾਰ ਕਰਦੇ ਹਨ ਤਾਂ ਦੂਸਰੇ ਬੱਚੇ ਵਿਚ ਨਿਆਂ ਨਾ ਮਿਲਣ ਕਾਰਨ ਅਵਿਸ਼ਵਾਸ ਤੇ ਆਪਣੇ ਵਿਚ ਹੀਣਤਾ ਦੀ ਭਾਵਨਾ ਪੈਦਾ ਹੋ ਜਾਂਦੀ ਹੈ। ਪਰ ਇੱਥੇ ਮਾਤਾ-ਪਿਤਾ ਨੂੰ ਇਸ ਤਰ੍ਹਾਂ ਕਰਨਾ ਚਾਹੀਦਾ ਹੈ ਕਿ ਉਹ ਸਭ ਬੱਚਿਆਂ ਨਾਲ ਇਕੋ ਜਿਹਾ ਵਿਵਹਾਰ ਕਰਨ, ਜਿਸ ਨਾਲ ਬੱਚਿਆਂ ਵਿਚ ਪਿਆਰ, ਸਚਾਈ, ਨਿਆਂ, ਦ੍ਰਿੜ੍ਹਤਾ ਤੇ ਪ੍ਰਸਪਰਤਾ ਦੀ ਭਾਵਨਾ ਪੈਦਾ ਹੋਵੇ।

ਬੱਚਿਆਂ ਕੋਲੋਂ ਹੌਲੀ-ਹੌਲੀ ਅਜਿਹੇ ਕੰਮ ਲੈਣੇ ਚਾਹੀਦੇ ਹਨ ਤੇ ਉਹਨਾਂ ਤੇ ਜ਼ਿੰਮੇਵਾਰੀ ਵੀ ਪਾਉਣੀ ਚਾਹੀਦੀ ਹੈ, ਜਿਹਨਾਂ ਨੂੰ ਉਹ ਕਰਦੇ ਸਮੇਂ ਇਹ ਮਹਿਸੂਸ ਕਰਨ ਕਿ ਜੇਕਰ ਇਹ ਕੰਮ ਗਲਤ ਵੀ ਹੋ ਗਿਆ ਤਾਂ ਮਾਤਾ-ਪਿਤਾ ਇਹ ਸਮਝਣ ਕਿ ਉਹਨਾਂ ਨੇ ਜਾਣ-ਬੁੱਝ ਕੇ ਇਸ ਤਰ੍ਹਾਂ ਨਹੀਂ ਕੀਤਾ, ਸਗੋਂ ਸਹਿਵਨ ਇਸ ਤਰ੍ਹਾਂ ਹੋਇਆ ਹੈ ਤੇ ਅੱਗੋਂ ਉਹ ਅਜਿਹੀ ਗਲਤੀ ਨਹੀਂ ਕਰਨਗੇ। ਅਜਿਹੇ ਕੰਮਾਂ ਵਿਚ ਘਰ ਦਾ ਹਿਸਾਬ-ਕਿਤਾਬ ਰੱਖਣਾ ਵੀ ਇਕ ਅਜਿਹਾ ਕੰਮ ਹੋ ਸਕਦਾ ਹੈ। ਘਰ ਵਿਚ ਆਏ ਮਿੱਤਰਾਂ ਤੇ ਰਿਸ਼ਤੇਦਾਰਾਂ ਨੂੰ ਭੋਜਨ ਖੁਆਉਣ ਵੇਲੇ, ਬੱਚਿਆਂ ਨੂੰ ਉਹਨਾਂ ਨੂੰ ਭੋਜਨ ਪਰੋਸਣ ਦੀ ਜ਼ਿੰਮੇਵਾਰੀ ਦੇ ਕੇ ਮਾਤਾ-ਪਿਤਾ ਦੀ ਮਦਦ ਕਰਨ ਲਈ ਆਖਿਆ ਜਾ ਸਕਦਾ ਹੈ।

ਬੱਚਿਆਂ ਨੂੰ ਰਹਿਣ-ਸਹਿਣ, ਕੱਪੜੇ ਪਹਿਨਣ ਤੇ ਉਠਣ-ਬੈਠਣ ਦਾ ਸਲੀਕਾ ਸਿਖਾਉਣਾ ਚਾਹੀਦਾ ਹੈ। ਇਸ ਨਾਲ ਬੱਚਿਆਂ ਵਿਚ ਉਥਲ-ਪੁਥਲ ਤੇ ਲਾਪਰਵਾਹੀ ਕਰਨ ਦੀ ਆਦਤ ਨਹੀਂ ਪਵੇਗੀ। ਸ਼ਿਸ਼ਟਾਚਾਰ ਤੇ ਮਿਲਣਸਾਰਤਾ ਸਿਖਾਉਣ ਲਈ ਸਾਨੂੰ ਆਪਣੇ ਬੱਚਿਆਂ ਨੂੰ ਆਪਣੇ ਦੋਸਤਾਂ-ਮਿੱਤਰਾਂ ਤੇ ਰਿਸ਼ਤੇਦਾਰਾਂ ਦੇ ਜਾਣ ਸਮੇਂ ਆਪਣੇ ਨਾਲ ਲਿਜਾਣਾ ਚਾਹੀਦਾ ਹੈ। ਇਸ ਨਾਲ ਬੱਚਿਆਂ ਵਿਚ ਇਕ-ਦੂਜੇ ਨੂੰ ਜਾਨਣ ਦੀ ਜਗਿਆਸਾ ਪੈਦਾ ਹੋਵੇਗੀ ਤੇ ਬੱਚਿਆਂ ਦੀ ਆਪਣੀ ਜਾਣ-ਪਛਾਣ ਦਾ ਘੇਰਾ ਤੇ ਜਗਿਆਸਾ ਵਧੇਗੀ। ਇਸ ਦੇ ਨਾਲ ਹੀ ਬੱਚਿਆਂ ਨੂੰ ਘਰੋਂ ਬਾਹਰ ਲੋਕਾਂ ਨਾਲ ਕਿਸ ਤਰ੍ਹਾਂ ਵਿਵਹਾਰ ਕਰਨਾ ਹੈ, ਦੀ ਜਾਣਕਾਰੀ ਵੀ ਦੇਣੀ ਚਾਹੀਦਾ ਹੈ। ਉਹ ਆਪਣੇ ਸਾਥੀਆਂ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਕਰਦਾ ਹੈ? ਘਰੋਂ ਬਾਹਰ ਆਪਣੇ ਤੋਂ ਵੱਡਿਆਂ ਨਾਲ ਬੱਚਾ ਕਿਸ ਤਰ੍ਹਾਂ ਪੇਸ਼ ਆਉਂਦਾ ਹੈ, ਬੱਚਾ ਘਰੋਂ ਬਾਹਰ ਕਿਹੜੀਆਂ ਕਿਹੜੀਆਂ ਗੱਲਾਂ ਤੋਂ ਦਬਾਅ ਵਿਚ ਰਹਿੰਦਾ ਹੈ ਤੇ ਕਿਹਨਾਂ-ਕਿਹਨਾਂ ਗੱਲਾਂ ਦਾ ਦੂਸਰਿਆਂ 'ਤੇ ਦਬਾਅ ਬਣਾ ਕੇ ਰੱਖਦਾ ਹੈ? ਜਦੋਂ ਸਾਨੂੰ ਬੱਚੇ ਦੀਆਂ ਇਹਨਾਂ ਚੀਜ਼ਾਂ ਦਾ ਇਲਮ ਹੋ ਜਾਵੇ ਤਾਂ ਸਾਨੂੰ ਫੌਰਨ ਹਰਕਤ ਵਿਚ ਆਉਂਦਿਆਂ ਇਹਨਾਂ ਗੱਲਾਂ ਦਾ ਸੁਧਾਰ ਕਰਨਾ ਚਾਹੀਦਾ ਹੈ। ਬੱਚੇ ਵਿਚ ਬਾਹਰੀ ਤੇ ਅੰਦਰੂਨੀ ਵਿਵਹਾਰ ਵਿਚ ਸਾਨੂੰ ਸੰਤੁਲਨ ਪੈਦਾ ਕਰਨਾ ਚਾਹੀਦਾ ਹੈ। ਬੱਚੇ ਵਿਚ ਸਮਾਜਿਕਤਾ ਅਤੇ ਪ੍ਰਸਪਰਿਕ ਸਨੇਹ ਭਾਵਨਾ ਪੈਦਾ ਕਰਨ ਲਈ ਕਦੀ-ਕਦੀ ਕਿਸੇ ਦਿਨ ਤਿਉਹਾਰ 'ਤੇ ਉਸ ਨੂੰ ਮੌਕਾ ਦਿੱਤਾ ਜਾਣਾ ਚਾਹੀਦਾ ਹੈ ਕਿ ਉਹ ਆਪਣੇ ਮਿੱਤਰਾਂ ਤੇ ਸਾਥੀਆਂ ਨੂੰ ਚਾਹ-ਪਾਣੀ ਜਾਂ ਭੋਜਨ ਕਰਨ ਲਈ ਘਰ ਬੁਲਾਵੇ। ਇਸ ਤਰ੍ਹਾਂ ਕਰਨ ਨਾਲ ਬੱਚੇ ਵਿਚ ਪਿਆਰ, ਸਨੇਹ ਤੇ ਆਤਮ ਵਿਸ਼ਵਾਸ ਦੀ ਭਾਵਨਾ ਵਧੇਗੀ ਤੇ ਨਾ ਹੀ ਆਪਣੇ ਦੋਸਤਾਂ-ਮਿੱਤਰਾਂ ਨੂੰ ਪਹਿਚਾਨਣ ਦਾ ਅਵਸਰ ਮਿਲੇਗਾ। ਜ਼ਿਆਦਾਤਰ ਮਾਤਾ-ਪਿਤਾ ਬੱਚੇ 'ਤੇ ਚਾਰੋ ਤਰਫ ਘੇਰਾ ਬਣਾਈ ਰੱਖਦੇ ਹਨ, ਜਿਸ ਨਾਲ ਬੱਚੇ ਦਾ ਵਿਅਕਤਿਤਵ ਦੱਬ ਕੇ ਰਹਿ ਜਾਂਦਾ ਹੈ। ਮਾਤਾ-ਪਿਤਾ ਨੂੰ ਉਸ ਦੀ ਅੱਛੀ-ਬੁਰੀ ਸੰਗਤ ਤੇ ਨਜ਼ਰ ਰੱਖਦਿਆਂ ਹੋਇਆਂ ਉਸ ਨੂੰ ਆਪਣੇ ਆਪ ਸਮਾਜ 'ਚ ਘੁਲਣ-ਮਿਲਣ, ਇਕ ਦੂਸਰੇ ਨੂੰ ਜਾਨਣ ਤੇ ਸਮਝਣ 'ਚ ਕਿਸੇ ਤਰ੍ਹਾਂ ਦੀ ਰੁਕਾਵਟ ਨਹੀਂ ਬਣਨਾ ਚਾਹੀਦਾ।

ਕੁਝ ਅਜਿਹੀਆਂ ਜ਼ਰੂਰੀ ਗੱਲਾਂ ਵੀ ਹਨ, ਜਿਹੜੀਆਂ ਦੂਸਰਿਆਂ ਦੇ ਬੱਚਿਆਂ ਨਾਲ ਆਪਣੇ ਵਿਵਹਾਰ ਵਿਚ ਲਿਆਉਣੀਆਂ ਚਾਹੀਦੀਆਂ ਹਨ। ਉਹਨਾਂ 'ਚੋਂ ਸਭ ਤੋਂ ਪਹਿਲੀ ਤੇ ਮਹੱਤਵਪੂਰਨ ਗੱਲ ਇਹ ਹੈ ਕਿ ਹਰ ਬੱਚੇ ਨੂੰ ਬਿਲਕੁਲ ਆਪਣੇ ਬੱਚੇ ਦੇ ਬਰਾਬਰ ਸਮਝਣਾ ਅਤੇ ਉਸ ਨਾਲ ਪਿਆਰ ਕਰਨਾ ਚਾਹੀਦਾ ਹੈ। ਕੋਈ ਵੀ ਬੱਚਾ ਕਿਸੇ ਵੀ ਮਾਤਾ-ਪਿਤਾ ਦੇ ਸਾਹਮਣੇ ਆ ਕੇ ਇਹ ਮਹਿਸੂਸ ਨਾ ਕਰੇ ਕਿ ਉਹ ਕਿਸੇ ਗੈਰ ਦੇ ਸਾਹਮਣੇ ਖੜ੍ਹਾ ਹੈ।

ਉਸ ਨੂੰ ਇਸ ਤਰ੍ਹਾਂ ਮਹਿਸੂਸ ਹੋਣਾ ਚਾਹੀਦਾ ਹੈ ਕਿ ਉਹ ਆਪਣੇ ਮਾਤਾ-ਪਿਤਾ ਜਾਂ ਆਪਣੇ ਕਿਸੇ ਸਕੇ-ਸਬੰਧੀ ਦੇ ਸਾਹਮਣੇ ਖੜ੍ਹਾ ਹੈ। ਕਿਸੇ ਵੀ ਬੱਚੇ ਦੀ ਕੋਈ ਗਲਤੀ ਜਾਂ ਉਸ ਨੂੰ ਬੁਰਾ ਕੰਮ ਕਰਦੇ ਦੇਖੋ ਤਾਂ ਉਸ ਨੂੰ ਠੀਕ ਉਸੇ ਤਰ੍ਹਾਂ ਹੀ ਸੁਧਾਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਜਿਸ ਤਰ੍ਹਾਂ ਅਸੀਂ ਆਪਣੇ ਬੱਚੇ ਨੂੰ ਸੁਧਾਰਨ ਦੀ ਕੋਸ਼ਿਸ਼ ਕਰਦੇ ਹਾਂ। ਜ਼ਿਆਦਾਤਰ ਇਹ ਦੇਖਣ ਵਿਚ ਆਉਂਦਾ ਹੈ ਕਿ ਆਪਸ ਵਿਚ ਦੋ ਮਿੱਤਰ, ਇਕ-ਦੂਜੇ ਦੇ ਮਾਤਾ-ਪਿਤਾ ਤੋਂ ਜਾਂ ਤਾਂ ਬਹੁਤ ਡਰਦੇ ਹਨ ਜਾਂ ਸ਼ਰਮਾਉਂਦੇ ਹਨ। ਜਦੋਂ ਦੋ ਮਿੱਤਰ ਆਪਸ ਵਿਚ ਬੈਠੇ ਹੋਣ ਤਾਂ ਕਿਸੇ ਬੱਚੇ ਦੇ ਮਾਤਾ-ਪਿਤਾ ਆ ਜਾਣ ਤਾਂ ਉਹ ਦੋਵੇਂ ਇੱਕਦਮ ਘਬਰਾ ਜਾਂਦੇ ਹਨ। ਇਕ-ਦੂਸਰੇ ਦੇ ਘਰਾਂ ਵਿਚ ਬੈਠੇ ਹੋਣ ਤਾਂ ਮਾਤਾ-ਪਿਤਾ ਦੇ ਘਰ ਆਉਣ ਦੇ ਸਮੇਂ ਹੋਣ 'ਤੇ ਜ਼ਿਆਦਾਤਰ ਖਿਸਕ ਜਾਂਦੇ ਹਨ। ਇਸ ਦਾ ਮੂਲ ਕਾਰਨ ਇਹ ਹੈ ਕਿ ਮਾਤਾ-ਪਿਤਾ ਆਪਣੇ ਬੱਚਿਆਂ ਦੇ ਮਿੱਤਰਾਂ ਤੋਂ ਜਾਣੂ ਨਹੀਂ ਹੁੰਦੇ, ਜੇਕਰ ਜਾਣੂ ਹੋਣ ਵੀ ਤਾਂ ਉਹਨਾਂ ਨਾਲ ਆਪਣੇ ਬੱਚਿਆਂ ਵਰਗਾ ਵਿਵਹਾਰ ਨਹੀਂ ਕਰਦੇ। (ਚਲਦਾ ਹੈ)

---

## ਬਾਬਾ ਸੋਹਣ ਸਿੰਘ ਭਕਨਾ

ਹਰਨਾਮ ਸਿੰਘ ਟੁੰਡੀਲਾਟ ਦਾ ਹੱਥ ਹੈ, ਜੋ ਬੰਬ ਬਣਾਉਂਦਿਆਂ ਉੱਡ ਗਿਆ ਸੀ। ਜਿਸ ਦਿਨ ਹਰਨਾਮ ਸਿੰਘ ਦੀ ਬਾਂਹ ਉੱਡੀ ਅਤੇ ਉਹ ਟੁੰਡੀਲਾਟ ਬਣਿਆ ਮੈਂ ਉਸ ਦੇ ਕੋਲ ਸਾਂ। ਆਪਣੀ ਪੱਗ ਲਾਹ ਕੇ ਮੈਂ ਉਸ ਨੂੰ ਬੰਨ੍ਹੀ ਸੀ। ਦੂਸਰੇ ਆਮ ਮੈਂਬਰਾਂ ਨੂੰ ਪਿਸਤੌਲ ਤੇ ਬੰਦੂਕ ਸਿੱਖਣ ਲਈ ਕਿਹਾ ਗਿਆ।

**ਭਾਈ ਭਗਵਾਨ ਸਿੰਘ:-** ਭਾਈ ਭਗਵਾਨ ਸਿੰਘ ਹਾਂਗਕਾਂਗ ਦੇ ਗੁਰਦੁਆਰੇ ਤੋਂ ਗ੍ਰੰਥੀ ਦੀ ਨੌਕਰੀ ਛੱਡ ਕੇ ਕੈਨੇਡਾ ਵਿਚ ਆ ਗਏ। ਇਹਨਾਂ ਵਿਚ ਇਨਕਲਾਬੀ ਵਿਚਾਰ ਤੇ ਸੂਝ ਚੰਗੀ ਸੀ ਤੇ ਚੰਗੇ ਬੁਲਾਰੇ ਸਨ। ਉਹਨਾਂ ਨੇ ਕੈਨੇਡਾ ਵਾਲਿਆਂ ਨੂੰ ਗਦਰ ਪਾਰਟੀ ਦੀ ਲਾਈਨ ਤੇ ਕੰਮ ਕਰਨ ਲਈ ਪ੍ਰੇਰਿਆ। ਇਨਕਲਾਬੀ ਧੜਾ ਉਹਨਾਂ ਨਾਲ ਸਹਿਮਤ ਹੋ ਗਿਆ ਤੇ ਸੁਧਾਰਵਾਦੀ ਧੜਾ ਤੇ ਅਖ਼ਬਾਰ ਫੇਲ੍ਹ ਹੋ ਗਏ। ਇਸ ਤੇ ਸੀ. ਆਈ. ਡੀ. ਨੂੰ ਪਿੱਸੂ ਪੈ ਗਏ ਤੇ ਉਸ ਨੇ ਕੈਨੇਡਾ ਸਰਕਾਰ ਕੋਲ ਭਾਈ ਭਗਵਾਨ ਸਿੰਘ ਨੂੰ ਕੈਨੇਡਾ ਵਿਚੋਂ ਕੱਢ ਦੇਣ ਦੀ ਸਿਫਾਰਸ਼ ਕੀਤੀ। ਕੈਨੇਡਾ ਸਰਕਾਰ ਨੇ ਹਿੰਦੀਆਂ ਤੋਂ ਚੋਰੀ-ਚੋਰੀ ਇਕ ਤੁਰਨ ਵਾਲੇ ਜਹਾਜ਼ ਉਪਰ ਉਹਨਾਂ ਨੂੰ ਬਿਠਾ ਕੇ ਕੈਨੇਡਾ ਤੋਂ ਕੱਢਣ ਦੇ ਹੁਕਮ ਜਾਰੀ ਕਰ ਦਿੱਤੇ। ਜਦ ਤੱਕ ਹਿੰਦੀਆਂ ਨੂੰ ਪਤਾ ਲੱਗਾ, ਜਹਾਜ਼ ਜਾ ਚੁੱਕਾ ਸੀ। ਜਦ ਇਹ ਜਹਾਜ਼ ਯੋਕੋਹਾਮਾ (ਜਪਾਨ) ਦੀ ਬੰਦਰਗਾਹ ਤੇ ਆ ਕੇ ਲੱਗਿਆ ਤਾਂ ਭਾਈ ਭਗਵਾਨ ਸਿੰਘ ਜਹਾਜ਼ ਵਾਲਿਆਂ ਤੋਂ ਅੱਖ ਬਚਾ ਕੇ ਦੂਜੇ ਮੁਸਾਫਰਾਂ ਦੇ ਨਾਲ ਹੀ ਉਤਰ ਜਾਣ ਵਿਚ ਸਫਲ ਹੋ ਗਏ। ਆਪ ਮੌਨਾਲਾ ਬਰਕਤ ਉਲਾਹ, ਜੋ ਯੋਕੋਹਾਮਾ ਯੂਨੀਵਰਸਿਟੀ (ਜਪਾਨ) ਵਿਚ ਫਾਰਸੀ ਦੇ ਪ੍ਰੋਫੈਸਰ ਸਨ, ਤੇ ਗਦਰ ਪਾਰਟੀ ਦੇ ਮੈਂਬਰ ਵੀ ਉਹਨਾਂ ਪਾਸ ਚਲੇ ਗਏ। ਥੋੜ੍ਹੀ ਦੇਰ ਪਿੱਛੋਂ ਮੌਨਾਲਾ ਬਰਕਤ ਉਲਾਹ ਨੌਕਰੀ ਛੱਡ ਕੇ ਸਮੇਤ ਭਾਈ ਭਗਵਾਨ ਸਿੰਘ ਸਾਨਫਰਾਂਸਿਸਕੋ, ਯੁਗਾਂਤਰ ਆਸ਼ਰਮ ਵਿਚ ਆ ਗਏ ਤੇ ਕੰਮ ਕਰਨ ਲੱਗੇ। ਇਹਨਾਂ ਦੇ ਆਉਣ ਨਾਲ ਪਾਰਟੀ ਦੇ ਜਥੇਬੰਦਕ ਕੰਮ ਵਿਚ ਬਹੁਤ ਮਦਦ ਮਿਲੀ।

# ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀ ਪੰਜਾਬੀ ਜ਼ੁਬਾਨ



ਅਫ਼ਜ਼ਲ ਤੌਸੀਫ਼

ਅਜਬ ਗੱਲ ਏ, ਕਲਾਸੀਕਲ ਦੌਰ ਦੀ ਭਰਪੂਰ ਜ਼ੁਬਾਨ ਪੰਜਾਬੀ, ਤਰੱਕੀ ਦੇ ਦੌਰ ਵਿਚ ਆ ਕੇ ਅਧੂਰੀ ਰਹਿ ਗਈ। ਇਸ ਪਛੜੇਪਨ ਦੇ ਕਾਰਨ ਬਹੁਤ ਸਾਰੇ ਨੇ। ਪਹਿਲਾ ਕਾਰਨ ਤਾਂ ਪੰਜਾਬ ਦੀ ਤਕਸੀਮ ਏ। ਦੂਜਾ, ਹਕੂਮਤਾਂ ਤੇ ਹੁਕਮਰਾਨਾਂ ਦਾ ਗ਼ੈਰ-ਜਮਹੂਰੀ ਤੋਂ ਅਵਾਮੀ ਕਲਚਰ ਵਿਰੋਧੀ ਰਵੱਈਆ। ਆਮ ਪੰਜਾਬੀ ਸਿਆਸਤ-ਬਾਜ਼ਾਂ ਦੀ ਗੰਦੀ ਸਿਆਸਤ ਤੇ ਘਟੀਆਪਨ ਦਾ ਅਹਿਸਾਸ, ਅਵਾਮ ਨੂੰ ਬੇਅਖ਼ਤਿਆਰ ਅਤੇ ਅਨਪੜ੍ਹ ਰੱਖਣ ਦੀ ਪਾਲਿਸੀ, ਪੰਜਾਬੀ ਬੰਦੇ ਦਾ ਕੰਪਲੈਕਸ ਕਿ ਉਹ ਆਪਣੀ ਪਛਾਣ ਪੰਜਾਬ ਤੋਂ ਕਿਤੇ ਬਾਹਰ ਲੱਭਦਾ, ਕਦੇ ਮੱਕੇ-ਮਦੀਨੇ ਜਾਂਦਾ, ਕਦੀ ਦਿੱਲੀ, ਬੁਖਾਰੇ, ਕਦੇ ਅਮਰੀਕਾ, ਕੈਨੇਡਾ। ਉਹ ਤੇ ਗ਼ਨੀਮਤ ਏ, ਸਿੱਖ ਮਜ਼੍ਹਬ ਦਾ ਜੋੜ ਪੰਜਾਬ ਨਾਲ ਜੁੜਦਾ ਏ, ਗੁਰੂ ਗ੍ਰੰਥ ਸਾਹਿਬ ਪੰਜਾਬੀ ਵਿਚ ਏ। ਨਹੀਂ ਤਾਂ ਅੱਜ ਪੰਜਾਬੀ ਕਿਤੇ ਨਾ ਲੱਭਦੀ।

ਵੱਡੇ ਅਤੇ ਅਸਲੀ ਪੰਜਾਬ ਵਿਚ ਹੀਰ ਲਿਖੀ ਗਈ। ਗ੍ਰੰਥ ਸੰਪਾਦਿਤ ਹੋਇਆ ਪਰ ਅੱਜ ਦੀ ਹਾਲਤ : ਮੁਲਕ ਦੀ 62 ਫੀਸਦੀ ਆਬਾਦੀ ਪੰਜਾਬੀ ਪਰ ਪੰਜਾਬੀ ਸਕੂਲ ਇੱਕ ਵੀ ਨਹੀਂ। ਪੰਜਾਬੀ ਬੋਲੀ ਨਾ ਤਾਲੀਮ ਵਿਚ ਤੇ ਨਾ ਦਫਤਰ ਵਿਚ। ਸ਼ਹਿਰੀ ਆਬਾਦੀ ਅੰਗਰੇਜ਼ੀ, ਉਰਦੂ ਬੋਲਦੀ, ਪੰਜਾਬੀ ਨੂੰ ਦਿਹਾਤੀ (ਪੇਂਡੂ) ਬੋਲੀ ਸਮਝਦੀ ਏ। ਬਾਬੂ ਸ਼ਾਹੀ ਤਬਕਾ ਉਰਦੂ ਲਿਖਦਾ ਪੜ੍ਹਦਾ ਏ। 21ਵੀਂ ਸਦੀ ਦੇ ਜਮਹੂਰੀ ਹੱਕ ਤੇ ਤਰੱਕੀ ਦੇ ਰਸਤੇ ਪੰਜਾਬੀ ਅਵਾਮ ਤੇ ਜ਼ੁਬਾਨ ਵਾਸਤੇ ਬੰਦ ਹੋ ਚੁੱਕੇ ਨੇ। ਅੱਜ ਹਾਲਤ ਇਹ ਹੈ ਕਿ ਇਸ ਸ਼ਾਨਦਾਰ ਪਿਛੋਕੜ ਤੇ ਖਿਲਾਰ ਰੱਖਣ ਵਾਲੀ ਜ਼ੁਬਾਨ ਦਾ ਨਾਂ ਉਨ੍ਹਾਂ ਜ਼ੁਬਾਨਾਂ ਦੇਨਾਲ ਲਿਖ ਦਿੱਤਾ ਗਿਆ ਏ, ਜਿਹੜੀਆਂ ਫ਼ਨਾਹ ਦੇ ਖ਼ਤਰੇ ਵਿਚ ਆ ਚੁੱਕੀਆਂ ਨੇ। ਹੋਰਾਂ ਤੋਂ ਇਲਾਵਾ ਡਾ. ਡੈਨਿਸ ਐਲ. ਮੈਲੋਨ, ਜੋ ਇਕ ਅੰਤਰ-ਰਾਸ਼ਟਰੀ ਪੜ੍ਹਤਾ ਸਲਾਹਕਾਰ ਹੈ, ਨੇ ਦੁਨੀਆਂ ਦੀਆਂ ਜਿਨ੍ਹਾਂ ਜ਼ੁਬਾਨਾਂ 'ਤੇ ਨਿਸ਼ਾਨ ਲਾਇਆ ਏ, ਜਿਹੜੀਆਂ ਫਨਾਹ ਹੋਣ ਵਾਲੀਆਂ ਨੇ, ਉਨ੍ਹਾਂ ਵਿਚ ਪੰਜਾਬੀ ਵੀ ਏ। ਇਨ੍ਹਾਂ ਬੋਲੀਆਂ ਦੇ ਖ਼ਤਮ ਹੋਣ ਦੇ ਕਈ ਕਾਰਨ ਨੇ। ਇਕ ਤਾਂ ਖੇਤ ਨੂੰ ਵਾੜ ਖਾ ਜਾਣ ਵਾਲੀ ਗੱਲ ਏ। ਦੂਜਾ ਪੜ੍ਹਤਾ ਦੀ ਤਾਕਤ ਦਾ ਘੱਟ ਜਾਣਾ। ਤੀਜਾ, ਨਵੀਂ ਲੱਫ਼ਾਜ਼ੀ ਸ਼ਬਦਾਵਲੀ ਦਾ ਪੈਦਾ ਨਾ ਹੋਣਾ।

ਅਫ਼ਸੋਸੋਂ ਦੀ ਗੱਲ ਏ, ਇਨ੍ਹਾਂ ਜ਼ੁਬਾਨਾਂ ਵਿਚ ਪੰਜਾਬੀ ਦਾ ਨਾਂ ਵੀ ਏ। ਪਾਕਿਸਤਾਨ ਵਾਲੇ ਪੰਜਾਬ ਵਿਚ ਜ਼ੁਬਾਨ ਦੀ ਮੌਤ ਹੈ ਰਹੀ ਏ। ਬੂਟਾ ਉਤੋਂ ਸੁੱਕ ਜਾਵੇ ਤਾਂ ਜੜ੍ਹ ਵੀ ਸੁੱਕ ਜਾਂਦੀ ਏ। ਅਗਲੀਆਂ ਨਹੀਂ, ਅੱਜ ਦੀਆਂ ਨਸਲਾਂ ਨੂੰ ਪੰਜਾਬੀ ਨਹੀਂ ਆਉਂਦੀ ਉਹ ਪਿਛਲੇ ਕਲਾਸਿਕਸ ਕਿਸ ਤਰ੍ਹਾਂ ਪੜ੍ਹਨਗੇ। ਵਾਰਿਸ ਨੇ ਲਾਵਾਰਸ ਹੋਣਾ ਈ ਹੋਣਾ ਏ, ਹਾਂ, ਪਰ ਕੁਝ ਆਸ ਚੜ੍ਹਦੇ ਪੰਜਾਬ ਦੇ ਤਾਲੀਮੀ ਅਦਾਰਿਆਂ ਵਲੋਂ ਬਣਦੀ ਏ ਪਰ ਇੱਥੇ ਵੀ ਸਭ ਕੁਝ ਠੀਕ ਨਹੀਂ। ਨਵੀਂ ਨਸਲ ਜੋ ਪੰਜਾਬੀ ਲਿਖ ਪੜ੍ਹ ਰਹੀ ਏ, ਉਹ ਪੁਰਾਣੇ ਪੰਜਾਬੀ ਸਭਿਆਚਾਰ ਦੀ ਖੁਸ਼ਬੋ ਤੋਂ ਖਾਲੀ ਏ।

ਸਾਇੰਸ ਅਤੇ ਟੈਕਨਾਲੋਜੀ ਦੇ ਖੇਤਰਾਂ ਵਿਚ ਏਸ਼ੀਆ ਦੀਆਂ ਸਾਰੀਆਂ ਜ਼ੁਬਾਨਾਂ ਪਿੱਛੇ ਰਹਿ ਗਈਆਂ ਨੇ। ਪੰਜਾਬੀ ਤਾਂ ਬਿਲਕੁਲ ਈ, ਕਿਉਂ ਜੋ ਸਾਇੰਸ, ਟੈਕਨਾਲੋਜੀ, ਜ਼ਮੀਨੀ, ਖਲਾਈ ਤੇ ਸਮੁੰਦਰੀ ਜੋ ਵੀ ਜਿਸ ਮੁਲਕ ਵਿਚ ਤਰੱਕੀ ਕਰਦੀ ਏ, ਉਸੇ ਇਲਾਕੇ ਦੀ ਜ਼ੁਬਾਨ ਨੂੰ ਨਵੀਂ ਟਰਮੀਨਾਲੋਜੀ ਤੇ ਲੱਫ਼ਾਜ਼ੀ ਦਾ ਖਜ਼ਾਨਾ ਲੱਭਦਾ ਏ। ਅੱਜ ਯੂਰਪੀਅਨ ਜ਼ੁਬਾਨਾਂ ਅਮੀਰ ਨੇ। ਕੱਲ੍ਹ ਪੂਰਵੀ ਜ਼ੁਬਾਨਾਂ ਕੋਲ ਇਲਮ ਦੀ ਅਮੀਰੀ ਸੀ। ਇਸੇ ਕਰਕੇ ਅੱਜ ਏਸ਼ੀਆਈ ਮੁਲਕਾਂ ਵਿਚ ਅੰਗਰੇਜ਼ੀ ਸਿੱਖਣ ਦੀ ਜ਼ਰੂਰਤ ਵੱਧ ਰਹੀ ਏ। ਇਹ ਅਜੇ ਕੱਲ੍ਹ ਦੀ ਗੱਲ ਏ ਜਦੋਂ ਸੋਵੀਅਤ ਰੂਸ ਖਿਲਾਈ ਖੋਜ ਵਿਚ ਅੱਗੇ ਨਿਕਲ ਗਿਆ ਸੀ ਤਾਂ ਅਮਰੀਕੀਆਂ ਨੂੰ ਰੂਸੀ ਜ਼ੁਬਾਨ ਸਿੱਖਣ ਦੀ ਲੋੜ ਪੈ ਗਈ ਸੀ। ਅਸਲ ਵਿਚ ਵੀਹਵੀਂ ਸਦੀ ਜ਼ੁਬਾਨਾਂ ਦੇ ਤਰੱਕੀ ਕਰਨ ਦੀ ਸਦੀ ਸੀ। ਇਹੋ ਸਦੀ ਜ਼ਵਾਲ (ਪਤਨ) ਦੀ ਸਦੀ ਵੀ ਰਹੀ। ਸਾਇੰਸ ਨਾਲ ਜੁੜੀ ਟਰਮੀਨਾਲੋਜੀ ਨੂੰ ਦੇਸੀ ਜ਼ੁਬਾਨਾਂ ਨੇ ਵੀ ਅਪਣਾਇਆ ਪਰ ਪੰਜਾਬੀ ਦਾ ਪਤਨ ਹੋਇਆ ਜਦ ਕਿ ਇੰਡੋ-ਪਾਕਿਸਤਾਨ ਦੀਆਂ ਹੋਰ ਜ਼ੁਬਾਨਾਂ ਨੇ ਤਰੱਕੀ ਕੀਤੀ।

ਆਹਲਾ ਦਰਜੇ ਦਾ ਅਦਬ, ਆਹਲਾ ਦਰਜੇ ਦੀ ਪੜ੍ਹਾਈ, ਖੋਜ, ਟੈਕਨਾਲੋਜੀ ਤੇ ਸਾਂਚੇ ਬਣੇ। ਜ਼ੁਬਾਨ ਬਣਨ ਦਾ ਇਕ ਅਮਲ ਵੀ ਹੁੰਦਾ ਏ। ਮੈਂ ਉਸ ਅਮਲ ਨੂੰ ਕਿਧਰੇ ਹੋਰ ਨਹੀਂ, ਆਪਣੇ ਸੂਬਾ ਸਿੰਧ ਵਿਚ ਵੇਖਿਆ। ਸਿੰਧ ਲੈਂਗੁਏਜ਼ ਅਥਾਰਿਟੀ ਜਾਮ ਸ਼ੋਰੋ ਯੂਨੀਵਰਸਿਟੀ ਦੇ ਨਾਲ ਇਕ ਸ਼ਾਨਦਾਰ ਅਦਾਰਾ ਏ। ਸਿੰਧੀ ਜ਼ੁਬਾਨ ਵਿਚ ਉੱਚ ਪੱਧਰ ਦੀ ਖੋਜ, ਵਿਦਿਆ, ਨਵੇਂ ਇਲਮ ਤੇ ਅਦਬ ਦੀ ਸਿਰਜਨਾ ਵਾਸਤੇ ਸਾਂਚੇ ਬਣਾਏ ਜਾ ਰਹੇ ਨੇ। ਪਿਛਲੇ 40 ਕੁ ਸਾਲਾਂ ਤੋਂ ਕੰਮ ਕਰਦਾ ਉਹ ਅਦਾਰਾ ਜ਼ਮਾਨਤ ਏ ਕਿ ਸਿੰਧੀ ਬੋਲੀ ਜੀਵੇਗੀ, ਤਰੱਕੀ ਕਰੇਗੀ, ਭਾਵੇਂ ਉਰਦੂ ਬੋਲਣ ਵਾਲਿਆਂ ਦੀ ਆਬਾਦੀ ਬਹੁਤ ਵੱਧ ਗਈ ਹੈ। ਸ਼ਹਿਰਾਂ ਉੱਤੇ ਉਰਦੂ ਦਾ ਕਬਜ਼ਾ ਹੋ ਗਿਆ ਏ ਪਰ ਉਰਦੂ ਜਾਂ ਉਰਦੂ ਭਾਸ਼ੀ ਲੋਕ ਕਿਸੇ ਤਰ੍ਹਾਂ ਵੀ ਸਿੰਧੀ ਨੂੰ ਢਾਹ ਨਹੀਂ ਸਕਦੇ ਜਦ ਕਿ ਵੱਡੇ ਪੰਜਾਬ ਦੀ ਪੰਜਾਬੀ ਦੋਵਾਂ ਪਾਸਿਆਂ ਤੋਂ ਮਾਰੀ ਗਈ। ਆਮ ਪੰਜਾਬੀਆਂ ਨੇ ਆਪਣੀ ਬੋਲੀ ਨੂੰ ਉਸੇ ਤਰ੍ਹਾਂ ਬੇਇੱਜ਼ਤ ਕੀਤਾ, ਜਿਸ ਤਰ੍ਹਾਂ ਵੰਡ ਵੇਲੇ ਪੰਜਾਬਣ ਨੂੰ ਕੀਤਾ ਗਿਆ ਸੀ। ਉਤੋਂ ਪੰਜਾਬੀ-ਵਿਰੋਧੀ ਹਕੂਮਤਾਂ ਨੇ ਢਾਹ ਲਾਈ। ਪੰਜਾਬੀ ਅਫਸਰਸ਼ਾਹੀ ਤੇ ਆਮ ਲਿਖਾਰੀ ਵੀ ਘਟੀਆਪਨ ਦੇ ਅਹਿਸਾਸ ਦਾ ਸ਼ਿਕਾਰ ਹਨ। ਅੱਜ ਤੋਂ ਨਹੀਂ, ਸਦਾ ਤੋਂ। ਇਕਬਾਲ ਤੋਂ ਲੈ ਕੇ ਫੈਜ਼ ਅਤੇ ਹਬੀਬ ਜਾਲਬ ਤਾਈਂ, ਇਧਰ ਅਫ਼ਸਾਨੇ ਵੱਲ ਕ੍ਰਿਸ਼ਨ ਚੰਦਰ ਤੋਂ ਲੈ ਕੇ ਮੰਟੋ ਤਾਈਂ, ਅਹਿਮਦ ਨਦੀਮ ਕਾਸਮੀ ਤੋਂ ਲੈ ਕੇ ਅਸ਼ਫਾਕ ਅਹਿਮਦ ਤੋੜੀ, ਉਰਦੂ ਹੀ ਲਿਖਦੇ ਰਹੇ। ਉਹਦੀ ਇੱਕ ਵਜ੍ਹਾ ਇਹ ਵੀ ਹੈ ਕਿ ਪੰਜਾਬੀ ਅਦਬ ਦੀ ਛਪਾਈ ਬੜੀ ਮਹਿੰਗੀ ਤੇ ਮੁਸ਼ਕਿਲ ਕੰਮ ਏ। ਉਤੋਂ ਪਾਠਕ ਵੀ ਕੋਈ ਨਹੀਂ। ਕਦਰ ਵੀ ਕੋਈ ਨਹੀਂ।

ਪੰਜਾਬੀ ਜ਼ੁਬਾਨ ਤੇ ਸਭਿਆਚਾਰ ਵਾਸਤੇ ਆਖਰੀ ਆਸ ਪਟਿਆਲਾ ਯੂਨੀਵਰਸਿਟੀ ਤੇ ਹੋਰ ਅਦਾਰੇ ਨੇ। ਪਿਛਲੇ ਪੰਜਾਹ ਵਰ੍ਹੇ ਦੁਨੀਆਂ ਦੀ ਤਰੱਕੀ ਇਕ ਰਿਕਾਰਡ 'ਤੇ ਪੰਜਾਬੀ ਦਾ ਨਾਂ ਜੇ ਕਿਤੇ ਹੈ ਤਾਂ ਚੜ੍ਹਦੇ ਪੰਜਾਬ ਨੇ ਲਿਖਿਆ ਏ। ਇਥੇ ਤਾਲੀਮੀ ਅਦਾਰਿਆਂ ਵੀ ਕੰਮ ਕੀਤਾ, ਲਿਖਾਰੀਆਂ ਵੀ ਤੇ ਸਕਾਲਰਾਂ ਵੀ ਆਪਣਾ ਹਿੱਸਾ ਪਾਇਆ ਪਰ ਇਥੇ ਵੀ ਪੰਜਾਬੀ ਜ਼ੁਬਾਨ ਵਿਚ ਬਹੁਤ ਸਾਰਾ ਪ੍ਰਦੂਸ਼ਣ ਆ ਚੁੱਕਾ ਹੈ। ਪੰਜਾਬੀ ਆਬਾਦੀ ਘੱਟ ਰਹੀ ਹੈ। ਪਰਵਾਸੀਆਂ ਦੀ ਰਫਤਾਰ ਤੇਜ਼ ਏ। ਗ਼ੈਰ-ਪੰਜਾਬੀ ਆਬਾਦਕਾਰ ਤੇਜ਼ੀ ਨਾਲ ਪੰਜਾਬ ਆ ਰਹੇ ਰਹੇ ਨੇ। ਹੋ ਸਕਦਾ ਏ, ਕਿਸੇ ਦਿਨ ਪੰਜਾਬੀ ਬੋਲਣ ਵਾਲੇ ਬਹੁਤ ਥੋੜ੍ਹੇ ਰਹਿ ਜਾਣ। ਹਿੰਦੀ ਦਾ ਜ਼ੋਰ ਹੋਵੇ ਤੇ ਪੰਜਾਬੀ ਅਵਾਮ ਦੀ ਥਾਂ ਬਿਹਾਰੀ ਕੌਮ ਵੱਸ ਜਾਏ। ਪੰਜਾਬੀ ਬੋਲੀ ਸਿਰਫ਼ ਆਬ ਜ਼ਮ-ਜ਼ਮ ਜਾਂ ਗੰਗਾ-ਜਲੀ ਬਣਕੇ ਰਹਿ ਜਾਵੇ। ਗ਼ਲਤਫਹਿਮੀ ਜਾਂ ਖੁਸ਼ਫਹਿਮੀ, ਪੰਜਾਬੀ ਕੈਨੇਡਾ ਵਿਚ ਰਹੇਗੀ, ਨਿਊਜ਼ੀਲੈਂਡ ਤੇ ਇੰਗਲੈਂਡ ਵਿਚ ਤਰੱਕੀ ਕਰੇਗੀ। ਪੰਜਾਬੀ ਸ਼ੇਖਚਿਲੀ ਦੀਆਂ ਬੜ੍ਹਕਾਂ ਨੇ। ਨਾ ਸੁਣੋ ਤਾਂ ਚੰਗਾ ਏ। ਇਸੇ ਤਰ੍ਹਾਂ ਲਹਿੰਦੇ ਪੰਜਾਬ ਵਿਚ ਜਿੱਥੇ ਬੱਚਾ-ਬੱਚਾ ਉਰਦੂ ਬੋਲਦਾ, ਉਰਦੂ ਜਾਂ ਅੰਗਰੇਜ਼ੀ ਪੜ੍ਹਦਾ-ਲਿਖਦਾ ਏ, ਪਰ ਮਸਖਰਾ ਕਹਿੰਦਾ ਦੋ-ਚਾਰ ਕਰ ਲਓ, ਦੋ-ਚਾਰ ਕਾਨਫਰੰਸਾਂ ਤੇ ਇਕ ਇਮਾਰਤ ਉੱਤੇ ਪੰਜਾਬੀ ਦੀ ਤਰੱਕੀ ਦਾ ਬੋਰਡ ਲਾ ਦਿਓ, ਸਭ ਠੀਕ ਹੋ ਜਾਵੇਗਾ। ਅਜਿਹੇ ਮਸਖਰਿਆਂ ਦੀਆਂ ਗੱਲਾਂ ਸੁਣ ਕੇ ਮੈਂ ਬਲੋਚਿਸਤਾਨ ਤੋਂ ਆਈ ਸਾਂ। ਪੰਜਾਬੀ ਬੋਲੀ ਵਿਚ ਅੱਠ-ਦਸ ਕਿਤਾਬਾਂ ਲਿਖ ਮਾਰੀਆਂ। ਅੱਜ ਉਹ ਕਿਤਾਬਾਂ ਚੜ੍ਹਦੇ ਪੰਜਾਬ 'ਚ ਪੜ੍ਹੀਆਂ ਜਾ ਰਹੀਆਂ ਨੇ। ਉਧਰ ਵੱਡੇ ਪੰਜਾਬ ਦੇ ਪੰਜਾਬੀ ਅਦਾਰੇ ਦੀ ਡੀ. ਜੀ. ਡਾਇਰੈਕਟਰ ਜਾਂ ਕਾਨਫਰੰਸ ਦੇ ਸਦਰ (ਪ੍ਰਧਾਨ) ਹੋਰੀਂ ਬਿਲਕੁਲ ਨਹੀਂ ਜਾਣਦੇ ਉਨ੍ਹਾਂ ਕਿਤਾਬਾਂ ਦੇ ਨਾਂ ਕੀ ਨੇ। ਫਿਰ ਵੀ ਕੁਝ ਸ਼ਹੀਦ ਹੈਗੇ ਨੇ ਜੋ ਆਪਣਾ ਲਹੂ ਸਿੰਜ ਕੇ ਪੰਜਾਬੀ ਕਿਤਾਬ ਛਪਵਾਉਂਦੇ ਸਨ।

ਇਸ ਤਰ੍ਹਾਂ ਕਿਉਂ ਹੋਇਆ? ਪਹਿਲੀ ਵਜ੍ਹਾ, ਜਮਹੂਰੀਅਤ ਦਾ ਨਾ ਹੋਣਾ। ਦੂਜੀ ਵਜ੍ਹਾ, ਪੰਜਾਬੀ ਦਾ ਹੀਣ-ਭਾਵ ਤੇ ਸ਼ਾਹ-ਪ੍ਰਸਤੀ। ਅਵਾਮ ਦੀ ਜ਼ੁਬਾਨ ਤੋਂ ਸਭਿਆਚਾਰ ਦੀ ਤਰੱਕੀ ਵਾਸਤੇ ਜਮਹੂਰੀ ਕਦਰਾਂ ਤੇ ਰੌਸ਼ਨ ਸਮਾਜ ਚਾਹੀਦਾ ਏ। ਆਪਣੀ ਤਾਰੀਖ਼ ਦੀ ਜਾਣਕਾਰੀ ਤੇ ਮੀਆਂ ਜੜ੍ਹਾਂ ਨਾਲ ਜੋੜ ਤੇ ਮਾਣ ਚਾਹੀਦਾ ਏ।

ਆਖ਼ਰੀ ਤੇ ਜ਼ਰੂਰੀ ਗੱਲ ਅਜੋਕੇ ਪੰਜਾਬੀ ਅਦਬ ਵਿਚ ਇਕ ਪਸਮਾਂਦਗੀ ਏ। ਨਵੇਂ ਪੰਜਾਬੀ ਤਜ਼ਰਬੇ ਨਾ ਹੋਣ ਦੇ ਬਰਾਬਰ ਨੇ। ਕਿਤੇ ਹਿੰਦੀ, ਕਿਤੇ ਅੰਗਰੇਜ਼ੀ, ਕਿਤੇ ਉਰਦੂ ਦੇ ਪਰਛਾਵੇਂ। ਅਦਬ ਲੋਕਾਂ ਤਾਈਂ ਨਹੀਂ ਪੁੱਜਾ ਤੇ ਅਵਾਮ ਦੀ ਰਸਾਈ ਅਦਬ ਤੋੜੀ ਨਹੀਂ ਹੋ ਸਕੀ। ਮੱਧ ਵਰਗ ਜਾਂ ਨਿਮਨ ਮੱਧ ਵਰਗ, ਤਾਕਤਵਰ ਤੇ ਤਾਜ਼ਾ ਅਦਬ ਪੈਦਾ ਈ ਨਹੀਂ ਕਰ ਸਕਿਆ। ਪਛੜੇ ਹੋਏ ਅਵਾਮ ਦੀ ਕੀ ਕਰ ਸਕਦੇ ਨੇ। ਇਕ ਬਹੁਤ ਖ਼ਾਸ ਗੱਲ ਧਿਆਨ ਦੇਣ ਵਾਲੀ, ਪੰਜਾਬੀ ਅਦੀਬ ਸਿਰਫ਼ ਮਸਲਿਆਂ 'ਤੇ ਲਿਖਦੇ ਨੇ ਪਰ ਮਸਲੇ ਪੈਦਾ ਕਰਨ ਵਾਲੇ ਕਾਰਨਾਂ ਬਾਰੇ ਨਹੀਂ ਲਿਖਦੇ। ਮਸਲੇ ਤੇ ਮਸਲੇ ਦੇ ਕਾਰਨਾਂ ਨੂੰ ਅਦਬ ਵਿਚ ਢਾਲ ਦੇਣਾ ਵੱਡੀ ਕਾਰੀਗਰੀ ਹੁੰਦੀ ਏ। ਮੱਧ ਵਰਗੀ ਅਦਬ ਵਿਚ ਹਕੂਮਤ-ਪ੍ਰਸਤੀ, ਮੌਕਾ-ਪ੍ਰਸਤੀ, ਮਜ਼੍ਹਬ-ਪ੍ਰਸਤੀ ਤੇ ਅੰਧੀ ਅੱਖ ਦਾ ਚਾਨਣ ਈ ਹੁੰਦਾ ਏ।

ਪੰਜਾਬੀ ਸਾਹਿਤ ਤੇ ਸ਼ਾਇਰੀ ਦੀ ਵੱਡੀ ਕਮਜ਼ੋਰੀ, ਉਹਦਾ ਓਪਰਾ ਅਤੇ ਇਕ-ਪਰਤੀ ਹੋਣਾ ਹੈ। ਇਹ ਗੱਲ ਉਰਦੂ, ਹਿੰਦੀ ਸਾਹਿਤ ਵਿਚ ਵੀ ਆ ਚੁੱਕੀ ਏ। ਅਜਿਹਾ ਅਦਬ-ਧਾਰਾ ਪੜ੍ਹਕੇ ਜੀਵਨ ਦੀ ਦੂਜੀ ਪਰਤ ਨਹੀਂ ਖੁੱਲ੍ਹਦੀ। ਲਿਖਣ ਵਾਲਾ ਤਾਕਤਵਰ ਨਹੀਂ, ਲਾਚਾਰ ਲੱਗਦਾ ਏ। ਉਹਦੇ ਕੋਲ ਉੱਚੀ ਇਖਲਾਕੀ ਤਾਕਤ ਨਹੀਂ। ਉਹ ਜੱਦੋ-ਜ਼ਹਿਦ ਵਾਲੇ ਪਿੜ ਦਾ ਲੜਾਕਾ ਨਹੀਂ, ਕਿਸੇ ਪੁਰਾਣੇ ਮਜ਼ਾਰ ਦਾ ਮਜੌਰ ਜਿਹਾ ਬਣ ਜਾਂਦਾ ਏ, ਜਿਹਦੇ ਵਿਚ ਲਹਿੰਦੇ ਪੰਜਾਬ ਦਾ ਪੰਜਾਬੀ ਸ਼ਾਇਰ ਵਾਰਿਸ, ਬੁੱਲ੍ਹੇ ਦੀ ਕਬਰ ਦਾ ਮਜੌਰ ਹੋਣ ਤੇ ਰਾਜ਼ੀ ਏ। ਇਨ੍ਹਾਂ ਬਾਰੇ ਅਯਾਜ਼ ਕਹਿੰਦਾ ਏ, ਸੱਸੀ ਦੇ ਪਾਟੇ ਚੋਲੇ ਦੀਆਂ ਲੀਰਾਂ ਜ਼ਖ਼ਮਾਂ 'ਤੇ ਬੰਨ੍ਹ ਕੇ 'ਸਿਹਤ' ਪਿਆਲੇ ਪੀ ਬੈਠੇ ਨੇ। ਅੱਜ ਦੇ ਪੰਜਾਬੀ ਸ਼ਾਇਰ ਵੇਲੇ ਤੋਂ ਪਿੱਛੇ ਨੇ। ਅੱਜ ਤਾਂ ਵੱਢੇ ਹੋਏ ਰੁੱਖ ਦੇ ਟਾਹਣ ਉੱਚੇ ਨਹੀਂ ਹੋ ਸਕਦੇ। ਨਿਰੀ ਸ਼ਾਇਰੀ ਤੇ ਗਲਪ ਦੀ ਗੱਲ ਵੀ ਨਹੀਂ ਰਹੀ। ਸਾਰੇ ਇਲਮ ਨੂੰ ਇਕ ਚੁਣੌਤੀ ਏ, ਕਿਉਂ ਜੋ ਅੱਜ ਦਾ ਸਭਿਆਚਾਰ ਸਾਇੰਸ ਟੈਕਨਾਲੋਜੀ ਦਾ ਸਭਿਆਚਾਰ ਏ। ਇਸ ਵੇਲੇ ਹਰ ਜ਼ੁਬਾਨ ਨੂੰ ਤਰੱਕੀ ਦੀ ਲੋੜ ਏ, ਨਹੀਂ ਤਾਂ ਆਊਟ-ਡੇਟਿਡ ਹੋ ਜਾਣ ਦਾ ਖ਼ਤਰਾ ਏ। ਇਕ ਜ਼ਮਾਨਾ ਸੀ ਜਦੋਂ ਅਮਰੀਕਾ ਨੇ ਰੂਸੀ ਜ਼ੁਬਾਨ ਸਿੱਖੀ, ਅੱਜ ਚੀਨੀ ਅੰਗਰੇਜ਼ੀ ਸਿੱਖ ਰਿਹਾ ਏ।

ਪੰਜਾਬੀ ਨੂੰ ਤਾਂ ਬਹੁਤ ਕੁਝ ਨਵਾਂ ਚਾਹੀਦਾ ਏ। ਇਸ ਚੁਣੌਤੀ ਦਾ ਸਾਹਮਣਾ ਕਿਸ ਤਰ੍ਹਾਂ ਕਰਨਾ ਏ? ਸਿਰਫ਼ ਚੜ੍ਹਦਾ ਪੰਜਾਬ ਈ ਫੈਸਲਾ ਕਰ ਸਕਦਾ ਏ। ਲਹਿੰਦੇ ਪੰਜਾਬ ਦੀ ਬੋਲੀ ਨੂੰ ਤਾਂ ਹੋਰ ਚੁਣੌਤੀ ਏ, ਫਨਾਹ ਤੋਂ ਕਿਸ ਤਰ੍ਹਾਂ ਬਚਣਾ ਏ। ਦੋਵੇਂ ਪੰਜਾਬ ਰਲ ਕੇ ਸ਼ਾਇਦ ਕਝ ਕਰ ਸਕਣ। ਪਰ ਹਾਲ ਦੀ ਘੜੀ ਤਾਂ ਕੋਈ ਕਦਮ ਚੁੱਕਿਆ ਨਹੀਂ ਗਿਆ। ਸਿਰਫ਼ ਸੋਚਿਆ ਜਾ ਰਿਹਾ ਏ। ਸੋਚਣ ਦੇ ਇਸ ਢੰਗ ਤੋਂ ਸ਼ਾਇਦ ਕੋਈ ਸੰਤੁਸ਼ਟ ਵੀ ਹੋਵੇ ਪਰ ਮੈਂ ਨਹੀਂ, ਕਿਉਂ ਜੋ ਮੈਂ ਵੱਡੇ ਪੰਜਾਬ ਵਿਚ ਪੰਜਾਬੀ ਜ਼ੁਬਾਨ ਦਾ ਖ਼ਾਤਮਾ ਸਾਫ਼-ਸਾਫ਼ ਦੇਖ ਸਕਦੀ ਹਾਂ, ਕਿਉਂ ਜੋ ਦਸ ਕਰੋੜ ਪੰਜਾਬੀਆਂ ਵਿਚ ਆਪਣੀ ਮਾਂ ਬੋਲੀ ਨੂੰ ਬਚਾਉਣ ਲਈ ਅਜੇ ਕੋਈ ਲਹਿਰ ਪੈਦਾ ਨਹੀਂ ਹੋਈ, ਸਰਕਾਰਾਂ ਗੈਰ-ਅਵਾਮੀ, ਗੈਰ-ਜਮਹੂਰੀ। ਪੰਜਾਬ ਨੂੰ ਇਸ ਧਰਤੀ ਦਾ ਮਾਣ ਦੇਣ ਵਾਲੇ ਇਕ ਫੀਸਦੀ ਵੀ ਨਹੀਂ। ਤਰੈਅ ਨਸਲਾਂ ਦੇ ਬੱਚੇ ਪੰਜਾਬੀ ਜ਼ੁਬਾਨ ਪੜ੍ਹ ਈ ਨਹੀਂ ਸਕੇ। ਅੱਗੋਂ ਕੋਈ ਆਸ ਨਹੀਂ, ਦੂਜੀ ਭਾਸ਼ਾ ਬਣ ਜਾਵੇ, ਆਸ ਨਹੀਂ। ਕੋਈ ਜ਼ੁਬਾਨ ਕਿਸ ਤਰ੍ਹਾਂ ਜ਼ਿੰਦਾ ਰਹਿੰਦੀ ਏ? ਕਿਸ ਤਰ੍ਹਾਂ ਤਰੱਕੀ ਕਰਦੀ ਏ? ਪਾਗਿਕਸਤਾਨ ਵੱਲ ਦਾ ਪੰਜਾਬੀ ਇਸ ਸ਼ਊਰ ਤੋਂ ਖਾਲੀ ਏ। ਚੰਗੇ ਭਲੇ ਦਾਨਿਸ਼ਵਰ ਡੁਬਦੀ ਬੇੜੀ ਨੂੰ ਧਾਗਾ ਬੰਨ੍ਹ ਕੇ ਖਿੱਚ ਰਹੇ ਨੇ। ਮੇਲੇ, ਭੰਗੜੇ, ਜੁਗਤਾਂ ਜਾਂ ਚੜ੍ਹਦੇ ਲਹਿੰਦੇ ਪੰਜਾਬ ਦੇ ਫੇਰੇ। ਬੱਸ, ਏਨਾ ਈ ਕੰਮ ਹੋ ਰਿਹਾ ਹੈ। ਪੰਜਾਬੀ ਬੋਲੀ ਤੇ ਪੰਜਾਬੀ ਸਭਿਆਚਾਰ ਨੂੰ ਬਚ-ਾਉਣ ਵਾਸਤੇ ਆਖਰੀ ਗੱਲ ਨਹੀਂ, ਮਜ਼ਮੂਨ ਦੀ ਆਖਰੀ ਸਤਹ ਲਿਖ ਰਹੀ ਹਾਂ - ਵੰਡ ਦੀ ਛੁਰੀ ਨਾਲ ਵੱਢੇ ਹੋਏ ਪੰਜਾਬ ਨੂੰ ਆਪਣੀ ਪੂਰੀ ਤਾਰੀਖ ਨਾਲ ਜੁੜਨਾ ਚਾਹੀਦਾ ਏ।

**ਪੰਜਾਬ ਦੀ ਤਵਾਰੀਖ 1947 ਤੋਂ ਨਹੀਂ, ਨਾਨਕ ਦੇ ਪੈਦਾਇਸ਼ ਤੋਂ ਵੀ ਨਹੀਂ, ਇਸਲਾਮ ਦੀ ਆਮਦ ਤੋਂ ਵੀ ਨਹੀਂ, ਮਸੀਹ ਤੋਂ ਵੀ, ਬੁੱਧ ਜੈਨ ਬ੍ਰਾਹਮਣ ਤੋਂ ਵੀ ਨਹੀਂ, ਸਿਕੰਦਰ ਦੇ ਹਮਲੇ ਤੋਂ ਇਹ ਤਵਾਰੀਖ ਹੜੱਪਾ ਮਹਿੰਜੋਦੜੋ ਦੇ ਦਰਾਵੜੀ ਜ਼ਮਾਨੇ ਤੋਂ ਸ਼ੁਰੂ ਹੁੰਦੀ ਏ।** ***(ਚਿਰਾਗ ਵਿਚੋਂ ਧੰਨਵਾਦ ਸਹਿਤ)***

# ਉਡੀਕ

ਪ੍ਰਿੰ: ਮਲੂਕ ਚੰਦ ਕਲੇਰ
1-778-321-6139 (ਕਨੇਡਾ)



ਹੁਣ ਮੈਂ ਆਪਣੇ ਕੰਮ ਵਾਲੀ ਨਵੀਂ ਥਾਂ 'ਤੇ ਜਾਂਦਾ ਹਾਂ। ਇਹ ਥਾਂ ਇਕਾਂਤ ਵਿਚ ਹੈ। ਆਵਾਜਾਈ ਬਹੁਤ ਹੀ ਘੱਟ ਹੈ। ਟਾਂਵੀ-ਟਾਂਵੀ ਬੱਸ ਵੀ ਲੰਘਦੀ ਹੈ। ਬੱਸ ਜਾਂਦੀ ਜ਼ਰੂਰ ਹੈ, ਪਰ ਮੁੜ ਕੇ ਉਸੇ ਸੜਕੇ ਨਹੀਂ ਆਉਂਦੀ। ਸਾਰੀ ਸੜਕ ਕੰਕਰੀਟ ਦੀ ਬਣੀ ਹੋਈ ਹੈ। ਸੜਕ ਦੁਵੱਲੀ ਪੱਕੀਆਂ ਪਗ-ਡੰਡੀਆਂ ਵੀ ਬਣੀਆਂ ਹੋਈਆਂ ਹਨ। ਨਾਲ-ਨਾਲ, ਹਰਾ-ਹਰਾ ਘਾਹ ਵੀ ਚੁਫੇਰੇ ਹਰਿਆਲੀ ਖਿਲਾਰਦਾ ਹੈ। ਉਪਰ ਨੀਲੇ-ਨੀਲੇ ਬੱਦਲ ਸਾਫ ਦਿਸਦੇ ਹਨ। ਨੀਲਾ ਅੰਬਰ ਸਾਂਵੀ ਧਰਤੀ। ਇਹ ਇਲਾਕਾ ਸ਼ਹਿਰ ਦੇ ਭੀੜ-ਭੜੱਕੇ ਤੋਂ ਕੋਹਾਂ ਦੂਰ ਹੈ। ਇਸ ਲਈ ਬੰਦੇ ਵੀ ਇੱਕਾ-ਦੁੱਕਾ ਹੀ ਕਦੇ ਕਦੇ ਦਿਖਾਈ ਦਿੰਦੇ ਹਨ। ਕਦੇ-ਕਦੇ ਮਾਲ ਗੱਡੀ ਵੀ ਲੰਘਦੀ ਹੈ। ਚੁੱਪ ਤੋੜਦੀ ਹੈ।

ਵੇਅਰ ਹਾਊਸ ਹਨ।ਟਰੱਕ ਪਾਰਕਿੰਗ ਹਨ। ਇਸ ਬੇ-ਰੌਣਕ ਅਤੇ ਵਾਤਾਵਰਣ ਕਰਕੇ ਮੇਰੇ ਮਨ ਵਿਚ ਵੀ ਖਲਾਅ ਆਉਣਾ ਸੁਭਾਵਿਕ ਹੈ। ਚਿੜੀ ਨਾ ਪਰਿੰਦਾ। ਉਜਾੜ ਬੀਆ-ਬਾਨ ਸੁੰਨਸਾਨ।

ਜਿਸ ਦਿਨ ਵੀ ਮੈਂ ਆਪਣੀ ਡਿਊਟੀ ਉਪਰ ਜਾਂਦਾ ਹਾਂ, ਮੈਂ ਆਲੇ-ਦੁਆਲੇ ਜ਼ਰੂਰ ਗੇੜਾ ਲਾਉਂਦਾ ਹਾਂ। ਆਪਣੇ ਮਨ ਦਾ ਖਲਾਅ ਭਰਨ ਦੀ ਕੋਸ਼ਿਸ਼ ਕਰਦਾ ਹਾਂ।

ਸੜਕ ਦੇ ਕੰਢੇ ਕੰਢੇ ਵਿਰਲੇ ਵਿਰਲੇ ਰੁੱਖ ਵੀ ਹਨ। ਕੁਝ ਸਜਾਵਟੀ ਪੌਦੇ ਹਨ। ਇਕ ਵੱਡੇ ਆਕਾਰ ਦਾ ਛਾਂਦਾਰ ਦਰਖ਼ਤ ਹੈ। ਉਸ ਨੂੰ ਲੱਗਭੱਗ ਛੇ-ਛੇ ਇੰਚ ਲੰਮੀਆਂ ਫਲੀਆਂ ਦੇ ਗੁੱਛੇ ਲਟਕ ਰਹੇ ਹਨ। ਰੁੱਖ ਦੀ ਗੂੜ੍ਹੀ ਛਾਂ ਦੇਖ ਕੇ ਸ਼ਿਵ ਕੁਮਾਰ ਬਟਾਲਵੀ ਦੀ ਕਵਿਤਾ 'ਰੁੱਖ' ਯਾਦ ਆ ਜਾਂਦੀ ਹੈ-

ਰੁੱਖ ਤਾਂ ਮੇਰੀ ਮਾਂ ਵਰਗੇ ਨੇ
ਜਿਊਣ ਰੁੱਖਾਂ ਦੀਆਂ ਛਾਵਾਂ।

ਇਕ ਰੁੱਖ ਸੇਬ ਦਾ ਹੈ। ਉਸ ਨੂੰ ਸੇਬ ਮਣਾਂ-ਮੂੰਹੀਂ ਲੱਗੇ ਹੋਏ ਹਨ। ਜਦੋਂ ਵੀ ਮੈਂ ਉਸ ਰੁੱਖ ਕੋਲ ਜਾਂਦਾ ਹਾਂ ਤਾਂ ਲੱਗੇ ਸੇਬਾਂ ਵੱਲ ਵੇਖਦਾ ਹੀ ਰਹਿੰਦਾ ਹਾਂ। ਫਲ ਦੇ ਭਾਰ ਨਾਲ ਟਾਹਣੀਆਂ ਝੁਕੀਆਂ ਹੋਈਆਂ ਹਨ। ਵੇਖ ਕੇ ਮਨ ਖੁਸ਼ ਹੋ ਜਾਂਦਾ ਹੈ। ਕੁਝ ਸੇਬ ਰੁੱਖ ਹੇਠ ਵੀ ਖਿਲਰੇ ਹੁੰਦੇ ਹਨ। ਮੈਂ ਚੰਗੇ ਚੰਗੇ ਸੇਬ ਚੁੱਕ ਲੈਂਦਾ ਹਾਂ। ਸਾਫ ਕਰਕੇ ਪਾਣੀ ਨਾਲ ਧੋ ਕੇ ਖਾਂਦਾ ਹਾਂ, ਸੇਬ ਸਵਾਦੀ ਹਨ, ਮਿੱਠੇ ਹਨ, ਰਸ ਭਰਪੂਰ ਹਨ, ਤਾਜ਼ਾ ਫਲ ਖਾ ਕੇ ਮਨ ਬਾਗੋ-ਬਾਗ ਹੋ ਜਾਂਦਾ ਹੈ।

ਇਕ ਰੁੱਖ ਸੌ ਸੁੱਖ। ਰੁੱਖ ਛਾਂ ਦਿੰਦਾ ਹੈ। ਫੁੱਲ ਖਿੜਦੇ ਹਨ, ਫਲ ਲੱਗਦੇ ਹਨ, ਅਸੀਂ ਖਾਂਦੇ ਹਾਂ ਤੇ ਹੋਰ ਬਹੁਤ ਕੁਝ।

ਸੇਬ ਦੇ ਰੁੱਖ ਦੀ ਅਵਸਥਾ ਵੇਖ ਕੇ ਮੈਨੂੰ ਕਹਾਣੀਕਾਰ ਪ੍ਰਿੰ: ਸੁਜਾਨ ਸਿੰਘ ਦੇ ਕਹਾਣੀ ਸੰਗ੍ਰਹਿ 'ਨਰਕਾਂ ਦੇ ਦੇਵਤੇ' ਦੇ ਆਦਿ ਬਚਨ ਵਿਚ ਦਰਖ਼ਤ ਬਾਰੇ ਲਿਖੇ ਵਿਚਾਰ ਯਾਦ ਆ ਜਾਂਦੇ ਹਨ- ''ਬੂਟਾ ਉਗਦਾ ਹੈ, ਵਧਦਾ ਹੈ, ਦਰਖ਼ਤ ਬਣਦਾ ਹੈ, ਤੇ ਜਦੋਂ ਵਧਣੋਂ ਰਹਿ ਜਾਂਦਾ ਹੈ ਤਾਂ ਘੱਟੋ ਘੱਟ ਨਵੇਂ ਸਾਲ ਨਵੇਂ ਪੱਤਰ ਬਦਲਦਾ ਰਹਿੰਦਾ ਅਤੇ ਫਲ ਫੁੱਲ ਦਿੰਦਾ ਰਹਿੰਦਾ ਹੈ।''

ਰੁੱਤਾਂ ਬਦਲ ਗਈਆਂ ਹਨ। ਸੇਬ ਦੇ ਰੁੱਖ ਉਪਰ ਵੀ ਰੁੱਤ ਨੇ ਆਪਣਾ ਅਸਰ ਪਾਉਣਾ ਸ਼ੁਰੂ ਕਰ ਦਿੱਤਾ ਹੈ। ਪੱਤੇ ਕਿਰਨੇ ਸ਼ੁਰੂ ਹੋ ਗਏ ਹਨ। ਫਲ ਵੀ ਘਟਣ ਲੱਗ ਪਏ ਹਨ। ਪਰ ਫਲ ਉਪਰ ਲਾਲੀ ਅਤੇ ਅੰਦਰ ਮਿਠਾਸ ਆਏ ਦਿਨ ਵਧਣ ਲੱਗ ਪਈ ਹੈ। ਅੰਤ ਰੁੱਖ ਫਲ ਤੋਂ ਸੱਖਣਾ ਹੋ ਗਿਆ ਹੈ। ਰੁੱਖ ਰੁੰਡਾ-ਮੁੰਡਾ ਹੋ ਗਿਆ ਹੈ। ਪੱਤਝੜ ਦੀ ਰੁੱਤ ਨੇ ਹੱਲਾ ਬੋਲ ਦਿੱਤਾ ਹੈ। ਨਿਪੱਤਾ ਰੁੱਖ।

ਜਿਸ ਦਿਨ ਵੀ ਮੈਂ ਆਪਣੀ ਡਿਊਟੀ 'ਤੇ ਜਾਂਦਾ ਹਾਂ, ਰੁੱਖ ਨੂੰ ਜ਼ਰੂਰ ਵੇਖ ਕੇ ਆਉਂਦਾ ਹਾਂ। ਰੁੱਖ ਦਾ ਮੌਜੂਦਾ ਹਾਲ ਵੇਖ ਕੇ ਉਸ ਦੀਆਂ ਪਹਿਲੀਆਂ ਲਹਿਰਾਂ-ਕਹਿਰਾਂ ਯਾਦ ਆ ਜਾਂਦੀਆਂ ਹਨ, ਰੁੱਖ ਹੇਠ ਘੜੀ ਪਲ ਖੜੋਂਦਾ ਹਾਂ, ਸੇਬ ਦੇ ਰੁੱਖ ਨਾਲ ਮੇਰੀ ਸਾਂਝ ਵਧਦੀ ਹੈ। ਮਨ ਹੀ ਮਨ ਵਿਚ ਰੁੱਖ ਨਾਲ ਸੰਵਾਦ ਰਚਾਉਂਦਾ ਹਾਂ। ਮੈਂ ਸੋਚਾਂ ਵਿਚ ਪੈ ਜਾਂਦਾ ਹਾਂ। ਮੇਰੀ ਆਤਮਾ 'ਚੋਂ ਆਵਾਜ਼ ਆਉਂਦੀ ਹੈ, ਮਨਾ ਕਿਤੇ ਇਹ ਰੁੱਖ ਬਹਾਰ ਦੀ ਰੁੱਤ ਵਿਚ ਮੈਨੂੰ ਮੇਹਣਾ ਹੀ ਨਾ ਮਾਰੇ, ''ਕਿਉਂ, ਫਿਰ ਆ ਗਿਆ, ਪੈ ਗਈ ਫਿਰ ਮੇਰੀ ਲੋੜ!'' ਰੁੱਖ ਨੂੰ ਸਮੇਂ ਨੇ ਝੰਜੋੜ ਸੁੱਟਿਆ ਹੈ। ਸਮਾਂ ਬੜਾ ਹੀ ਬਲਵਾਨ ਹੈ। ਹੁਣ ਮੈਨੂੰ ਬਿਰਖ (ਰੁੱਖ) ਬਲਦਾ ਦਿਸਦਾ ਹੈ, ਹਾਰਿਆ ਹੋਇਆ ਲੱਗਦਾ ਹੈ। ਜਿੱਤਾਂ ਵੀ ਤਾਂ ਹਾਰਾਂ ਵਿਚੋਂ ਹੀ ਨਿਕਲਦੀਆਂ ਹਨ। ਰੁੱਖ ਹੇਠ ਖੜ੍ਹੇ ਖੜ੍ਹੇ ਮੇਰੇ ਮਨ ਵਿਚ ਡਾ. ਸੁਰਜੀਤ ਪਾਤਰ ਦੀ ਕਵਿਤਾ ''ਬਲਦਾ ਬਿਰਖ ਹਾਂ'' ਦੀਆਂ ਪਲੇਠੀਆਂ ਸੱਤਰਾਂ ਉਗ ਪੈਂਦੀਆਂ ਹਨ-

ਬਲਦਾ ਬਿਰਖ ਹਾਂ ਖਤਮ ਹਾਂ ਬੱਸ ਸ਼ਾਮ ਤੀਕ ਹਾਂ
ਫਿਰ ਵੀ ਕਿਸੇ ਬਹਾਰ ਦੀ ਕਰਦਾ ਉਡੀਕ ਹਾਂ।

## ਗ਼ਜ਼ਲ

## ਨਦੀਮ ਪਰਮਾਰ

ਸੁੱਕਿਆ ਸਤਲੁਜ ਝਨਾ ਬੇ-ਆਬ ਹੈ।
ਪੱਤੀ ਪੱਤੀ ਹੋਇਆ ਫੁੱਲ ਪੰਜਾਬ ਹੈ।

ਜੀਂਦੇ ਜੀ ਵੇਖਾਂਗੇ ਹੱਦਾਂ ਮਿਟਦੀਆਂ
ਇੱਕ ਇੱਛਤ ਸੋਚ ਰੰਗਲਾ ਖ਼ਾਬ ਹੈ।

ਵਿਲਕਦੀ ਫਿਰਦੀ ਹੈ ਧੁੱਪ ਮਾਰੂਥਲੀਂ
ਜੰਗਲਾਂ ਵਿਚ ਚੀਕਦੀ ਮਹਿਤਾਬ ਹੈ।

ਜਲਦਿਆਂ ਤੱਤਾਂ ਦਾ ਸੱਤ ਹੈ ਰੋਸ਼ਨੀ
ਰੌਸ਼ਨੀ ਦਾ ਸੱਤ ਪਰ ਮਹਿਤਾਬ ਹੈ।

ਸੱਤ ਸੁੰਦਰ ਸੱਤ ਸ਼ਕਤੀ ਸੱਤ ਸੱਤ
ਸੱਤ ਸੂਖਮ ਹੈ ਅਤੀ ਨਾਯਾਬ ਹੈ।

ਇੱਕ ਪਾਸੇ ਹੀ ਕਰਾਂ ਸਜਦਾ ਮੈਂ ਕਿਉਂ
ਚੌਹੀਂ ਪਾਸੀਂ ਜਦ ਮਿਰੇ ਮਹਿਰਾਬ ਹੈ।

ਆਦਿ ਵਿਚ ਲਿਖਿਆ ਸੀ ਆਦਮ-ਪੁਤਰਾਂ
ਲਿਖ ਰਿਹਾ ਅੱਜ ਆਦਮੀ ਉਹ ਬਾਬ ਹੈ।

ਵੇਖ ਕੇ ਇੱਲਾਂ ਨੂੰ ਅਰਸ਼ੀਂ ਉਡਦੀਆਂ
ਉੱਡਣੇ ਨੂੰ ਜਿੰਦ ਵੀ ਬੇਤਾਬ ਹੈ।

ਚਾਨਣੀ, ਹੈ ਸਾਥ ਤੇਰਾ ਸਾਥੀਆ
ਫੇਰ ਵੀ ਇਹ ਦਿਲ ਬੜਾ ਬੇਤਾਬ ਹੈ।

ਕਿਹੜਾ ਕਿਹੜਾ ਹਾਦਸਾ ਦੱਸਾਂ ਨਦੀਮ
ਕਿਸ ਦੇ ਹੱਥੋਂ ਜ਼ਿੰਦੜੀ ਬੇ-ਖ਼ਾਬ ਹੈ।

## ਮਿੰਨੀ ਕਹਾਣੀ

## ਇਨਸਾਨੀਅਤ/ ਸ਼ਿੰਗਾਰਾ ਸਿੰਘ ਸੰਧੂ

ਸ਼ੁੱਕਰਵਾਰ ਦਾ ਦਿਨ ਸੀ। ਸਕਾਈਟਰੇਨ ਵਿਚ ਬੜੀ ਭੀੜ ਸੀ ਰਾਤ ਦੇ ਸਵਾ ਗਿਆਰਾਂ ਵਜੇ ਸਨ। ਮੇਰੀ ਡਿਊਟੀ ਖਤਮ ਹੋ ਗਈ ਸੀ। ਮੈਟਰੋ ਟਾਊਨ ਵਿਚ ਮੈਂ ਟਰੇਨ ਵਿਚ ਬੈਠ ਗਿਆ। ਬੇਸ਼ੱਕ ਮੈਨੂੰ ਸੀਟ ਮਿਲ ਗਈ ਸੀ ਪਰ ਬਹੁਤ ਲੋਕੀ ਖੜ੍ਹੇ ਹੀ ਸਨ। ਮੇਰੇ ਕੋਲ ਹੀ ਇਕ ਬਜ਼ੁਰਗ ਤੇ ਬਿਮਾਰ ਔਰਤ ਖੜ੍ਹੀ ਸੀ। ਜਦੋਂ ਕੋਈ ਵੀ ਬਿਮਾਰੀ ਦੀ ਹਾਲਤ ਵਿਚ ਹੁੰਦੇ ਹੈ ਤਾਂ ਉਹ ਅਸਲੀ ਉਮਰ ਨਾਲੋਂ ਵੱਡਾ ਲੱਗਦਾ ਹੈ। ਐਸਾ ਹੀ ਉਸ ਔਰਤ ਦਾ ਹਾਲ ਸੀ। ਮੈਂ ਇਨਸਾਨੀਅਤ ਸਮਝ ਕੇ ਆਪਣੀ ਸੀਟ ਉਸ ਅੰਗਰੇਜ਼ ਔਰਤ ਨੂੰ ਦੇ ਦਿੱਤੀ। ਔਰਤ ਦਾ ਚਿਹਰਾ ਖਿੜ ਗਿਆ ਤੇ ਉਸ ਨੂੰ ਰਾਹਤ ਮਹਿਸੂਸ ਹੋਈ ਪਰ ਉਸ ਨੂੰ ਦੁੱਖ ਵੀ ਹੋਇਆ ਤੇ ਹੈਰਾਨੀ ਵੀ ਕਿ ਛੋਟੀ ਉਮਰ ਦੇ ਕਿਸੇ ਨੇ ਵੀ ਸੀਟ ਖਾਲੀ ਨਹੀਂ ਕੀਤੀ। ਅਗਲੇ ਸਟੇਸ਼ਨ ਉਸ ਦੇ ਨਾਲ ਦੀ ਸੀਟ ਖਾਲੀ ਹੋ ਗਈ ਤੇ ਮੈਂ ਉਸ ਦੇ ਕੋਲ ਬੈਠ ਗਿਆ। ਅੰਗਰੇਜ਼ ਔਰਤ ਨੇ ਪਹਿਲਾ ਸਵਾਲ ਪੁੱਛਿਆ, ''ਤੁਹਾਡੀ ਉਮਰ ਕਿਤਨੀ ਹੈ? ਮੈਂ ਕਿਹਾ। ਸੱਤਰ ਸਾਲ'' ਉਸ ਨੇ ਆਪਣੀ ਉਮਰ ਅਠਾਹਟ ਸਾਲ ਦੀ ਦੱਸੀ।'' ਦੂਸਰਾ ਸਵਾਲ ਉਸ ਨੇ ਪੁੱਛਿਆ, ''ਤੁਸੀਂ ਕਿਉਂ ਮੈਨੂੰ ਸੀਟ ਦਿੱਤੀ ਹੈ? ਜਦੋਂ ਕਿ ਹੋਰ ਕਿਸੇ ਨਹੀਂ ਦਿੱਤੀ। ਮੈਂ ਕਿਹਾ ਕਿ ਇਨਸਾਨੀਅਤ ਦੇ ਨਾਤੇ ਮੈਨੂੰ ਤੁਹਾਡੇ ਤੇ ਤਰਸ ਆਗਿਆ ਸੀ। ਇਨਸਾਨ ਤਾਂ ਅਸੀਂ ਸਾਰੇ ਹੀ ਹਾਂ, ਪਰ ਇਨਸਾਨੀਅਤ ਹਰ ਇਕ ਵਿਚ ਨਹੀਂ ਹੈ।

# ਬਾਬਾ ਸੋਹਣ ਸਿੰਘ ਭਕਨਾ
## (4 ਜਨਵਰੀ 1870 ਤੋਂ 20 ਦਸੰਬਰ 1968)

ਗਦਰ ਪਾਰਟੀ ਦੇ ਮੁਖੀ ਅਤੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਜਿਹਨਾਂ ਨੇ ਸੈਂਕੜੇ ਯੋਧਿਆਂ ਦੇ ਮਨਾਂ ਵਿਚ ਦੇਸ਼ ਭਗਤੀ ਦਾ ਬੀਜ ਬੀਜਿਆ ਅਤੇ ਇਸ ਨੂੰ ਅੱਗੇ ਵਧਾਇਆ। ਬਾਬਾ ਸੋਹਣ ਸਿੰਘ ਭਕਨਾ ਦਾ ਨੌਜਵਾਨਾਂ ਨੂੰ ਸੰਦੇਸ਼ ਪ੍ਰੋਫੈਸਰ ਮਾਲਵਿੰਦਰ ਸਿੰਘ ਦੁਆਰਾ ਭੇਜੀ ਪੁਸਤਕ ਹਾਲ ਹੀ ਵਿਚ ਮੈਨੂੰ ਮਿਲੀ। ਬਾਬਾ ਸੋਹਣ ਸਿੰਘ ਭਕਨਾ ਦਾ ਜੀਵਨ ਸੰਘਰਸ਼ ਭਰਿਆ ਅਤੇ ਆਮ ਸਧਾਰਨ ਪਰਿਵਾਰ ਨਾਲ ਸਬੰਧਤ ਹੋਣ ਕਾਰਨ ਉਹਨਾਂ ਨੇ ਬਚਪਨ ਤੋਂ ਅਖੀਰ ਤੱਕ ਜੂਝਣ ਦਾ ਤਜਰਬਾ ਹੀ ਹਾਸਲ ਕੀਤਾ। ਬਚਪਨ ਤੋਂ ਅਖੀਰ ਤਕ ਜੂਝਣ ਦਾ ਤਜਰਬਾ ਹੀ ਹਾਸਿਲ ਕੀਤਾ। ਚੜ੍ਹਦੀ ਜਵਾਨੀ ਵੇਲੇ ਹੀ ਓਹ ਮੁਹਾਵੇ ਵਾਲੇ ਨਾਮਧਾਰੀ ਇਨਕਲਾਬੀ ਬਾਬਾ ਕੇਸਰ ਹੁਰਾਂ ਦੀ ਸੰਗਤ ਸਦਕਾ ਹੀ ਏਧਰ ਤੁਰੇ ਅਤੇ ਫਿਰ ਅਮਰੀਕਾ ਸੀ ਜਾਂ ਹਿੰਦੁਸਤਾਨ ਓਹਨਾਂ ਨੇ ਪਿਛੇ ਮੁੜ ਕੇ ਨਾ



ਵੇਖਿਆ। 1914 ਵਿਚ **'ਕਾਮਾ ਗਾਟਾ ਮਾਰੂ'** ਜਹਾਜ਼ ਭਾਰਤ ਮੁੜਣ ਦੌਰਾਨ ਬਾਬਾ ਭਕਨਾ ਦੀ ਅਗਵਾਈ ਹੇਠ ਪਹੁੰਚੇ ਬਹੁਤ ਸਾਰੇ ਗਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਹੋਰ ਸਾਥੀਆਂ ਨਾਲ ਓਹਨਾਂ ਨੂੰ ਵੀ ਫਾਂਸੀ ਦੀ ਸਜ਼ਾ ਹੋਈ ਜੋ ਬਾਅਦ ਵਿਚ ਉਮਰ-ਕੈਦ ਵਿਚ ਵਟ ਗਈ ਅਤੇ ਓਹ ਕਾਲੇਪਾਣੀਆਂ ਦੀ ਨਰਕੀ ਸੈਲੂਲਰ ਜੇਲ੍ਹ ਵਿਚ ਬੰਦ ਕਰ ਦਿੱਤੇ ਗਏ । ਅਗੋਂ ਜੋ ਓਹਨਾਂ ਅਤੇ ਓਹਨਾਂ ਦੇ ਸਾਥੀਆਂ ਤੇ ਬਣੀਆਂ ਓਹ ਹੁਣ ਇਤਿਹਾਸ ਹੈ, ਜੋ ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ ਹੁਰਾਂ ਵਲੋਂ ਬਾਬਾ ਜੀ ਬਾਰੇ ਸੰਪਾਦਿਤ ਪੁਸਤਕ "ਜੀਵਨ ਸੰਗਰਾਮ" ਵਿਚੋਂ ਲੜੀਵਾਰ ਲੇਖ **ਹਫਤਾਵਾਰੀ ਅਖ਼ਬਾਰ 'ਦੇਸ਼ ਦੁਆਬਾ'** ਵਿਚ ਛਾਪਣ ਦੀ ਖੁਸ਼ੀ ਲੈ ਰਹੇ ਹਾਂ!

**– ਪਸ਼ੌਰਾ ਸਿੰਘ ਢਿੱਲੋਂ (1-559-708-4399)**



**(ਪੰਜਵੀ ਕਿਸ਼ਤ)**

**8. ਗਦਰ ਅਖ਼ਬਾਰ**

ਇਸ ਦੇ ਪਿਛੋਂ ਲਾਲਾ ਹਰਦਿਆਲ ਵਾਪਸ ਕੈਲੀਫੋਰਨੀਆ ਨੂੰ ਚਲੇ ਗਏ। ਪਹਿਲੀ ਨਵੰਬਰ 1913 ਤਕ ਨਾ ਹੀ ਦਫ਼ਤਰ ਕਾਇਮ ਹੋਇਆ ਤੇ ਨਾ ਹੀ ਅਖ਼ਬਾਰ ਨਿਕਲਿਆ। ਅਖੀਰ ਸਥਾਨਕ ਕਮੇਟੀਆਂ ਨੇ ਪ੍ਰਧਾਨ ਇੰਤਜ਼ਾਮੀਆ ਕਮੇਟੀ ਨੂੰ ਲਿਖਣਾ ਸ਼ੁਰੂ ਕੀਤਾ ਤੇ ਲਾ-ਪ੍ਰਵਾਹੀ ਦੀ ਵਜ੍ਹਾ ਪੁੱਛੀ। ਪ੍ਰਧਾਨ ਨੇ ਲਾਲਾ ਹਰਦਿਆਲ ਨੂੰ ਸਥਾਨਕ ਕਮੇਟੀਆਂ ਦੀ ਸ਼ਿਕਾਇਤ ਤੋਂ ਜਾਣੂ ਕਰਵਾਇਆ ਤੇ ਜ਼ੋਰ ਦਿੱਤਾ ਕਿ ਹੁਣ ਦੇਰੀ ਕਰਨ ਨਾਲ ਜਨਤਾ ਬਦਜ਼ਨ ਹੋ ਜਾਵੇਗੀ। ਜਲਦੀ ਕੰਮ ਸ਼ੁਰੂ ਹੋਣਾ ਜ਼ਰੂਰੀ ਹੈ। ਤਦ ਪਹਿਲੀ ਨਵੰਬਰ 1913 ਨੂੰ ਗਦਰ ਅਖ਼ਬਾਰ ਦਾ ਪਹਿਲਾ ਪਰਚਾ ਹੈਂਡ ਮਸ਼ੀਨ ਤੇ ਕਰਤਾਰ ਸਿੰਘ ਸਰਾਭਾ ਤੇ ਰਘਬੀਰ ਦਿਆਲ (ਯੂ. ਪੀ.) ਦੀ ਮਦਦ ਨਾਲ ਕੱਢਿਆ ਗਿਆ। ਇਕ ਮਕਾਨ ਕਿਰਾਏ ਤੇ ਲੈ ਕੇ ਦਫ਼ਤਰ ਖੋਲ੍ਹਿਆ ਗਿਆ ਜਿਸ ਦਾ ਨਾਂ ''ਯੁਗਾਂਤਰ ਆਸ਼ਰਮ'' ਰੱਖਿਆ ਗਿਆ।

(ਨੋਟ- ਰਘਬੀਰ ਦਿਆਲ (ਯੂ. ਪੀ.) ਨੇ ਦੇਸ਼ ਵਿਚ ਆ ਕੇ ਫਿਰ ਕੋਈ ਕੰਮ ਨਹੀਂ ਕੀਤਾ।)

ਗਦਰ ਅਖ਼ਬਾਰ ਦੇ ਪਹਿਲੇ ਸਫ਼ੇ ਤੇ ਲਿਖਿਆ ਹੁੰਦਾ ਸੀ-

ਜੇ ਤਉ ਪ੍ਰੇਮ ਖੇਲਨ ਕਾ ਚਾਉ
ਸਿਰ ਧਰ ਤਲੀ ਗਲੀ ਮੇਰੀ ਆਉ।

ਇਸ ਤੋਂ ਪਿਛੋਂ ਅੰਗਰੇਜ਼ੀ ਰਾਜ ਦਾ ਕੱਚਾ ਚਿੱਠਾ ਅੰਕੜੇ ਦੇ ਕੇ ਅੰਗਰੇਜ਼ਾਂ ਦੀ ਲੁੱਟ-ਖਸੁੱਟ ਨੂੰ ਨੰਗਿਆਂ ਕਰਦਾ ਸੀ। ਮੁੱਖ ਸੰਪਾਦਕ ਲਾਲਾ ਹਰਦਿਆਲ ਉਰਦੂ ਵਿਚ ਲਿਖਦੇ ਸਨ ਤੇ ਪੰਜਾਬੀ ਵਿਚ ਉਲੱਥਾ ਕਰਤਾਰ ਸਿੰਘ ਸਰਾਭਾ ਕਰਦਾ ਸੀ। ਛਾਪੇ ਦੀ ਹੈਂਡ ਮਸ਼ੀਨ ਉਹ ਆਪਣੇ ਹੱਥੀਂ ਚਲਾਉਂਦਾ ਸੀ। ਸ਼ੁਰੂ-ਸ਼ੁਰੂ ਵਿਚ ਯੁਗਾਂਤਰ ਆਸ਼ਰਮ ਦਾ ਸਾਰਾ ਕੰਮ ਕਰਤਾਰ ਸਿੰਘ ਸਰਾਭਾ ਦੇ ਸਿਰ ਤੇ ਹੀ ਰਿਹਾ ਕਈ ਹਫਤੇ ਪਿਛੋਂ ਦੂਸਰੇ ਸਾਥੀ ਸਹਾਇਤਾ ਲਈ ਭੇਜੇ ਗਏ। ਉਸ ਨੂੰ ਰਾਤ ਦਿਨ ਆਰਾਮ ਦੀ ਕਦੀ ਨਾ ਸੁੱਝੀ। ਬਲਕਿ ਜਦ ਸੁੱਝਦਾ ਸੀ ਤਾਂ ਕੰਮ। ਜਿੰਨਾਂ ਉਹ ਅਣਥੱਕ ਮਿਹਨਤੀ ਸੀ ਉਨਾ ਹੀ ਫੁਰਤੀਲਾ ਵੀ ਸੀ।

ਇਸ ਤੋਂ ਇਲਾਵਾ ਕਵਿਤਾਵਾਂ ਤੇ ਦੂਸਰੇ ਲੇਖ ਬਾਹਰ ਤੋਂ ਦੂਸਰੇ ਦੇਸ਼-ਭਗਤ ਭੇਜਦੇ ਸਨ। ਇਹ ਕਵਿਤਾਵਾਂ ਇਨਕਲਾਬੀ ਦਿਲਾਂ ਦੀਆਂ ਡੂੰਘਿਆਈਆਂ ਵਿਚੋਂ ਨਿਕਲੀਆਂ ਹੋਈਆਂ ਹੋਣ ਕਰਕੇ ਮੁਰਦਾ ਦਿਲਾਂ ਵਿਚ ਵੀ ਆਜ਼ਾਦੀ ਦਾ ਜੋਸ਼ ਭਰ ਦਿੰਦੀਆਂ ਸਨ। ''ਗਦਰ ਦੀ ਗੂੰਜ'' ਤੇ ਹੋਰ ਇਨਕਲਾਬੀ ਸਾਹਿਤ ਮੁਫ਼ਤ ਭੇਜਿਆ ਜਾਂਦਾ ਸੀ। ਜਦ ਤਿੰਨ ਚਾਰ ਪਰਚੇ ਨਿਕਲੇ ਤਾਂ ਮੰਗ ਬਹੁਤ ਵੱਧ ਗਈ। ਇਸ ਲਈ ਇੰਤਜ਼ਾਮੀਆਂ ਕਮੇਟੀ ਨੇ ਬਿਜਲੀ ਨਾਲ ਚੱਲਣ ਵਾਲੀ ਵੱਡੀ ਪ੍ਰੈਸ ਲਾ ਦਿੱਤੀ ਤੇ ਹਿੰਦੀ, ਪੰਜਾਬੀ, ਉਰਦੂ ਜ਼ਬਾਨਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਅਖ਼ਬਾਰ ਛਪਣ ਲੱਗਾ। ਪ੍ਰੈਸ ਦਾ ਕੰਮ ਕਰਨ ਲਈ ਦੇਸ਼ ਭਗਤਾਂ ਨੂੰ ਅਪੀਲ ਕੀਤੀ ਗਈ। ਨੌਜਵਾਨ ਆਪਣੇ ਨਿੱਜੀ ਕੰਮ ਛੱਡ ਕੇ ਪ੍ਰੈਸ ਤੇ ਹੋਰ ਦੂਜੇ ਕੰਮਾਂ ਤੇ ਆ ਲੱਗੇ। ਕੈਨੇਡਾ ਵਿਚ ਛਪਣ ਵਾਲੇ ਇਕ ਦੋ ਨਰਮ ਅਖ਼ਬਾਰ ਤਾਂ ਬੰਦ ਹੀ ਹੋ ਗਏ। ਭਾਵੇਂ ਕੈਲੀਫੋਰਨੀਆ ਵਿਚ ਕਾਫੀ ਪ੍ਰਚਾਰ ਹੋ ਚੁੱਕਿਆ ਸੀ ਤੇ ਵਰਕਰ ਵੀ ਪੈਦਾ ਹੋ ਚੁੱਕੇ ਸਨ ਫਿਰ ਵੀ ਕੈਲੀਫੋਰਨੀਆ ਦੇ ਦੇਸ਼ ਭਗਤਾਂ ਨੇ ਸੈਕਰਾਮੈਂਟੋ ਵਿਚ ਦਸੰਬਰ 1913 ਨੂੰ ਵੱਡੇ ਦਿਨਾਂ ਦੀਆਂ ਛੁੱਟੀਆਂ ਵਿਚ ਇਕ ਕਾਨਫਰੰਸ ਰੱਖ ਦਿੱਤੀ। ਜਿਸ ਵਿਚ ਭਾਈ ਕੇਸਰ ਸਿੰਘ, ਪੰਡਤ ਕਾਂਸ਼ੀ ਰਾਮ, ਮੁਨਸ਼ੀ ਰਾਮ, ਲਾਲਾ ਹਰਦਿਆਲ ਤੇ ਮੈਂ ਉਰੇਗਨ ਤੇ ਵਾਸ਼ਿੰਗਟਨ ਸਟੇਟ ਵੱਲੋਂ ਸ਼ਾਮਲ ਹੋਏ। ਹਰਨਾਮ ਸਿੰਘ ਪਹਿਲਾਂ ਹੀ ਸਾਨਫਰਾਂਸਿਸਕੋ ਦੇ ਦਫ਼ਤਰ ਵਿਚ ਕੰਮ ਕਰਦਾ ਸੀ, ਉਹ ਵੀ ਸ਼ਾਮਿਲ ਹੋਇਆ। ਕੈਲੀਫੋਰਨੀਆ ਵੱਲੋਂ ਦੂਸਰਾ ਮੀਤ ਪ੍ਰਧਾਨ ਭਾਈ ਜਵਾਲਾ ਸਿੰਘ ਨੂੰ ਰੱਖਿਆ ਗਿਆ। ਇੰਤਜ਼ਾਮੀਆਂ ਕਮੇਟੀ ਵਿਚ ਸੰਤ ਵਿਸਾਖਾ ਸਿੰਘ, ਭਾਈ ਨਿਧਾਨ ਸਿੰਘ, ਭਾਈ ਅਰੂੜ ਸਿੰਘ, ਭਾਈ ਚੰਨਣ ਸਿੰਘ ਚੁਹੜਚੱਕ, ਭਾਈ ਹਜ਼ਾਰਾ ਸਿੰਘ ਦਦੇਹਰ, ਭਾਈ ਕਰਮ ਸਿੰਘ ਚੀਮਾ, ਪੰਡਤ ਜਗਤ ਰਾਮ ਤੇ ਭਾਈ ਕਰਤਾਰ ਸਿੰਘ (ਦੁੱਕੀ) ਲਏ ਗਏ। ਭਗਤ ਸਿੰਘ (ਦੂਸਰਾ ਨਾਂ ਗਾਂਧਾ ਸਿੰਘ), ਕਰਤਾਰ ਸਿੰਘ ਸਰਾਭਾ ਤੇ ਹੋਰ ਉਥੇ ਦੇਸ਼-ਭਗਤ ਵੀ ਕਾਨਫਰੰਸ ਵਿਚ ਹਾਜ਼ਰ ਸਨ।

ਹਿੰਦੀ ਐਸੋਸੀਏਸ਼ਨ ਆਫ ਪੈਸੀਫਿਕ ਕੋਸਟ ਅਜੇ ਉਰੇਗਨ ਤੇ ਵਾਸ਼ਿੰਗਟਨ ਤੱਕ ਹੀ ਸੀਮਤ ਸੀ। ਪਰ ਕੈਲੀਫੋਰਨੀਆ ਦੀ ਸੈਕਰਾਮੈਂਟੋ ਕਾਨਫਰੰਸ ਨੇ ਇਸ ਨੂੰ ਸਰਬ ਅਮਰੀਕਨ ਪਾਰਟੀ ਬਣਾ ਦਿੱਤਾ ਤੇ ਕੰਮ ਬਹੁਤ ਫੈਲ ਗਿਆ। ਅਜੇ ਤੱਕ ਮੈਂ ਮਨਾਰਕ ਮਿੱਲ ਵਿਚ ਹੀ ਆਪਣਾ ਨਿੱਜੀ ਕੰਮ ਕਰਦਾ ਸਾਂ। ਪਰ ਹੁਣ 24 ਘੰਟੇ ਪਾਰਟੀ ਨੂੰ ਦਿੱਤੇ ਬਗੈਰ ਕੈਲੀਫੋਰਨੀਆਂ ਵਿਚ ਬਕਾਇਦਾ ਜਥੇਬੰਦੀ ਨਹੀਂ ਚੱਲ ਸਕਦੀ ਸੀ। ਉਹ ਇਸ ਲਈ ਕਿ ਇੱਥੋਂ ਦਾ ਹਿੰਦੀ ਖੇਤ-ਮਜ਼ਦੂਰ ਸੀ। ਇਹਨਾਂ ਦੀਆਂ ਟੋਲੀਆਂ ਕੈਲੀਫੋਰਨੀਆ ਵਿਚ ਦੂਰ-ਦੂਰ ਤੱਕ ਫੈਲੀਆਂ ਹੋਈਆਂ ਸਨ। ਜਦ ਤੱਕ ਪੈਦਲ ਚੱਲ ਕੇ ਕੰਮ ਨਾ ਕੀਤਾ ਜਾਂਦਾ ਜਥੇਬੰਦੀ ਖੜ੍ਹੀ ਨਹੀਂ ਹੋ ਸਕਦੀ ਸੀ। ਇਸ ਲਈ ਮੈਂ ਆਪਣਾ ਨਿੱਜੀ ਕੰਮ ਛੱਡ ਦਿੱਤਾ ਤੇ ਸਾਥੀਆਂ ਦੇ ਮਿਲਵਰਤਣ ਨਾਲ ਜਥੇਬੰਦਕ ਕੰਮ ਨੂੰ ਕਿਸੇ ਹੱਦ ਤੱਕ ਪੂਰਾ ਕੀਤਾ। ਭਾਈ ਗਾਂਧਾ ਸਿੰਘ ਤੇ ਭਾਈ ਕਰਤਾਰ ਸਿੰਘ (ਦੁੱਕੀ) ਹਮੇਸ਼ਾ ਮੇਰੇ ਨਾਲ ਰਹਿੰਦੇ ਤੇ ਕਦੇ ਟਾਈਮ ਮਿਲਣ ਤੇ ਕਰਤਾਰ ਸਿੰਘ ਸਰਾਭਾ ਦੀ ਮਦਦ ਦੇ ਜਾਂਦੇ।

ਇਸ ਤੋਂ ਇਲਾਵਾ ਇੰਤਜ਼ਾਮੀਆ ਕਮੇਟੀ ਦੇ ਮੈਂਬਰ ਫੰਡ ਇਕੱਠਾ ਕਰਦੇ ਤੇ ਸਥਾਨਕ ਕਮੇਟੀਆਂ ਵੀ ਆਪਣੇ ਮਾਹਵਾਰੀ ਚੰਦੇ ਕੇਂਦਰੀ ਦਫ਼ਤਰ ਨੂੰ ਭੇਜ ਦਿੰਦੀਆਂ। ਭਾਵ ਇਹ ਕਿ ਹਰ ਪਾਰਟੀ ਮੈਂਬਰ ਥਾਂ ਪੁਰ ਥਾਂ ਆਪਣਾ ਫਰਜ਼ ਸਮਝ ਕੇ ਕੰਮ ਕਰਦਾ, ਕਿਉਂਕਿ ਹੁਣ ਮੈਂਬਰਾਂ ਨੂੰ ਆਪਣੇ ਫਰਜ਼ ਦੀ ਪੂਰੀ ਸੂਝ ਹੋ ਚੁੱਕੀ ਸੀ। ਡੰਡੇ ਦਾ ਡਿਸਿਪਲਿਨ (ਅਨੁਸ਼ਾਸਨ) ਨਹੀਂ ਬਲਕਿ ਸੂਝ ਦਾ ਡਿਸਿਪਲਨ ਸੀ। ਮੈਂਬਰਾਂ ਦੇ ਚੰਦੇ ਦਾ ਇਤਨਾ ਕੁ ਰੁਪਿਆ ਹਰ ਮਹੀਨੇ ਪਾਰਟੀ ਨੂੰ ਆ ਜਾਂਦਾ ਜੋ ਇਸ ਦੇ ਕੰਮ ਲਈ ਕਾਫੀ ਹੁੰਦਾ ਸੀ। ਅੱਜ ਵੀ ਮੈਨੂੰ ਆਪਣੀ ਪਾਰਟੀ (ਗਦਰ ਪਾਰਟੀ) ਤੇ ਫਖ਼ਰ ਹੈ ਕਿ ਅਸਾਂ ਜਰਮਨੀ ਜਾਂ ਕਿਸੇ ਹੋਰ ਤਾਕਤ ਦਾ ਇਕ ਪੈਸਾ ਵੀ ਮੇਰੀ ਪ੍ਰਧਾਨਗੀ ਦੇ ਸਮੇਂ ਵਿਚ ਨਹੀਂ ਲਿਆ। ਪਾਰਟੀ ਦੇ ਮੈਂਬਰਾਂ ਦੀ ਤਿਆਗ ਭਾਵਨਾ ਦਾ ਸਬੂਤ ਇਕ ਨਿੱਕੀ ਜਿਹੀ ਘਟਨਾ ਤੋਂ ਮਿਲਦਾ ਹੈ। ਇਕ ਵਾਰ ਆਇਰਲੈਂਡ ਦਾ ਇਕ ਇਨਕਲਾਬੀ ਸਾਡਾ ਦਫ਼ਤਰ ਤੇ ਛਾਪਾਖ਼ਾਨਾ ਵੇਖਣ ਆਇਆ। ਜਦੋਂ ਉਸ ਨੇ ਇਹ ਸੁਣਿਆ ਕਿ ਸਾਡੇ ਸਾਂਝੇ ਲੰਗਰ ਦਾ ਰੋਜ਼ਾਨਾ ਖਰਚ ਕੇਵਲ ਦੋ ਡਾਲਰ ਹੈ ਤਾਂ ਉਸਦੀ ਜਿਵੇਂ ਚੀਕ ਨਿਕਲ ਗਈ। ਅਸੀਂ ਕੇਵਲ ਡਬਲਰੋਟੀ ਖਰੀਦਦੇ ਸਾਂ ਤੇ ਸਬਜ਼ੀ-ਪਿਆਜ਼ ਸਾਨੂੰ ਇਕ ਸਾਥੀ ਦੇ ਫਾਰਮ ਤੋਂ ਮਿਲ ਜਾਂਦੇ ਸਨ। ਵਿਸਥਾਰ ਸੁਣ ਕੇ ਉਹ ਕਹਿਣ ਲੱਗਾ, ''ਹੈਂ ਐਨਾ ਤਿਆਗ? ਹੁਣ ਹਿੰਦੁਸਤਾਨ ਦੀ ਆਜ਼ਾਦੀ ਦੂਰ ਨਹੀਂ ਹੋ ਸਕਦੀ।''

ਬਾਬੂ ਹਰਨਾਮ ਸਿੰਘ ਦਾ ਸਿਆਟਲ ਅੱਡਾ, ਕੈਨੇਡਾ, ਉਰੇਗਨ ਵਾਸ਼ਿੰਗਟਨ ਤੇ ਕੈਲੀਫੋਰਨੀਆ ਤੋਂ ਲੈ ਕੇ ਕੈਨੇਡਾ ਤੱਕ ਇਕ ਮੁਹਾਜ਼ ਬਣ ਗਿਆ। ਇਸ ਕੜੀ ਨੂੰ ਮਿਲਾਣ ਵਿਚ ਬਾਬੂ ਹਰਨਾਮ ਸਿੰਘ ਨੇ ਕਾਫੀ ਮਦਦ ਦਿੱਤੀ। ਇਸ ਤੋਂ ਇਲਾਵਾ ਪ੍ਰੋਫੈਸਰ ਬਰਕਤ ਉਲਾਹ ਵਾਲਾ ਅੱਡਾ (ਜਾਪਾਨ) ਵੀ ਕਾਫੀ ਮਜ਼ਬੂਤ ਸੀ। ਚੀਨ, ਹਾਂਗਕਾਂਗ ਤੇ ਸ਼ੰਘਾਈ ਤੋਂ ਅਮਰੀਕਾ ਆਏ ਹੋਏ ਭਾਈ ਨਿਹਾਲ ਸਿੰਘ ਚੁੱਘਾ ਨੇ ਆਪਣੇ ਦੋਸਤਾਂ ਨੂੰ ਚਿੱਠੀ ਪੱਤਰ ਰਾਹੀਂ ਪ੍ਰੇਰ ਕੇ ਕਾਫੀ ਕੰਮ ਕੀਤਾ। ਡਾਕਟਰ ਮਥਰਾ ਸਿੰਘ ਦਾ ਚੀਨ ਦੇ ਇਨਕਲਾਬੀਆਂ ਨਾਲ ਕਾਫੀ ਮੇਲ ਜੋਲ ਸੀ ਤੇ ਹਿੰਦੀ ਵੀ ਇਹਨਾਂ ਦਾ ਆਦਰ ਕਰਦੇ ਸਨ। ਸ਼ੰਘਾਈ ਪੁਲਿਸ ਵਿਚ ਵੀ ਪਾਰਟੀ ਦੀ ਸ਼ਾਖ ਬਣ ਚੁੱਕੀ ਸੀ, ਜਿਸ ਵਿਚ ਭਾਈ ਗੁੱਜਰ ਸਿੰਘ ਭਕਨਾ ਤੇ ਉਹਨਾਂ ਦੇ ਸਾਥੀਆਂ ਨੇ ਕਾਫੀ ਕੰਮ ਕੀਤਾ।

ਹਾਂਗਕਾਂਗ ਦੇ ਤੋਪਖਾਨੇ ਵਿਚ ਮਾਸਟਰ ਊਧਮ ਸਿੰਘ ਰਹਿ ਚੁੱਕੇ ਸਨ। ਉਹਨਾਂ ਨੇ ਵੀ ਆਪਣੇ ਦੋਸਤਾਂ ਨੂੰ ਚਿੱਠੀ ਪੱਤਰ ਰਾਹੀਂ ਹਮਦਰਦ ਬਣਾ ਲਿਆ। (ਨੋਟ:- ਇੱਥੇ ਮੈਂ ਉਹ ਮੋਟੇ-ਮੋਟੇ ਹਾਲਾਤ ਬਿਆਨ ਕੀਤੇ ਹਨ ਜੋ ਇੱਥੇ ਜ਼ਰੂਰੀ ਹਨ ਤੇ ਜੋ ਮੇਰੇ ਸਾਹਮਣੇ ਵਾਪਰੇ ਹਨ। ਜ਼ਿਆਦਾ ਵਿਸਥਾਰ ਗਦਰ ਪਾਰਟੀ ਦੇ ਇਤਿਹਾਸ ਵਿਚੋਂ ਮਿਲ ਸਕਦਾ ਹੈ।)

ਭਾਈ ਭਗਵਾਨ ਸਿੰਘ ਜੋ ਹਾਂਗਕਾਂਗ ਦੇ ਗੁਰਦੁਆਰੇ ਵਿਚ ਗ੍ਰੰਥੀ ਸਨ, ਇਨਕਲਾਬੀ ਖਿਆਲ ਰੱਖਣ ਵਾਲੇ ਸਨ ਤੇ ਉਹਨਾਂ ਨੇ ਹਾਂਗਕਾਂਗ ਦੀ ਫੌਜ ਵਿਚ ਕਾਫੀ ਕੰਮ ਕੀਤਾ। ਇਸ ਤਰ੍ਹਾਂ ਸਿੰਗਾਪੁਰ, ਪੀਨਾਂਗ, ਬਰਮਾ ਤੇ ਸਿਆਮ ਵਿਚ ਵੀ ਸੋਹਨ ਲਾਲ ਪਾਠਕ ਤੇ ਉਹਨਾਂ ਦੇ ਸਾਥੀਆਂ ਨੇ ਬਹੁਤ ਅੱਛਾ ਕੰਮ ਕੀਤਾ। ਬਾਬੂ ਅਮਰ ਸਿੰਘ (ਇੰਜੀਨੀਅਰ) - ਜੋ ਜਰਮਨ ਕੰਪਨੀ ਹੇਠਾਂ ਸਿਆਮ ਵਿਚ ਰੇਲਵੇ ਲਾਈਨ ਵਿਛਾਉਣ ਦਾ ਕੰਮ ਕਰ ਰਹੇ ਸਨ- ਰਾਹੀਂ ਜਰਮਨ ਕੰਪਨੀ ਦੀ ਮਦਦ ਨਾਲ ਬਰਮਾ ਤੇ ਸਿਆਮ ਵਿਚ ਹਥਿਆਰ ਲਿਆਂਦੇ ਜਾ ਰਹੇ ਸਨ।

ਅਮਰੀਕਾ ਤੇ ਕੈਨੇਡਾ ਦੀਆਂ ਹੱਦਾਂ ਆਪੋ ਵਿਚ ਮਿਲਦੀਆਂ ਸਨ। ਖੁਫੀਆ ਤੌਰ 'ਤੇ ਆਦਮੀ ਇਕ ਤੋਂ ਦੂਜੇ ਪਾਸ ਆ ਜਾ ਸਕਦੇ ਸਨ। ਇੱਥੇ ਕੋਈ ਰੁਕਾਵਟ ਨਹੀਂ ਸੀ ਤੇ ਕੈਨੇਡਾ ਵਿਚ ਵੀ ਪਾਰਟੀ ਦੀਆਂ ਕਈ ਸ਼ਾਖ਼ਾਂ ਖੁੱਲ੍ਹ ਚੁੱਕੀਆਂ ਸਨ। ਚੰਦੇ ਆਉਂਦੇ ਤੇ ਪਾਰਟੀ ਦਾ ਅਖ਼ਬਾਰ ਤੇ ਹੋਰ ਸਾਹਿਤ ਵੀ ਨੇਮ ਨਾਲ ਪਹੁੰਚਦਾ ਸੀ। ਪਾਰਟੀ ਦੀਆਂ ਹਦਾਇਤਾਂ ਵੀ ਬਕਾਇਦਾ ਪਹੁੰਚਦੀਆਂ ਸਨ। ਦੂਸਰੇ ਟਾਪੂਆਂ ਨੂੰ ਛੱਡ ਕੇ ਅਮਰੀਕਾ ਵਿਚ ਕੈਲੀਫੋਰਨੀਆ ਅਤੇ ਕੈਨੇਡਾ ਸਮੇਤ, ਮੇਰੇ ਵਕਤ ਵਿਚ 72 ਸ਼ਾਖ਼ਾਂ ਸਨ ਜੋ ਬਕਾਇਦਾ ਕੰਮ ਕਰਦੀਆਂ ਸਨ।

ਲਾਲਾ ਹਰਦਿਆਲ- ਜਦ ਹਿੰਦੁਸਤਾਨ ਦੇ ਬਾਹਰਲੇ ਟਾਪੂਆਂ ਵਿਚ ਵੀ ਅੰਗਰੇਜ਼ ਦੇ ਵਿਰੁੱਧ ਪਾਰਟੀ ਨੇ ਇਕ ਜਾਲ ਵਿਛਾ ਦਿੱਤਾ ਤੇ ਸੀ. ਆਈ. ਡੀ. ਰਾਹੀਂ ਸਰਕਾਰ ਨੂੰ ਇਸ ਦੀ ਰਿਪੋਰਟ ਪਹੁੰਚੀ ਤਾਂ ਅੰਗਰੇਜ਼ੀ ਸਰਕਾਰ ਘਬਰਾ ਗਈ, ਉਸਨੇ ਦੋਸਤੀ ਦੀ ਸੰਧੀ ਅਨੁਸਾਰ ਅਮਰੀਕਨ ਸਰਕਾਰ ਤੇ ਦਬਾਅ ਪਾਇਆ ਕਿ ਉਹ ਗਦਰ ਪਾਰਟੀ ਦੇ ਕੰਮ ਨੂੰ ਬੰਦ ਕਰਾਏ। ਅੰਗਰੇਜ਼ੀ ਸਰਕਾਰ ਨੂੰ ਇਹ ਭੁਲੇਖਾ ਸੀ ਕਿ ਗਦਰ ਪਾਰਟੀ ਨੂੰ ਚਲਾਉਣ ਵਾਲਾ ਹਰਦਿਆਲ ਹੀ ਹੈ। ਲੇਕਿਨ ਬਾਅਦ ਵਿਚ ਉਹਨਾਂ ਦਾ ਇਹ ਭੁਲੇਖਾ ਲਹਿ ਗਿਆ। ਲਾਲਾ ਹਰਦਿਆਲ ਉਪਰ ਅਮਰੀਕਨ ਸਰਕਾਰ ਵੱਲੋਂ ਮੁਕੱਦਮਾ ਚਲਾਇਆ ਗਿਆ ਕਿ ਉਸ ਨੇ (ਪਾਰਟੀ ਵਿਚ ਆਉਣੋਂ ਪਹਿਲਾਂ) ਅਨਾਰਕਿਜ਼ਮ (ਅਰਾਜਕਤਾਵਾਦ) ਤੇ ਇਕ ਲੈਕਚਰ ਦਿੱਤਾ ਸੀ ਜੋ ਅਮਰੀਕਨ ਸਰਕਾਰ ਦੇ ਵਿਰੁੱਧ ਸੀ। ਲਾਲਾ ਹਰਦਿਆਲ ਦੇ ਵਰੰਟ ਨਿਕਲੇ ਤੇ ਪੁਲਿਸ ਦੇ ਵਰੰਟ ਲਿਆਉਣ ਤੇ ਪਾਰਟੀ ਨੇ ਇਕ ਹਜ਼ਾਰ ਡਾਲਰ ਦੀ ਨਕਦ ਜ਼ਮਾਨਤ ਦੇ ਕੇ ਅਦਾਲਤ ਵਿਚ ਪੇਸ਼ ਹੋਣ ਲਈ ਲਾਲਾ ਹਰਦਿਆਲ ਦੇ ਦਸਤਖ਼ਤ ਕਰਾ ਦਿੱਤੇ। ਅਮਰੀਕਨ ਅਖ਼ਬਾਰਾਂ ਨੇ ਅਮਰੀਕਨ ਸਰਕਾਰ ਦੇ ਵਿਰੁੱਧ ਅਤੇ ਹਰਦਿਆਲ ਦੇ ਹੱਕ ਵਿਚ ਬਹੁਤ ਕੁਝ ਲਿਖਿਆ। ਇੱਥੋਂ ਤੱਕ ਲਿਖਿਆ ਗਿਆ ਕਿ ਅਮਰੀਕਾ, ਅੰਗਰੇਜ਼ ਦੇ ਬੂਟ ਚੱਟ ਰਿਹਾ ਹੈ। ਮੁਲਕ ਦੀ ਜਮਹੂਰੀਅਤ ਨੂੰ ਬਦਨਾਮ ਕਰ ਰਿਹਾ ਹੈ। ਕਈ ਅਮਰੀਕਨ ਦੋਸਤਾਂ ਨੇ ਸਲਾਹ ਦਿੱਤੀ ਕਿ ਹੁਣ ਅਮਰੀਕਨ ਸਰਕਾਰ ਦੋਸਤੀ ਦੀ ਸੰਧੀ ਦੀ ਆੜ ਲੈ ਕੇ ਲਾਲਾ ਹਰਦਿਆਲ ਸਿੰਘ ਨੂੰ ਜ਼ਰੂਰ ਹੀ ਦੇਸ਼-ਨਿਕਾਲਾ ਦੇ ਦੇਵੇਗੀ। ਚੰਗਾ ਹੋਵੇ ਜੇ ਖੁਦ ਪਾਰਟੀ ਹੀ ਹਰਦਿਆਲ ਨੂੰ ਕਿਸੇ ਮਹਿਫੂਜ਼ ਜਗ੍ਹਾ ਭੇਜ ਦੇਵੇ। ਪਾਰਟੀ ਨੇ ਫੈਸਲਾ ਕੀਤਾ ਕਿ ਇਕ ਹਜ਼ਾਰ ਡਾਲਰ ਦੀ ਨਕਦ ਜ਼ਮਾਨਤ ਜ਼ਬਤ ਹੋਣ ਦਿੱਤੀ ਜਾਵੇ ਤੇ ਲਾਲਾ ਹਰਦਿਆਲ ਨੂੰ ਸਵਿਟਜ਼ਰਲੈਂਡ (ਯੂਰਪ) ਭੇਜ ਦਿੱਤਾ ਜਾਵੇ। ਸੋ ਇਸ ਤਰ੍ਹਾਂ ਹੀ ਕੀਤਾ ਗਿਆ ਤੇ ਸਾਰਾ ਬੰਦੋਬਸਤ ਕਰਕੇ ਲਾਲਾ ਹਰਦਿਆਲ ਨੂੰ ਸਵਿਟਜ਼ਰਲੈਂਡ ਭੇਜ ਦਿੱਤਾ ਗਿਆ। ਇਸ ਤੋਂ ਪਿਛੋਂ ਲਾਲਾ ਹਰਦਿਆਲ ਦਾ ਪਾਰਟੀ ਦੇ ਨਾਲ ਕੋਈ ਸਬੰਧ ਜਾਂ ਚਿੱਠੀ ਪੱਤਰ ਨਹੀਂ ਰਿਹਾ। ਪਰ ਲਾਲਾ ਹਰਦਿਆਲ ਦਾ ਸਾਢੇ ਪੰਜ ਮਹੀਨੇ ਦਾ ਅਖ਼ਬਾਰ ਸਬੰਧੀ ਤੇ ਦਫ਼ਤਰੀ ਕੰਮ ਗਦਰ ਪਾਰਟੀ ਦੇ ਇਤਿਹਾਸ ਵਿਚ ਹਮੇਸ਼ਾ ਜ਼ਿੰਦਾ ਰਹੇਗਾ।

**(ਨੋਟ:- ਹੋਰ ਵਿਸਥਾਰ ਲਈ ਗਦਰ ਪਾਰਟੀ ਦਾ ਇਤਿਹਾਸ ਵੇਖੋ।)**

ਲਾਲਾ ਹਰਦਿਆਲ ਪਿਛੋਂ ਭਾਈ (ਕਾਮਰੇਡ) ਸੰਤੋਖ ਸਿੰਘ ਜਨਰਲ ਸਕੱਤਰ ਤੇ ਲਾਲਾ ਜੀ ਦੀ ਜਗ੍ਹਾ ਕਮਿਸ਼ਨ ਦੇ ਮੈਂਬਰ ਚੁਣੇ ਗਏ। ਭਾਈ ਸੰਤੋਖ ਸਿੰਘ ਚੰਗੇ ਮਿਹਨਤੀ, ਇਮਾਨਦਾਰ ਤੇ ਸੂਝਵਾਨ ਸਾਥੀ ਸਨ। ਲਾਲਾ ਹਰਦਿਆਲ ਦੇ ਵੇਲੇ ਅਖ਼ਬਾਰ ਤੇ ਦਫ਼ਤਰ ਦਾ ਕੰਮ ਲਾਲਾ ਜੀ ਦੀ ਨਿਗਰਾਨੀ ਵਿਚ ਹੁੰਦਾ ਸੀ। ਪਰ ਹੁਣ ਕੰਮ ਇੰਨਾ ਵੱਧ ਗਿਆ ਸੀ ਕਿ ਉਰਦੂ, ਹਿੰਦੀ, ਪੰਜਾਬੀ, ਗੁਜਰਾਤੀ ਜ਼ਬਾਨਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਅਖ਼ਬਾਰ ਛਪਣ ਲੱਗਾ। ਇਸ ਲਈ ਇੰਤਜ਼ਾਮੀਆਂ ਕਮੇਟੀ ਨੇ ਕੰਮ ਦੀ ਸਹੂਲਤ ਲਈ ਇਸ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ। ਦਫ਼ਤਰ ਦਾ ਕੰਮ ਜਨਰਲ ਸਕੱਤਰ ਭਾਈ ਸੰਤੋਖ ਸਿੰਘ ਚਲਾਉਂਦੇ ਤੇ ਅਖ਼ਬਾਰ ਦਾ ਕੰਮ ਮੁੱਖ ਸੰਪਾਦਕ ਹਰਨਾਮ ਸਿੰਘ ਟੁੰਡੀ ਲਾਟ ਤੇ ਉਹਨਾਂ ਦੇ ਸਹਾਇਕ ਕਰਤਾਰ ਸਿੰਘ ਸਰਾਭਾ, ਰਾਮ ਚੰਦਰ ਤੇ ਸੋਹਣ ਲਾਲ ਪਾਠਕ। ਵਕਤ ਕੱਢ ਕੇ ਹੋਰ ਵਿਦਿਆਰਥੀ ਵੀ ਕੰਮ ਵਿਚ ਸਹਾਇਤਾ ਦਿੰਦੇ ਸਨ। ਅਖ਼ਬਾਰਾਂ ਭੇਜਣ ਦਾ ਕੰਮ ਪੰਡਤ ਜਗਤ ਰਾਮ ਦੀ ਨਿਗਰਾਨੀ ਵਿਚ ਹੁੰਦਾ ਸੀ ਤੇ ਉਹਨਾਂ ਦੀ ਸਹਾਇਤਾ ਲਈ ਇਕ ਕਮੇਟੀ ਸੀ।

ਪ੍ਰੈਸ ਦੇ ਇੰਚਾਰਜ ਬਸੰਤ ਸਿੰਘ (ਜ਼ਿਲ੍ਹਾ ਜਲੰਧਰ) ਸਨ ਤੇ ਉਹਨਾਂ ਦੇ ਨਾਲ ਇਕ ਕਮੇਟੀ ਸੀ ਜਿਸ ਵਿਚ ਕਰਤਾਰ ਸਿੰਘ (ਦੁੱਕੀ), ਪ੍ਰਿਥਵੀ ਸਿੰਘ ਤੇ ਹੋਰ ਸਾਥੀ ਸਨ।

ਗਦਰ ਪਾਰਟੀ ਦੇ ਜਨਤਕ ਖਰਚ ਤੇ ਆਮਦਨੀ ਦੀ ਰਿਪੋਰਟ ਹਰ ਮਹੀਨੇ ਛਪ ਕੇ ਸਥਾਨਕ ਕਮੇਟੀਆਂ ਨੂੰ ਪਹੁੰਚ ਜਾਂਦੀ ਸੀ। ਪਰ ਛਪਣੋਂ ਪਹਿਲਾਂ ਇੰਤਜ਼ਾਮੀਆਂ ਕਮੇਟੀ ਵਿਚ ਪੇਸ਼ ਹੋ ਕੇ ਪਾਸ ਹੁੰਦੀ ਸੀ ਤੇ ਫਿਰ ਛਪਦੀ ਸੀ। ਕਮਿਸ਼ਨ (ਤਿੰਨ ਮੈਂਬਰੀ ਖੁਫੀਆ ਕਮੇਟੀ) ਦਾ ਹਿਸਾਬ ਖੁਫੀਆ ਸੀ। ਜਦ ਵੀ ਕਮਿਸ਼ਨ ਖ਼ਰਚੇ ਤੋਂ ਖ਼ਾਲੀ ਸਮਝੇ ਉਹ ਰਿਪੋਰਟ ਤਾਂ ਹੀ ਪੇਸ਼ ਕਰੇ। ਇਹ ਹੱਕ ਕਮਿਸ਼ਨ ਨੂੰ ਪਾਰਟੀ ਨੇ ਦੇ ਰੱਖਿਆ ਸੀ।

ਲਾਲਾ ਹਰਦਿਆਲ ਬਾਰੇ ਜਿਹੜਾ ਅੰਗਰੇਜ਼ੀ ਸਰਕਾਰ ਦਾ ਖਿਆਲ ਸੀ ਕਿ ਲਾਲਾ ਜੀ ਦੇ ਨਿਕਲਣ ਪਿਛੋਂ ਗਦਰ ਪਾਰਟੀ ਖੁਦ-ਬਖੁਦ ਖਤਮ ਹੋ ਜਾਵੇਗੀ, ਗਲਤ ਨਿਕਲਿਆ। ਲਾਲਾ ਹਰਦਿਆਲ ਦੇ ਚਲੇ ਜਾਣ ਪਿਛੋਂ ਵੀ ਪਾਰਟੀ ਦੀ ਦਿਨ ਦੂਣੀ ਤੇ ਰਾਤ ਚੌਗੁਣੀ ਤਰੱਕੀ ਹੋਈ। ਇਸ ਦਾ ਕਾਰਨ ਸਾਫ ਹੀ ਸੀ- ਉਹ ਇਹ ਕਿ ਗਦਰ ਪਾਰਟੀ ਇਕ ਅਜਿਹੇ ਸੰਜੀਦਾ ਹਾਲਾਤ ਵਿਚੋਂ ਲੰਘ ਕੇ ਹੋਂਦ ਵਿਚ ਆਈ ਸੀ- ਜਿਸ ਨੇ ਇਸ ਦੇ ਮੈਂਬਰਾਂ ਨੂੰ ਅਮਲੀ ਤੌਰ 'ਤੇ ਗੁਲਾਮੀ ਦਾ ਅਹਿਸਾਸ ਕਰਾ ਦਿੱਤਾ ਸੀ। ਉਹ ਆਜ਼ਾਦੀ ਦੇ ਸੱਚੇ ਆਸ਼ਕ ਬਣ ਚੁੱਕੇ ਸਨ। ਉਹਨਾਂ ਇਕੋ ਹੀ ਸਬਕ ਗ੍ਰਹਿਣ ਕਰ ਲਿਆ ਸੀ- 'ਆਜ਼ਾਦੀ ਜਾਂ ਮੌਤ'। ਗਦਰ ਪਾਰਟੀ ਦਾ ਇਤਿਹਾਸ ਇਸਦਾ ਜਿਉਂਦਾ ਜਾਗਦਾ ਸਬੂਤ ਹੈ।

**ਰਾਮ ਚੰਦਰ ਪਸ਼ਾਉਰੀ:-** ਰਾਮ ਚੰਦਰ ਪਸ਼ਾਉਰੀ ਸੰਨ 1912 ਦੇ ਸਿਆਲ ਦੇ ਸ਼ੁਰੂ ਵਿਚ ਪਤਨੀ ਸਮੇਤ ਸੈਂਟਜੋਨ ਪੰਡਤ ਕਾਂਸ਼ੀ ਰਾਮ ਪਾਸ ਆ ਪਹੁੰਚਿਆ। ਇਹ ਆਪਣੇ ਆਪ ਨੂੰ ਕਿਸੇ ਹਿੰਦੂ ਅਖ਼ਬਾਰ ਦਾ ਸੰਪਾਦਕ ਵੀ ਦੱਸਦਾ ਸੀ ਤੇ ਇਹ ਵੀ ਕਹਿੰਦਾ ਸੀ ਕਿ ਮੈਂ ਅੰਗਰੇਜ਼ਾਂ ਵਿਰੁੱਧ ਕਈ ਲੇਖ ਲਿਖੇ ਜਿਸ ਕਰਕੇ ਅੰਗਰੇਜ਼ਾਂ ਨੇ ਵਾਰੰਟ ਕੱਢ ਦਿੱਤੇ ਤੇ ਮੈਂ ਫੜੇ ਜਾਣ ਦੀ ਬਜਾਏ ਦੇਸ਼ ਨਿਕਾਲੇ ਨੂੰ ਬਿਹਤਰ ਜਾਣ ਕੇ ਦੇਸ਼ ਛੱਡ ਦਿੱਤਾ। ਪੰਡਤ ਕਾਂਸ਼ੀ ਰਾਮ ਨੇ ਇਹਨੂੰ ਲੱਕੜੀ ਦੇ ਕੰਮ ਤੇ ਲਾ ਦਿੱਤਾ ਕਿਉਂਕਿ ਇਸ ਮਿਲ ਵਿਚ ਕਾਂਸ਼ੀ ਰਾਮ ਦਾ ਲੱਕੜੀ ਲਦਾਉਣ ਦਾ ਠੇਕਾ ਸੀ। ਅਮਰੀਕਾ ਵਿਚ ਬਰਫ ਪੈਣ ਕਰਕੇ ਬਹੁਤ ਸਰਦੀ ਹੁੰਦੀ ਹੈ ਜਿਸ ਨੂੰ ਰਾਮ ਚੰਦਰ ਦਾ ਦੁਬਲਾ ਪਤਲਾ ਸਰੀਰ ਝੱਲ ਨਾ ਸਕਿਆ ਤੇ ਬਿਮਾਰ ਪੈ ਗਿਆ। ਉਸ ਦੇ ਹੱਥਾਂ ਦੀਆਂ ਉਂਗਲਾਂ ਆਕੜ ਗਈਆਂ ਤੇ ਕੰਮ ਕਰਨੋਂ ਰਹਿ ਗਿਆ। ਅਖੀਰ ਜੋ ਉਸ ਪਾਸ ਸੀ ਖਰਚ ਹੋ ਗਿਆ। ਪੰਡਤ ਕਾਂਸ਼ੀ ਰਾਮ ਨੇ ਦੋਹਾਂ (ਪਤੀ-ਪਤਨੀ) ਦਾ ਖਰਚ ਛੇ ਮਹੀਨੇ ਆਪਣੇ ਪਾਸੋਂ ਦਿੱਤਾ। ਆਖਿਰ ਕਦ ਤੱਕ ਦੂਸਰੇ ਦਾ ਭਾਰ ਚੁੱਕਿਆ ਜਾ ਸਕਦਾ ਹੈ ਤੇ ਉਹ ਵੀ ਅਮਰੀਕਾ ਵਿਚ? ਪੰਡਤ ਕਾਂਸ਼ੀ ਰਾਮ ਨੇ ਮੈਨੂੰ ਖ਼ਤ ਲਿਖਿਆ ਜਿਸ ਵਿਚ ਰਾਮ ਚੰਦਰ ਦੀ ਬਿਮਾਰੀ ਦਾ ਜ਼ਿਕਰ ਕੀਤਾ। ਮੈਂ ਸੈਂਟਜੋਨ ਪਹੁੰਚਿਆ ਤੇ ਰਾਮ ਚੰਦਰ ਦੀ ਹਾਲਤ ਵੇਖੀ। ਰਾਮ ਚੰਦਰ ਰੋ ਪਿਆ। ਮੈਂ ਉਸਨੂੰ ਦਿਲਾਸਾ ਦਿੱਤਾ ਤੇ ਵਾਪਸ ਮਨਾਰਕ ਮਿੱਲ ਪਹੁੰਚ ਕੇ ਹੱਥੋ-ਹੱਥ ਇਕ ਸੌ ਡਾਲਰ ਇਕੱਠਾ ਕਰਕੇ ਊਧਮ ਸਿੰਘ ਕਸੇਲ ਦੇ ਹੱਥ ਭੇਜ ਦਿੱਤਾ। ਪਰ ਇਲਾਜ ਨਾਲ ਵੀ ਉਹ ਠੀਕ ਨਾ ਹੋਇਆ ਤੇ ਡਾਕਟਰਾਂ ਸਲਾਹ ਦਿੱਤੀ ਕਿ ਇਹਨੂੰ ਗਰਮ ਥਾਂ ਤੇ ਰਹਿਣ ਨਾਲ ਸ਼ਾਇਦ ਆਰਾਮ ਆ ਜਾਵੇ।

ਇੰਨੇ ਤੱਕ ਦਫ਼ਤਰ ਸ਼ੁਰੂ ਹੋ ਚੁੱਕਿਆ ਸੀ। ਕਾਂਸ਼ੀ ਰਾਮ ਤੇ ਮੈਂ ਲਾਲਾ ਹਰਦਿਆਲ ਨੂੰ ਰਾਮ ਚੰਦਰ ਬਾਰੇ ਲਿਖਿਆ। ਉਹਨਾਂ ਕਿਹਾ ਕਿ ਭੇਜ ਦਿਓ। ਦੋਹਾਂ ਪਤੀ-ਪਤਨੀ ਨੂੰ ਸਾਨ ਫਰਾਂਸਿਸਕੋ ਯੁਗਾਂਤਰ ਆਸ਼ਰਮ ਭੇਜ ਦਿੱਤਾ। ਲਾਲਾ ਹਰਦਿਆਲ ਨੇ ਇਕ ਕਮਰਾ ਵੀ ਉਹਨਾਂ ਨੂੰ ਦੇ ਦਿੱਤਾ। ਅਸਾਂ ਨਾਲ ਜੀ ਨੂੰ ਇਹ ਵੀ ਲਿਖ ਭੇਜਿਆ ਸੀ ਕਿ ਇਹਦੀ ਦਵਾਈ ਅਤੇ ਖਾਣੇ ਦਾ ਖਰਚ ਤੁਸੀਂ ਪਾਰਟੀ ਫੰਡ ਵਿਚੋਂ ਕਰ ਸਕਦੇ ਹੋ। ਉਹਨਾਂ ਨੇ ਸਭ ਬੰਦੋਬਸਤ ਠੀਕ ਕਰ ਦਿੱਤਾ। ਇੱਥੋਂ ਤੱਕ ਉਸਦੀ ਪਤਨੀ ਨੂੰ ਨਾਈਟ ਸਕੂਲ ਵਿਚ ਪੜ੍ਹਨ ਲਈ ਦਾਖ਼ਲ ਕਰਾ ਦਿੱਤਾ। ਹੁਣ ਰਾਮ ਚੰਦਰ ਦੀਆਂ ਉਂਗਲਾਂ ਵੀ ਕੁਝ ਕੰਮ ਕਰਨ ਲੱਗੀਆਂ ਤੇ ਲਾਲਾ ਹਰਦਿਆਲ ਦੇ ਜਾਣ ਪਿਛੋਂ ਅਖ਼ਬਾਰ ਵਿਚ ਇਸ ਨੂੰ ਕੰਮ ਵੀ ਦਿੱਤਾ ਗਿਆ। ਜਦ ਮੈਂ ਆਸ਼ਰਮ ਤੋਂ ਹਿੰਦੁਸਤਾਨ ਨੂੰ ਆਪਣੀ ਡਿਊਟੀ ਲਈ ਚਲਿਆ ਤਾਂ ਰਾਮ ਚੰਦਰ ਦੀ ਹਾਲਤ ਵੀ ਠੀਕ ਹੋ ਗਈ ਸੀ ਤੇ ਅਖ਼ਬਾਰ ਵਿਚ ਕੰਮ ਵੀ ਕਰਦਾ ਸੀ। (ਨੋਟ:- ਬਾਅਦ ਵਿਚ ਜੋ ਉਸ ਦਾ ਹਸ਼ਰ ਹੋਇਆ ਉਹ ਗਦਰ ਪਾਰਟੀ ਦੇ ਇਤਿਹਾਸ ਵਿਚ ਬਿਆਨ ਕੀਤਾ ਗਿਆ ਹੈ, ਕਿਉਂਕਿ ਇੱਥੇ ਮੇਰਾ ਮਤਲਬ ਇਤਿਹਾਸ ਲਿਖਣਾ ਨਹੀਂ, ਆਪਣਾ ਜੀਵਨ ਸੰਗਰਾਮ ਲਿਖਣਾ ਹੈ।)

**ਫੌਜੀ ਸਿੱਖਿਆ:-** ਹੁਣ ਲਾਲਾ ਹਰਦਿਆਲ ਦੇ ਚਲੇ ਜਾਣ ਪਿਛੋਂ ਮੈਂ ਬਹੁਤਾ ਵਕਤ ਆਸ਼ਰਮ ਨੂੰ ਹੀ ਦੇਣ ਲੱਗ ਪਿਆ। ਦਫ਼ਤਰ ਦੇ ਕੰਮ ਤੋਂ ਇਲਾਵਾ ਭਾਈ ਸੰਤੋਖ ਸਿੰਘ ਨੇ ਜਥੇਬੰਦੀ ਦੇ ਕੰਮ ਵਿਚ ਵੀ ਕਾਫੀ ਹੱਥ ਵੰਡਾਇਆ। ਅਖ਼ਬਾਰੀ ਪ੍ਰਚਾਰ ਪਿਛੋਂ ਜਥੇਬੰਦੀ ਦੀ ਲੋੜ ਹੁੰਦੀ ਹੈ ਅਤੇ ਜਥੇਬੰਦੀ ਪਿਛੋਂ ਅਮਲ ਦੀ। ਇਸ ਲਈ ਕਮਿਸ਼ਨ ਨੇ ਅਮਲੀ ਤਿਆਰੀ ਵੱਲ ਧਿਆਨ ਦਿੱਤਾ ਅਤੇ ਆਉਣ ਵਾਲੇ ਸਮੇਂ ਵਿਚ ਹਵਾਈ ਤਾਕਤ ਦੀ ਮਹਾਨਤਾ ਨੂੰ ਮਹਿਸੂਸ ਕੀਤਾ। ਨਾਲ ਹੀ ਫੌਜੀ ਸਿਖਲਾਈ ਦਾ ਪ੍ਰੋਗਰਾਮ ਬਣਾਇਆ। ਦੋ ਜਰਨੈਲ, ਕਰਤਾਰ ਸਿੰਘ ਸਰਾਭਾ ਤੇ ਮਾਸਟਰ ਊਧਮ ਸਿੰਘ ਚੁਣੇ ਗਏ। ਕਰਤਾਰ ਸਿੰਘ ਨੂੰ ਹਵਾਈ ਜਹਾਜ਼ ਉਡਾਉਣ ਦੀ ਸਿਖਲਾਈ ਲਈ ਇਕ ਜਰਮਨ ਕੰਪਨੀ ਕੋਲ ਸਾਨਫਰਾਂਸਿਸਕੋ ਦੇ ਜਰਮਨ ਕੌਂਸਲਰ ਰਾਹੀਂ ਭੇਜਿਆ। ਇਹ ਜਰਮਨ ਕੌਂਸਲਰ ਨਾਲ ਪਹਿਲੀ ਗੱਲਬਾਤ ਸੀ- ਜਿਹੜੀ ਭਾਈ ਸੰਤੋਖ ਸਿੰਘ ਰਾਹੀਂ ਹੋਈ। ਮਾਸਟਰ ਊਧਮ ਸਿੰਘ ਹਾਂਗਕਾਂਗ ਦੇ ਤੋਪਖਾਨੇ ਵਿਚ ਨੌਕਰੀ ਕਰ ਚੁੱਕੇ ਸਨ ਤੇ ਨਿਸ਼ਾਨੇਬਾਜ਼ੀ ਤੇ ਫੌਜੀ ਵਿਦਿਆ ਦੇ ਦੂਜੇ ਢੰਗਾਂ ਦੇ ਵੀ ਉਸਤਾਦ ਸਨ। ਫੌਜੀ ਕੰਮ ਸਿੱਖਣ ਵਾਲੇ ਜਥੇ ਨੂੰ ਮਾਸਟਰ ਊਧਮ ਸਿੰਘ ਦੇ ਸਪੁਰਦ ਕੀਤਾ ਗਿਆ ਜਿਹੜਾ ਭਾਈ ਸੰਤੋਖ ਸਿੰਘ ਤੇ ਭਾਈ ਜਵਾਲਾ ਸਿੰਘ ਦੇ ਫਾਰਮਾਂ ਤੇ ਕੰਮ ਸਿੱਖਣ ਲੱਗਾ। ਬੰਬ ਬਣਾਉਣ ਤੇ ਪੁਲ ਉਡਾਉਣ ਵਾਲੇ ਦਾਰੂ (ਡਾਈਨਾਮਾਈਟ) ਤਿਆਰ ਕਰਨ ਵਾਲੇ ਕੰਮ ਨੂੰ ਸਿਖਾਉਣ ਲਈ ਇਕ ਆਇਰਿਸ਼ ਇਨਕਲਾਬੀ ਦੇਸ਼ ਭਗਤ ਨੇ ਜਿੰਮੇਵਾਰੀ ਲਈ, ਜਿਸ ਦੀ ਨਿਸ਼ਾਨੀ ਭਾਈ

(ਬਾਕੀ ਸਫ਼ਾ 12 ਤੇ)

# ਡਾ. ਅੰਬੇਡਕਰ ਅਤੇ ਦਲਿਤ ਮੁਕਤੀ ਅੰਦੋਲਨ



ਡਾ. ਰੌਣਕੀ ਰਾਮ
ਡੀਨ, ਆਰਟਸ ਫੈਕਲਟੀ
ਆਨਰੇਰੀ ਡਾਇਰੈਕਟਰ, ਆਈ. ਸੀ. ਐਸ. ਐਸ. ਆਰ
ਸ਼ਹੀਦ ਭਗਤ ਸਿੰਘ ਪ੍ਰੋਫੈਸਰ ਆਫ ਪੋਲੀਟੀਕਲ ਸਾਇੰਸ
ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ (91-977-914-2308)

**(ਦੂਜੀ ਕਿਸਤ)**

ਉਹ ਸਰਾਂ ਤੋਂ ਸਵੇਰੇ 10 ਵਜੇ ਦਫਤਰ ਜਾਂਦੇ ਅਤੇ ਰਾਤ ਦੇ 8 ਵਜੇ ਦੇ ਕਰੀਬ ਵਾਪਸ ਮੁੜਦੇ ਸਨ। 11ਵੇਂ ਦਿਨ ਜਦੋਂ ਉਹ ਨਾਸ਼ਤਾ ਕਰਕੇ ਦਫਤਰ ਜਾਣ ਵਾਲੇ ਸਨ ਤਾਂ ਇਕ ਦਰਜਨ ਹੱਟੇ-ਕੱਟੇ ਪਾਰਸੀਆਂ, ਜਿਨ੍ਹਾਂ ਦੇ ਹੱਥਾਂ ਵਿੱਚ ਲਾਠੀਆਂ ਸਨ, ਨੇ ਉਨ੍ਹਾਂ ਨੂੰ ਘੇਰ ਲਿਆ। ਇਨ੍ਹਾਂ ਪਾਰਸੀਆਂ ਨੂੰ ਡਾ. ਅੰਬੇਡਕਰ ਦੇ ਮਹਾਰ ਹੋਣ ਦਾ ਪਤਾ ਲੱਗ ਚੁੱਕਾ ਸੀ। ਉਹ ਉਨ੍ਹਾਂ ਨਾਲ ਪਾਰਸੀ ਸਰਾਂ ਨੂੰ ਭਿੱਟ ਦੇਣ ਕਾਰਨ ਗਾਲੀ-ਗਲੋਚ ਕਰ ਰਹੇ ਸਨ। ਅੰਬੇਡਕਰ ਨੇ ਉਨ੍ਹਾਂ ਅੱਗੇ ਵਾਸਤਾ ਪਾਇਆ ਕਿ ਤੁਸੀਂ ਮੈਨੂੰ ਇਕ ਹਫ਼ਤਾ ਇਸ ਸਰਾਂ ਵਿੱਚ ਹੋਰ ਰੁਕਣ ਦਿਓ ਅਤੇ ਇਸੇ ਦੌਰਾਨ ਉਹ ਮੰਤਰੀ ਵਲੋਂ ਕੋਠੀ ਮਿਲ ਜਾਣ ਤੇ ਸਰਾਂ ਖਾਲੀ ਕਰਕੇ ਉਥੇ ਚਲੇ ਜਾਣਗੇ ਪਰੰਤੂ ਪਾਰਸੀਆਂ ਨੇ ਉਨ੍ਹਾਂ ਦੀ ਇਕ ਨਾ ਸੁਣੀ ਅਤੇ ਉਨ੍ਹਾਂ ਨੂੰ ਸ਼ਾਮ ਤਕ ਕਮਰਾ ਖਾਲੀ ਕਰਨ ਲਈ ਦਬਾਅ ਪਾਇਆ। ਇਸ ਘਟਨਾ ਨੇ ਉਨ੍ਹਾਂ ਦਾ ਦਿਲ ਤੋੜ ਦਿਤਾ। ਇਸ ਉਪਰੰਤ ਉਹ ਬੜੌਦਾ ਰਿਆਸਤ ਵਿੱਚ ਆਪਦੇ ਜਾਣੂਆਂ ਕੋਲ ਰਹਿਣ ਵਾਸਤੇ ਜਾਂ ਉਨ੍ਹਾਂ ਦੇ ਰਹਿਣ ਦਾ ਪ੍ਰਬੰਧ ਕਰਾਉਣ ਲਈ ਗਏ। ਉਨ੍ਹਾਂ ਦੀ ਬੜੌਦਾ ਰਿਆਸਤ ਵਿੱਚ ਕਿਸੇ ਅਛੂਤ ਨਾਲ ਕੋਈ ਜਾਣ-ਪਛਾਣ ਨਹੀਂ ਸੀ। ਜਿਹੜੇ ਦੋ ਪਰਿਵਾਰ ਜਾਣਦੇ ਸਨ ਉਨ੍ਹਾਂ ਵਿੱਚ ਇਕ ਹਿੰਦੂ ਅਤੇ ਦੂਜਾ ਭਾਰਤੀ ਈਸਾਈ ਸੀ। ਹਿੰਦੂ ਨੇ ਤਾਂ ਉਨ੍ਹਾਂ ਨੂੰ ਇਸ਼ਾਰਿਆਂ ਨਾਲ ਹੀ ਸਮਝਾ ਦਿਤਾ ਕਿ ਉਹ ਉਨ੍ਹਾਂ ਦੇ ਘਰ 'ਚ ਨਹੀਂ ਠਹਿਰ ਸਕਦੇ ਅਤੇ ਉਨ੍ਹਾਂ ਦੇ ਈਸਾਈ ਮਿੱਤਰ ਨੇ ਜਿਸ ਦਾ ਈਸਾਈ ਬਣਨ ਤੋਂ ਪਹਿਲਾਂ ਬ੍ਰਾਹਮਣ ਪਰਿਵਾਰ ਨਾਲ ਸੰਬੰਧ ਸੀ, ਨੇ ਆਪਣੀ ਪਤਨੀ ਦਾ ਵਾਸਤਾ ਪਾ ਕੇ ਆਪਣੇ ਘਰ ਵਿੱਚ ਰੱਖਣ ਤੋਂ ਇਨਕਾਰ ਕਰ ਦਿਤਾ। ਸ਼ਾਮ ਦੇ 4 ਵੱਜ ਚੁੱਕੇ ਸਨ। ਸਰਾਂ ਨੂੰ ਛੱਡਣ ਦਾ ਸਮਾਂ ਵੀ ਨਜ਼ਦੀਕ ਆ ਰਿਹਾ ਸੀ ਅਤੇ ਉਨ੍ਹਾਂ ਪਾਸ ਹੋਰ ਕੋਈ ਰਹਿਣ ਦਾ ਟਿਕਾਣਾ ਵੀ ਨਹੀਂ ਸੀ। ਅਜਿਹੇ ਹਲਾਤਾਂ ਵਿੱਚ ਉਨ੍ਹਾਂ ਪਾਸ ਸਿਵਾਏ ਬੰਬਈ ਪਰਤ ਜਾਣ ਤੋਂ ਕੋਈ ਚਾਰਾ ਨਹੀਂ ਸੀ। ਬੰਬਈ ਨੂੰ ਜਾਣ ਵਾਲੀ ਰੇਲਗੱਡੀ ਨੇ ਰਾਤ ਦੇ 9 ਵਜੇ ਰਵਾਨਾ ਹੋਣਾ ਸੀ। ਇਸ ਦਾ ਮਤਲਬ ਕਿ ਉਨ੍ਹਾਂ ਪਾਸ ਬੜੌਦਾ ਤੋਂ ਬੰਬਈ ਨੂੰ ਰਵਾਨਾ ਹੋਣ ਲਈ ਪੰਜ ਘੰਟੇ ਦਾ ਸਮਾਂ ਸੀ। ਪਰੰਤੂ ਹੁਣ ਸਵਾਲ ਇਹ ਸੀ ਕਿ ਉਹ ਇਹ ਪੰਜ ਘੰਟੇ ਕਿਥੇ ਬੀਤਾਉਂਦੇ ਅਗਰ ਸਰਾਂ ਵਿੱਚ ਜਾਂਦੇ ਤਾਂ ਉਥੇ ਪਾਰਸੀਆਂ ਵਲੋਂ ਹਮਲੇ ਦਾ ਡਰ ਸੀ। ਇਸ ਸਭ ਨੂੰ ਦੇਖਦੇ ਹੋਏ ਡਾ. ਅੰਬੇਡਕਰ ਨੇ ਸ਼ਹਿਰ ਦੀ ਬਾਹਰਲੀ ਸੀਮਾ ਉਤੇ ਸਥਿਤ ਕਾਮਠੀ ਬਾਗ ਵਿੱਚ ਇਹ ਪੰਜ ਘੰਟੇ ਗੁਜ਼ਾਰਨ ਦਾ ਫੈਸਲਾ ਕੀਤਾ। ਉਚ ਵਿਦਿਆ ਪ੍ਰਾਪਤ ਕਰਨ ਉਪਰੰਤ ਬੜੌਦਾ ਮਹਾਰਾਜੇ ਦੀ ਰਿਆਸਤ ਵਿੱਚ ਉਚ ਅਹੁਦੇ ਤੇ ਲੱਗਣ ਤੋਂ ਬਾਅਦ ਵੀ ਉਨ੍ਹਾਂ ਨਾਲ ਇਸ ਤਰ੍ਹਾਂ ਦਾ ਬਦਸਲੂਕ ਕਿਉਂ ਹੋਇਆ ਇਸ ਸੋਚ ਨੇ ਉਨ੍ਹਾਂ ਨੂੰ ਅੱਠ ਵਜੇ ਤੱਕ ਬੁਖਲਾਈ ਰੱਖਿਆ। ਉਨ੍ਹਾਂ ਨੇ ਬਾਗ ਤੋਂ ਬਾਹਰ ਆ ਕੇ ਤਾਂਗਾ ਕਿਰਾਏ ਤੇ ਲਿਆ ਅਤੇ ਸਰਾਂ ਪਹੁੰਚੇ। ਆਪਣਾ ਸਮਾਨ ਇਕੱਠਾ ਕੀਤਾ, ਕਮਰੇ ਦਾ ਬਿਲ ਅਦਾ ਕੀਤਾ ਅਤੇ ਰੇਲਵੇ ਸਟੇਸ਼ਨ ਲਈ ਰਵਾਨਾ ਹੋ ਗਏ। ਲਾਹੌਰੀ ਰਾਮ ਬਾਲੀ ਦੇ ਸ਼ਬਦਾਂ ਵਿੱਚ, ''ਆਪਣੇ ਸਮਾਨ ਦੀ ਗੱਠੜੀ ਬੰਨ੍ਹ ਕੇ, ਸਿਰ ਉਪਰ ਰੱਖ ਅੰਬੇਡਕਰ ਭੁੱਖਾ ਪਿਆਸਾ, ਥੱਕਿਆ ਹਾਰਿਆ ਅਤੇ ਉਦਾਸ ਇਕ ਰੁੱਖ ਦੇ ਹੇਠਾਂ ਬੈਠ ਗਿਆ। ਜ਼ਮੀਨ ਹੀ ਉਸ ਦੀ ਫਰਸ਼ ਸੀ ਅਤੇ ਅਸਮਾਨ ਉਸ ਦੀ ਸ਼ਰਣ। ਉਸ ਦੀਆਂ ਅੱਖਾਂ ਵਿੱਚ ਹੰਝੂ ਵਹਿਣ ਲੱਗੇ ਤਾਂ ਉਨ੍ਹਾਂ ਕਸਮ ਖਾਧੀ ਸੀ: 'ਮੈਂ ਜਿਸ ਵਰਗ ਵਿੱਚ ਪੈਦਾ ਹੋਇਆ ਹਾਂ ਜੇਕਰ ਉਸ ਵਰਗ ਦੀਆਂ ਗੁਲਾਮੀ ਦੀਆਂ ਬੇੜੀਆਂ ਨਾ ਕੱਟ ਸਕਿਆ ਤਾਂ ਮੈਂ ਪਿਸਤੌਲ ਦੀ ਗੋਲੀ ਮਾਰ ਕੇ ਆਪਣਾ ਜੀਵਨ ਖਤਮ ਕਰ ਲਵਾਂਗਾ'।

ਸਰਾਂ ਤੋਂ ਇਲਾਵਾ ਡਾ. ਅੰਬੇਡਕਰ ਨਾਲ ਜਿਸ ਤਰ੍ਹਾਂ ਦੀ ਬਦਸਲੂਕੀ ਬੜੌਦਾ ਰਿਆਸਤਾਂ ਦੇ ਚਪੜਾਸੀਆਂ ਅਤੇ ਅਫਸਰਾਂ ਨੇ ਕੀਤਾ ਉਹ ਵੀ ਕੋਈ ਘੱਟ ਨਹੀਂ ਸੀ। ਚਪੜਾਸੀ ਉਨ੍ਹਾਂ ਦੇ ਮੇਜ਼ ਤੇ ਫਾਇਲਾਂ ਦੂਰੋਂ ਹੀ ਸੁੱਟ ਦਿੰਦੇ ਸਨ। ਦਫ਼ਤਰ ਵਿੱਚ ਉਨ੍ਹਾਂ ਵਾਸਤੇ ਪਾਣੀ ਦਾ ਕੋਈ ਪ੍ਰਬੰਧ ਨਹੀਂ ਸੀ। ਇਨ੍ਹਾਂ ਹਾਲਾਤਾਂ 'ਚੋਂ ਗੁਜ਼ਰਦੇ ਹੋਏ ਬੜੇ ਦੁਖੀ ਤੇ ਬੇਚੈਨ ਮਨ ਨਾਲ ਅੰਬੇਡਕਰ ਨਵੰਬਰ 1917 ਦੇ ਅੱਧ ਵਿੱਚ ਬੰਬਈ ਪਰਤ ਆਉਂਦੇ ਹਨ। ਕੇਲੁਸਕਰ ਨੂੰ ਜਦੋਂ ਇਸ ਸਾਰੀ ਘਟਨਾ ਦਾ ਪਤਾ ਚਲਿਆ ਤਾਂ ਉਨ੍ਹਾਂ ਨੇ ਇਸ ਸਾਰੀ ਦਰਦਭਰੀ ਕਹਾਣੀ ਦਾ ਖੁਲਾਸਾ ਮਹਾਰਾਜਾ ਬੜੌਦਾ ਨਾਲ ਕੀਤਾ। ਕੁਲੇਸਕਰ ਨੇ ਆਪਣੇ ਇਕ ਮਿਤਰ ਜੋ ਬੜੌਦਾ ਵਿੱਚ ਪ੍ਰੋਫੈਸਰ ਸਨ ਅਤੇ ਅਗਾਂਹ ਵਧੂ ਵਿਚਾਰ ਰੱਖਦੇ ਸਨ, ਨੂੰ ਡਾ. ਅੰਬੇਡਕਰ ਨੂੰ ਆਪਣੇ ਘਰ ਵਿੱਚ ਪੈਸੇ ਲੈ ਕੇ ਰੱਖਣ ਲਈ ਮਨਾ ਲਿਆ। ਲੇਕਿਨ ਜਦੋਂ ਡਾ. ਅੰਬੇਡਕਰ ਦਵਾਰਾ ਬੜੌਦਾ ਪਹੁੰਚੇ ਤਾਂ ਉਨ੍ਹਾਂ ਨੂੰ ਕੁਲੇਸਕਰ ਦੇ ਜਾਣ-ਪਛਾਣ ਵਾਲੇ ਉਸ ਪ੍ਰੋਫੈਸਰ ਦਾ ਜਿਸ ਨੇ ਡਾ. ਅੰਬੇਡਕਰ ਨੂੰ ਪਨਾਹ ਦੇਣ ਲਈ ਹਾਮੀ ਭਰੀ ਸੀ, ਦਾ ਲਿਖਿਆ ਹੋਇਆ ਇਕ ਰੁੱਕਾ ਮਿਲਿਆ। ਜਿਸ ਵਿੱਚ ਲਿਖਿਆ ਹੋਇਆ ਸੀ ਕਿ ਉਹ ਉਨ੍ਹਾਂ ਦੇ ਘਰ ਨਾ ਆਉਣ ਕਿਉਂਕਿ ਉਸ ਦੀ ਪਤਨੀ ਉਸ ਨਾਲ ਰਜ਼ਾਮੰਦ ਨਹੀਂ ਹੈ। ਇਸ ਤੋਂ ਬਾਅਦ ਡਾ. ਅੰਬੇਡਕਰ ਬੜੌਦਾ ਨੂੰ ਸਦਾ ਲਈ ਅਲਵਿਦਾ ਕਹਿ ਆਏ।

ਉਪਰੋਕਤ ਘਟਨਾ ਨੂੰ ਲੈ ਕੇ ਜੋ ਚਰਚਾ ਆਲੋਚਨਾਤਮਕ ਦ੍ਰਿਸ਼ਟੀ ਤੋਂ ਹੋਣੀ ਚਾਹੀਦੀ ਸੀ ਉਹ ਹੁਣ ਤੱਕ ਸੰਬੰਧਤ ਪ੍ਰਾਪਤ ਲਿਖਤਾਂ ਵਿੱਚ ਹੋਈ ਨਹੀਂ ਮਿਲਦੀ। ਜਿਸ ਤਰ੍ਹਾਂ ਦੀ ਬਦਸਲੂਕੀ ਡਾ. ਅੰਬੇਡਕਰ ਨਾਲ ਬੜੌਦਾ ਰਿਆਸਤ ਵਿੱਚ ਹੋਈ ਉਸ ਨੂੰ ਵੱਖ-ਵੱਖ ਸੰਦਰਭਾਂ ਵਿੱਚ ਸਮਝਣ ਦੀ ਜ਼ਰੂਰਤ ਹੈ। ਅਜਿਹੀ ਸਮਝ ਸਾਨੂੰ ਡਾ. ਅੰਬੇਡਕਰ ਦੇ ਮੁਕਤੀ ਅੰਦੋਲਨ ਬਾਰੇ ਵੀ ਸਮਝ ਬਣਾਉਣ ਵਿੱਚ ਮੱਦਦਗਾਰ ਸਿੱਧ ਹੋਵੇਗੀ। ਡਾ. ਅੰਬੇਡਕਰ ਨਾਲ ਜਿਸ ਸਮੇਂ ਉਪਰੋਕਤ ਬਦਸਲੂਕੀ ਦੀ ਘਟਨਾ ਵਾਪਰਦੀ ਹੈ ਉਸ ਸਮੇਂ ਉਹ ਕੋਈ ਐਰਾ-ਗੈਰਾ ਬੇਪਛਾਣ ਆਮ ਅਖੌਤੀ ਅਛੂਤ ਨਹੀਂ ਸੀ। ਉਹ ਆਪਣੇ ਸਮੇਂ ਦਾ ਅਗਰ ਕਿਹਾ ਜਾਵੇ ਤਾਂ ਸਭ ਤੋਂ ਵਧ ਪੜ੍ਹਿਆ ਲਿਖਿਆ ਪ੍ਰਭਾਵਸ਼ਾਲੀ ਪ੍ਰਤੀਭਾ ਦਾ ਮਾਲਕ ਬੜੌਦਾ ਰਿਆਸਤ ਦਾ ਅਫ਼ਸਰ ਸੀ। ਜਿਸ ਤਰ੍ਹਾਂ ਉਨ੍ਹਾਂ ਨਾਲ ਬਦਸਲੂਕੀ ਹੋਈ ਇਹ ਨਾਮੁਮਕਨ ਹੈ ਕਿ ਉਸ ਬਾਰੇ ਮਹਾਰਾਜਾ ਬੜੌਦਾ ਨੂੰ ਕੋਈ ਖਬਰ ਨਾ ਹੋਈ ਹੋਵੇ। ਉਹ ਰਾਜਾ ਜਿਸ ਨੇ ਅੰਬੇਡਕਰ ਨੂੰ ਵਿਦੇਸ਼ ਵਿੱਚ ਪੜ੍ਹਨ ਲਈ ਵਜ਼ੀਫ਼ੇ ਵਾਸਤੇ ਚੁਣਿਆ ਹੋਵੇ ਅਤੇ ਜਿਸ ਨੂੰ ਉਸ ਨੇ ਆਪਣੀ ਹੀ ਰਿਆਸਤ ਵਿੱਚ ਅਫਸਰ ਬਣਾਇਆ ਹੋਵੇ ਉਸ ਨਾਲ ਅਜਿਹੀ ਬਦਸਲੂਕੀ ਹੋਵੇ ਅਤੇ ਉਨ੍ਹਾਂ ਤਮਾਮ ਹਿੰਦੂਆਂ ਜਿਨ੍ਹਾਂ ਨੇ ਅਜਿਹਾ ਦੁਰਵਿਹਾਰ ਕੀਤਾ ਹੋਵੇ, ਨੂੰ ਕੋਈ ਸਜ਼ਾ ਨਾ ਦਿੱਤੀ ਜਾਵੇ, ਇਕ ਅਜੀਬ ਗੱਲ ਜਾਪਦੀ ਹੈ। ਹੁਣ ਸਵਾਲ ਉਠਦਾ ਹੈ ਕਿ ਉਹ ਕਿਹੜੇ ਕਾਰਨ ਹੋ ਸਕਦੇ ਹਨ ਜਿਨ੍ਹਾਂ ਕਰਕੇ ਕਿ ਮਹਾਰਾਜਾ ਬੜੌਦਾ ਨੇ ਉਨ੍ਹਾਂ ਦੋਸ਼ੀਆਂ ਨੂੰ ਸਜ਼ਾ ਨਹੀਂ ਦਿਤੀ ਜਿਨ੍ਹਾਂ ਨੇ ਡਾ. ਅੰਬੇਡਕਰ ਨਾਲ ਬਦਸਲੂਕੀ ਕੀਤੀ ਸੀ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਭਾਵੇਂ ਮਹਾਰਾਜਾ ਬੜੌਦਾ ਅਛੂਤਾਂ ਦੇ ਪ੍ਰਤੀ ਹਮਦਰਦ ਸੀ ਅਤੇ ਉਹ ਉਨ੍ਹਾਂ ਦੀ ਜ਼ਿੰਦਗੀ ਨੂੰ ਖ਼ੁਸ਼ਹਾਲ ਵੀ ਬਣਾਉਣਾ ਚਾਹੁੰਦਾ ਸੀ ਪਰੰਤੂ ਉਸ ਵਿੱਚ ਇੰਨਾ ਸਾਹਸ ਨਹੀਂ ਸੀ ਕਿ ਉਹ ਇਹ ਸਭ ਕੁਝ ਕਰਦੇ ਹੋਏ ਸਵਰਨਾਂ ਨੂੰ ਉਨ੍ਹਾਂ ਵਲੋਂ ਅਛੂਤਾਂ ਤੇ ਕੀਤੇ ਹੋਏ ਤੇ ਕੀਤੇ ਜਾ ਰਹੇ ਜੁਲਮਾਂ ਦੀ ਠੋਕ ਵਜਾ ਕੇ ਸਜ਼ਾ ਦੇ ਦੇਵੇ। ਸ਼ਾਇਦ ਇਹੀ ਕਾਰਨ ਸੀ ਕਿ ਉਹ ਅੰਬੇਡਕਰ ਵਰਗੇ ਸਮਝਦਾਰ ਅਤੇ ਤੀਖਣ ਬੁੱਧੀ ਵਾਲੇ ਅਫਸਰ ਨੂੰ ਆਪਣੀ ਰਿਆਸਤ ਵਿੱਚ ਇੱਜ਼ਤ ਨਾਲ ਰੱਖਣ ਵਿੱਚ ਅਸਫਲ ਰਿਹਾ। ਇਸ ਘਟਨਾ ਦਾ ਦੂਸਰਾ ਪਹਿਲੂ ਇਹ ਹੈ ਕਿ ਡਾ. ਅੰਬੇਡਕਰ ਨੂੰ ਬੜੌਦੇ ਵਿਖੇ ਉਨ੍ਹਾਂ ਨਾਲ ਹੋਈ ਬਦਸਲੂਕੀ ਤੋਂ ਇਹ ਸਬਕ ਮਿਲ ਚੁੱਕਾ ਸੀ ਕਿ ਕਿਸੇ ਵੀ ਅਛੂਤ ਵਾਸਤੇ ਸਿਵਾਏ ਦਲਿਤ ਮੁਕਤੀ ਦੇ ਸੰਘਰਸ਼ ਤੋਂ ਕੋਈ ਹੋਰ ਵਿਕਲਪ ਨਹੀਂ ਹੈ। ਉਹ ਜਿੰਨਾ ਮਰਜ਼ੀ ਪੜ੍ਹ ਲਵੇ, ਉਚੀਆਂ ਤੋਂ ਉਚੀਆਂ ਵਿਦਿਆ ਦੀਆਂ ਡਿਗਰੀਆਂ ਹਾਸਲ ਕਰ ਲਵੇ, ਅਫਸਰੀਆਂ ਲੈ ਲਵੇ ਪਰ ਜਦ ਤਕ ਜਾਤਪਾਤ ਦਾ ਬੀਜਨਾਸ਼ ਨਹੀਂ ਹੋ ਜਾਂਦਾ ਉਸ ਨੂੰ ਦਲਿਤ ਮੁਕਤੀ ਦਾ ਸੰਘਰਸ਼ ਜਾਰੀ ਰੱਖਣਾ ਹੋਵੇਗਾ। ਡਾ. ਅੰਬੇਡਕਰ ਨੇ ਬੜੌਦਾ ਦੀ ਘਟਨਾ ਤੋਂ ਬਾਅਦ ਅਛੂਤ ਗੁਲਾਮੀ ਦੇ ਖਾਤਮੇ ਲਈ ਜੋ ਕਸਮ ਖਾਧੀ ਸੀ ਉਸ ਨੂੰ ਆਪਣੇ ਆਖਰੀ ਸਾਹਾਂ ਤਕ ਨਿਭਾਇਆ। ਜਿਸ ਬਾਰੇ ਅਸੀਂ ਇਸ ਅਧਿਆਇ ਦੇ ਹੇਠਲੇ ਭਾਗਾਂ ਵਿੱਚ ਚਰਚਾ ਕਰਾਂਗੇ।

*****

ਬੜੌਦਾ ਤੋਂ ਬੰਬਈ ਵਾਪਸ ਆ ਕੇ ਡਾ. ਅੰਬੇਡਕਰ ਨੇ ਇਕ-ਡੇਢ ਸਾਲ ਪਾਰਸੀ ਪਰਿਵਾਰਾਂ ਦੇ ਬੱਚਿਆਂ ਨੂੰ ਟਿਊਸ਼ਨ ਪੜ੍ਹਾ ਕੇ, ਸਟਾਕ ਅਤੇ ਸ਼ੇਅਰਜ਼ ਦੀ ਸਲਾਹਕਾਰ ਏਜੰਸੀ ਅਤੇ ਧੜਵਾਰ ਕਾਲਜ ਵਿੱਚ ਅਧਿਆਪਨ ਦੇ ਜ਼ਰੀਏ ਆਪਣੀ ਰੋਜ਼ੀ-ਰੋਟੀ ਦਾ ਤੋਰਾ ਤੋਰੀ ਰੱਖਿਆ। ਇਸ ਤੋਂ ਬਾਅਦ ਉਨ੍ਹਾਂ ਨੂੰ ਸਿਡਨਹਮ ਕਾਲਜ ਆਫ਼ ਕਮਰਸ ਬੰਬਈ ਵਿਖੇ ਦੋ ਸਾਲ ਲਈ ਪ੍ਰੋਫੈਸਰ ਦੀ ਨੌਕਰੀ ਮਿਲ ਗਈ, ਜੋ ਉਨ੍ਹਾਂ 11 ਨਵੰਬਰ 1918 ਵਿੱਚ ਸ਼ੁਰੂ ਕਰਕੇ 11 ਮਾਰਚ 1920 ਤੱਕ ਜਾਰੀ ਰੱਖੀ। ਨੌਕਰੀ ਕਰਨ ਦਾ ਉਨ੍ਹਾਂ ਦਾ ਮੁੱਖ ਉਦੇਸ਼ ਸੀ ਕੁਝ ਪੈਸੇ ਜਮ੍ਹਾਂ ਕਰਕੇ ਲੰਡਨ ਵਿੱਚ ਛੱਡੀ ਹੋਈ ਪੜ੍ਹਾਈ ਨੂੰ ਮੁਕੰਮਲ ਕਰਨਾ। ਉਨ੍ਹਾਂ ਬਾਰੇ ਸਿਡਨਹਮ ਕਾਲਜ ਵਿੱਚ ਨੌਕਰੀ ਦੇ ਸੰਬੰਧ ਵਿੱਚ ਲਿਖਦੇ ਹੋਏ ਪ੍ਰੋਫੈਸਰ ਐਡਵਰਡ ਕੈਨਨ, ਜੋ ਕਿ ਲੰਡਨ ਯੂਨੀਵਰਸਿਟੀ ਵਿੱਚ ਪੋਲੀਟੀਕਲ ਇਕਾਨਮੀ ਦੇ ਪ੍ਰੋ. ਸਨ, ਕਹਿੰਦੇ ਹਨ ਕਿ ਅੰਬੇਡਕਰ ਨੇ ਉਨ੍ਹਾਂ ਨੂੰ ਆਪਣੇ ਥੀਸਿਸ ਦੇ ਰਾਹੀਂ ਬਹੁਤ ਪ੍ਰਭਾਵਿਤ ਕੀਤਾ। ਉਹ ਇਕ ਵਿਲੱਖਣ ਯੋਗਤਾ ਦੇ ਮਾਲਕ ਹਨ। ਮੈਨੂੰ ਇਸ ਗੱਲ ਤੇ ਹੈਰਾਨਗੀ ਵੀ ਹੁੰਦੀ ਹੈ ਕਿ ਅਸਲ ਵਿੱਚ ਉਹ ਇਕ ਭਾਰਤੀ ਹੈ, ਉਸ ਦਾ ਚਰਿਤਰ ਸਗੋਂ ਕਿਸੇ ਸਕੌਟ-ਅਮਰੀਕਨ ਵਰਗਾ ਹੈ ਭਾਵੇਂ ਉਹ ਦੇਖਣ ਨੂੰ ਮੋਟਾ ਭਾਰਤੀ ਲਗਦਾ ਹੈ। ਸਿਡਨਹਮ ਕਾਲਜ ਪੜ੍ਹਾਉਂਦੇ ਹੋਏ ਅੰਬੇਡਕਰ ਨੇ ਆਪਣੇ ਵਿਦਵਤਾ ਭਰਪੂਰ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਪੜ੍ਹਾਉਣ ਦੇ ਢੰਗ ਰਾਹੀਂ ਵਿਦਿਆਰਥੀਆਂ ਦਾ ਮਨ ਜਿੱਤ ਲਿਆ। ਹੋਰ ਤਾਂ ਹੋਰ ਦੂਸਰੇ ਕਾਲਜਾਂ ਦੇ ਵਿਦਿਆਰਥੀ ਵੀ ਖਾਸ ਆਗਿਆ ਲੈ ਕੇ ਉਨ੍ਹਾਂ ਦੇ ਲੈਕਚਰ ਸੁਨਣ ਆਇਆ ਕਰਦੇ ਸਨ। ਉਹ ਬੰਬਈ ਦੇ ਸਕੂਲਾਂ ਅਤੇ ਕਾਲਜਾਂ ਵਿੱਚ ਇਕ ਪ੍ਰਸਿੱਧ ਅਧਿਆਪਕ ਵਜੋਂ ਜਾਣੇ ਜਾਣ ਲਗੇ ਪਰੰਤੂ ਇਸ ਦੇ ਬਾਵਜੂਦ ਵੀ ਉਹ ਛੂਤਛਾਤ ਦੀ ਬੀਮਾਰੀ ਦਾ ਸ਼ਿਕਾਰ ਹੁੰਦੇ ਰਹੇ, ਉਨ੍ਹਾਂ ਨਾਲ ਪ੍ਰੋਫੈਸਰਾਂ ਲਈ ਰਾਖਵੇਂ ਪਾਣੀ ਵਾਲੇ ਘੜੇ ਤੋਂ ਪਾਣੀ ਪੀਣ ਤੇ ਇਤਰਾਜ਼ ਕੀਤਾ ਜਾਂਦਾ ਸੀ।

ਡਾ. ਅੰਬੇਡਕਰ ਨੇ ਬੜੌਦਾ ਤੋਂ ਬੰਬਈ ਆਉਣ ਤੋਂ ਲੈ ਕੇ ਲੰਡਨ ਜਾਣ ਤਕ ਅਧਿਆਪਨ ਦੇ ਕਾਰਜ ਦੇ ਨਾਲ-ਨਾਲ ਦਲਿਤ ਮੁਕਤੀ ਵਾਸਤੇ ਵੀ ਆਪਣਾ ਯੋਗਦਾਨ ਪਾਇਆ। ਭਾਵੇਂ ਉਨ੍ਹਾਂ ਨੇ ਅਜੇ ਤੱਕ ਜੱਥੇਬੰਦਕ ਤੌਰ ਤੇ ਲਾਮਬੱਧ ਹੋ ਕੇ ਦਲਿਤ ਮੁਕਤੀ ਅੰਦੋਲਨ ਦੀ ਸ਼ੁਰੂਆਤ ਕਰਨੀ ਸੀ। ਫਿਰ ਵੀ ਉਨ੍ਹਾਂ ਨੇ ਦੋ ਜਾਤੀ ਕਾਨਫਰੰਸਾਂ ਵਿੱਚ ਭਾਗ ਲਿਆ ਅਤੇ ਉਨ੍ਹਾਂ ਨੇ ਕੋਹਲਾਪੁਰ ਦੇ ਮਹਾਰਾਜਾ ਸ੍ਰੀ ਸ਼ਾਹੂ ਜੀ ਮਹਾਰਾਜ ਦੀ ਮਦਦ ਨਾਲ ਜਨਵਰੀ 1920 ਨੂੰ ਮੂਕ ਨਾਇਕ ਨਾਂ ਦਾ ਇਕ ਪੰਦਰਾ ਰੋਜ਼ਾ ਅਖਬਾਰ ਜਾਰੀ ਕੀਤਾ। ਭਾਵੇਂ ਅੰਬੇਡਕਰ ਰਸਮੀ ਤੌਰ ਤੇ ਇਸ ਦੇ ਸੰਪਾਦਕ ਨਹੀਂ ਸਨ ਪਰ ਅਸਲ ਵਿੱਚ ਉਹ ਹੀ ਸੰਪਾਦਨ ਦਾ ਸਾਰਾ ਕਾਰਜ ਸੰਭਾਲਦੇ ਸਨ। ਇਸ ਰਸਾਲੇ ਦੇ ਪਲੇਠੇ ਅੰਕ ਵਿੱਚ ਉਨ੍ਹਾਂ ਨੇ ਹਿੰਦੂ ਸਮਾਜ ਬਾਰੇ ਚਰਚਾ ਕਰਦੇ ਹੋਏ ਲਿਖਿਆ ਸੀ ਕਿ ਇਹ ਇਕ ਅਜਿਹਾ ਮੀਨਾਰ ਹੈ ਜੋ ਹੈ ਤਾਂ ਕਈ ਮੰਜ਼ਲਾਂ ਵਾਲਾ ਪਰ ਉਸ ਨੂੰ ਨਾ ਤਾਂ ਕੋਈ ਪੌੜੀ ਹੈ ਅਤੇ ਨਾ ਹੀ ਕੋਈ ਦਰਵਾਜ਼ਾ। ਜੋ ਵੀ ਕੋਈ ਜਿਸ ਮੰਜ਼ਲ ਤੇ ਪੈਦਾ ਹੋਇਆ ਉਹ ਉਸ ਵਿੱਚ ਹੀ ਮਰ ਜਾਵੇਗਾ। ਉਨ੍ਹਾਂ ਅਨੁਸਾਰ ਹਿੰਦੂ ਸਮਾਜ ਦੇ ਤਿੰਨ ਭਾਗ ਹਨ- ਬ੍ਰਾਹਮਣ, ਗ਼ੈਰ ਬ੍ਰਾਹਮਣ ਅਤੇ ਅਛੂਤ। ਉਨ੍ਹਾਂ ਅਨੁਸਾਰ ਬ੍ਰਾਹਮਣਾਂ ਦਾ ਕੰਮ ਵਿਦਿਆ ਦੇਣਾ ਜਾਂ ਅਨਪੜ੍ਹਤਾ ਦੂਰ ਕਰਨਾ ਨਹੀਂ ਸਗੋਂ ਧਨ-ਦੌਲਤ ਜਮ੍ਹਾਂ ਕਰਨਾ ਅਤੇ ਅਜਾਰੇਦਾਰੀ ਕਾਇਮ ਕਰਨਾ ਹੈ। ਉਹ ਗ਼ੈਰ ਬ੍ਰਾਹਮਣਾ ਦਾ ਪਛੜੇਵਾਂ ਵਿਦਿਆ ਅਤੇ ਰਾਜ਼ਸੀ ਸ਼ਕਤੀ ਦੀ ਘਾਟ ਵਿੱਚ ਦੇਖਦੇ ਹਨ। ਉਨ੍ਹਾਂ ਅਨੁਸਾਰ ਅਛੂਤਾਂ ਨੂੰ ਇਸ ਗੱਲ ਦਾ ਅਨੁਭਵ ਕਰਾਉਣਾ ਪਵੇਗਾ ਕਿ ਉਹ ਗ਼ੁਲਾਮ ਪੱਛੜੇ ਅਤੇ ਅਤਿ ਮਜ਼ਲੂਮ ਹਨ। ਇਸੇ ਪਰਚੇ ਦੇ ਇਕ ਅੰਕ ਵਿੱਚ ਉਹ ਦਲਿਤ ਮੁਕਤੀ ਦੇ ਸਵਾਲ ਨੂੰ ਮੱਦੇਨਜ਼ਰ ਰੱਖਦੇ ਹੋਏ ਲਿਖਦੇ ਹਨ ਕਿ ਅਸਲੀ ਮੁੱਦਾ ਭਾਰਤ ਨੂੰ ਕੇਵਲ ਆਜ਼ਾਦ ਕਰਾਉਣਾ ਹੀ ਨਹੀਂ ਸਗੋਂ ਉਸ ਵਿੱਚ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਬਰਾਬਰੀ ਦਾ ਹੈ। ਜੇਕਰ ਬ੍ਰਾਹਮਣ ਬਰਤਾਨਵੀ ਸਰਕਾਰ ਦਾ ਵਿਰੋਧ ਇਸ ਲਈ ਕਰਦੇ ਹਨ ਕਿ ਉਨ੍ਹਾਂ ਨੂੰ ਉਸ ਵਿੱਚ ਬਰਾਬਰ ਦੇ ਹੱਕ ਹਕੂਕ ਨਹੀਂ ਹਨ ਤਾਂ ਕੀ ਅਛੂਤ ਬ੍ਰਾਹਮਣਾਂ ਦੀ ਸਮਾਜਿਕ ਵਿਤਕਰੇ ਵਾਲੀ ਹਕੂਮਤ ਨੂੰ ਬਰਦਾਸ਼ਤ ਕਰਨਗੇ। ਉਨ੍ਹਾਂ ਅਨੁਸਾਰ ਭਾਰਤੀ ਸਵਰਾਜ ਦਾ ਜੇ ਕੋਈ ਮਤਲਬ ਬਣਦਾ ਹੈ ਤਾਂ ਉਸ ਵਿੱਚ ਅਛੂਤਾਂ ਨੂੰ ਬਰਾਬਰ ਦੇ ਹੱਕਾਂ ਦੀ ਗੱਲ ਕਰਨੀ ਹੋਵੇਗੀ ਅਤੇ ਛੂਤ-ਛਾਤ ਤੋਂ ਛੁਟਕਾਰਾ ਪਾਉਣਾ ਹੋਵੇਗਾ। ਉਹਨਾਂ ਦਾ ਇਹ ਮੰਨਣਾ ਸੀ ਕਿ ਅੰਗਰੇਜ਼ ਸਰਕਾਰ ਦੀ ਹਕੂਮਤ ਵਲੋਂ ਮੁਹੱਈਆ ਕਰਵਾਈ ਗਈ ਹਿਫ਼ਾਜ਼ਤ ਹੀ ਅਛੂਤਾਂ ਨੂੰ ਸਵਰਨਾ ਦੇ ਅਤਿਆਚਾਰਾਂ ਤੋਂ ਬਚਾਏ ਰੱਖੀ ਆ ਰਹੀ ਹੈ। ਅਗਰ ਸਵਰਾਜ ਵਿੱਚ ਅਛੂਤਾਂ ਨੂੰ ਬੁਨਿਆਦੀ ਹੱਕਾਂ ਤੋਂ ਵੰਚਿਤ ਰੱਖਿਆ ਜਾਂਦਾ ਹੈ ਤਾਂ ਇਸ ਹਾਲਤ ਵਿੱਚ ਉਹਨਾਂ ਵਾਸਤੇ ਸਵਰਾਜ ਦੇ ਕੋਈ ਮਾਅਨੇ ਨਹੀਂ ਰਹਿ ਜਾਂਦੇ। ਸਗੋਂ ਅਜਿਹਾ ਸਵਰਾਜ ਆਪਣੇ ਆਪ ਵਿੱਚ ਇੱਕ ਨਵੇਂ ਤਰ੍ਹਾਂ ਦੀ ਗ਼ੁਲਾਮੀ ਹੋਵੇਗੀ। ਡਾ. ਅੰਬੇਡਕਰ ਨੇ ਸਵਰਾਜ ਬਾਰੇ ਚਰਚਾ ਕਰਦੇ ਹੋਏ ਇਸ ਗੱਲ ਤੇ ਜ਼ੋਰ ਦਿੱਤਾ ਕਿ ਇਸ ਤੋਂ ਪਹਿਲਾਂ ਕੀ ਸਵਰਨ ਸਵਰਾਜ ਦੀ ਮੰਗ ਕਰਨ ਉਨ੍ਹਾਂ ਨੂੰ ਅਛੂਤਾਂ, ਜੋ ਕਿ ਇਕੋ ਹੀ ਤਰ੍ਹਾਂ ਦੇ ਧਰਮ ਅਤੇ ਰੀਤੀ-ਰਿਵਾਜਾਂ ਦੇ ਧਾਰਨੀ ਹਨ, ਨੂੰ ਸਮਾਜਕ ਬਰਾਬਰਤਾ ਦਾ ਅਧਿਕਾਰ ਦੇਣਾ ਹੋਵੇਗਾ। ਜਿਨ੍ਹਾਂ ਸਵਰਾਜ ਲਈ ਹੱਕ ਬ੍ਰਾਹਮਣ ਦਾ ਹੈ ਉਨਾ ਹੀ ਮਹਾਰ ਦਾ ਹੈ। ਇਸ ਲਈ ਬ੍ਰਾਹਮਣਾਂ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਅਛੂਤਾਂ ਨੂੰ ਪੜ੍ਹਾ-ਲਿਖਾ ਕੇ ਸੁਚੇਤ ਕਰਨ ਅਤੇ ਉਨ੍ਹਾਂ ਦੇ ਜੀਵਨ ਵਿੱਚ ਤਰੱਕੀ ਦੀ ਉਮੰਗ ਪੈਦਾ ਕਰਨ। ਜਦ ਤੱਕ ਅਜਿਹੇ ਵਿਚਾਰਾਂ ਨੂੰ ਅਪਣਾ ਕੇ ਅਮਲੀ ਤੌਰ ਤੇ ਲਾਗੂ ਨਹੀਂ ਕੀਤਾ ਜਾਂਦਾ ਤਦ ਤੱਕ ਭਾਰਤ ਵਾਸਤੇ ਸਵਰਾਜ ਬਹੁਤ ਦੂਰ ਰਹੇਗਾ।

ਉਪਰੋਕਤ ਸਮੇਂ ਤਕ ਅੰਬੇਡਕਰ ਜਿਸ ਤਰ੍ਹਾਂ ਕਿ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ ਅਜੇ ਪੂਰੀ ਤਰ੍ਹਾਂ ਦਲਿਤ ਮੁਕਤੀ ਅੰਦੋਲਨ ਵਿੱਚ ਸਰਗਰਮ ਨਹੀਂ ਹੋਏ ਸਨ ਪਰੰਤੂ ਫਿਰ ਵੀ ਉਹ ਆਪਣੀ ਭਾਰਤੀ ਸਮਾਜ ਬਾਰੇ ਸਮਝ ਦੇ ਤਹਿਤ ਜਿਸ ਤਰ੍ਹਾਂ ਦੇ ਵਿਚਾਰ ਪੇਸ਼ ਕਰ ਰਹੇ ਸਨ ਉਨ੍ਹਾਂ ਚੋਂ ਦਲਿਤ ਮੁਕਤੀ ਦੇ ਸਹੀ ਮਾਰਗ ਦੀ ਝਲਕ ਪੈਂਦੀ ਸੀ। ਇਸੇ ਸਮੇਂ ਦੌਰਾਨ ਡਾ. ਅੰਬੇਡਕਰ ਦੀ ਕੋਹਲਾਪੁਰ ਦੇ ਸ਼ਾਹੂ ਜੀ ਮਹਾਰਾਜ ਨਾਲ ਵੀ ਨੇੜਤਾ ਹੋ ਚੁੱਕੀ ਸੀ। ਸ਼ਾਹੂ ਜੀ ਮਹਾਰਾਜ ਪੱਛੜੀਆਂ ਜਾਤੀਆਂ ਵਿੱਚ ਵਿਦਿਆ ਦੇ ਪ੍ਰਸਾਰ ਲਈ ਸਰਗਰਮ ਸਨ। ਉਹ ਛੂਤਛਾਤ, ਧਾਰਮਿਕ ਕੱਟੜਤਾ ਅਤੇ ਜਾਤੀ ਭੇਦਭਾਵ ਵਿਰੁੱਧ ਖੂਬ ਪ੍ਰਚਾਰ ਕਰਿਆ ਕਰਦੇ ਸਨ। ਬ੍ਰਾਹਮਣਵਾਦ ਅਤੇ ਪ੍ਰੋਹਤਵਾਦ ਦੇ ਉਹ ਕੱਟੜ ਆਲੋਚਕ ਸਨ। ਉਨ੍ਹਾਂ ਨੇ ਆਪਣੀ ਰਿਆਸਤ ਵਿੱਚ ਅਛੂਤਾਂ ਨੂੰ ਨੌਕਰੀਆਂ ਤੇ ਰੱਖਣਾ ਸ਼ੁਰੂ ਕੀਤਾ ਹੋਇਆ ਸੀ। ਉਹ ਅਛੂਤ ਵਿਦਿਆ, ਰਹਿਣ-ਸਹਿਣ ਅਤੇ ਖਾਣ ਦਾ ਪ੍ਰਬੰਧ ਵੀ ਕਰਦੇ ਸਨ। ਜਦੋਂ ਡਾ. ਅੰਬੇਡਕਰ ਦੂਜੀ ਵਾਰ ਲੰਡਨ ਵਿੱਚ ਆਪਣੀ ਪੜ੍ਹਾਈ ਪੂਰੀ ਕਰਨ ਗਏ ਤਾਂ ਉਨ੍ਹਾਂ ਨੇ ਕੁਝ ਮੱਦਦ ਮਹਾਰਾਜਾ ਕੋਹਲਾਪੁਰ ਤੋਂ ਵੀ ਲਈ ਸੀ। ਮਹਾਰਾਜਾ ਕੋਹਲਾਪੁਰ ਅੰਬੇਡਕਰ ਨੂੰ ਇੰਗਲੈਂਡ ਵਿੱਚ ਗ਼ੈਰ-ਬ੍ਰਾਹਮਣ ਜਾਤਾਂ ਦਾ ਪ੍ਰਤੀਨਿਧ ਮੰਨਦੇ ਸਨ ਅਤੇ ਉਨ੍ਹਾਂ ਤੋਂ ਇਹ ਆਸ ਰੱਖਦੇ ਸਨ ਕਿ ਉਹ ਇੰਗਲੈਂਡ ਵਿੱਚ ਗ਼ੈਰ-ਬ੍ਰਾਹਮਣ ਜਾਤਾਂ ਦੇ ਹਿੱਤਾਂ ਦੀ ਪੈਰਵੀ ਕਰਨ। ਪਰੰਤੂ ਅੰਬੇਡਕਰ ਕੋਲ ਇੰਗਲੈਂਡ ਵਿੱਚ ਸਿਵਾਏ ਆਪਣੀ ਅਧੂਰੀ ਛੱਡੀ ਹੋਈ ਪੜ੍ਹਾਈ ਨੂੰ ਪੂਰਾ ਕਰਨ ਤੋਂ ਕੋਈ ਹੋਰ ਰੁਝੇਵਾ ਨਹੀਂ ਸੀ। ਉਹ ਇੰਗਲੈਂਡ ਲਈ ਜੁਲਾਈ 1920 ਵਿੱਚ ਰਵਾਨਾ ਹੋਏ। ਉਨ੍ਹਾਂ ਨੇ ਸਤੰਬਰ 1920 ਵਿੱਚ ਲੰਡਨ ਸਕੂਲ ਆਫ ਇਕਨਾਮਿਕਸ ਵਿਖੇ ਆਪਣੀ ਪੜ੍ਹਾਈ ਨੂੰ ਫਿਰ ਤੋਂ ਸ਼ੁਰੂ ਕਰ ਲਿਆ ਅਤੇ ਇਸ ਦੇ ਨਾਲ ਹੀ ਗਰੇਜ਼ਇਨ ਵਿਖੇ ਕਾਨੂੰਨ ਦੀ ਪੜ੍ਹਾਈ ਵੀ ਮੁੜ ਕੇ ਜਾਰੀ ਕਰ ਦਿੱਤੀ। ਡਾ. ਅੰਬੇਡਕਰ ਨੇ ਆਪਣੀ ਪੜ੍ਹਾਈ ਨੂੰ ਪੂਰਾ ਕਰਨ ਲਈ ਦਿਨ-ਰਾਤ ਇੱਕ ਕਰ ਦਿੱਤਾ। ਉਹ ਬਹੁਤ ਹੀ ਘੱਟ ਪੈਸੇ ਨਾਲ ਆਪਣਾ ਗੁਜ਼ਾਰਾ ਕਰਦੇ ਸਨ। ਅਕਸਰ ਭੁੱਖੇ ਹੀ ਰਹਿੰਦੇ ਸਨ। ਅਸਲ ਵਿੱਚ ਉਨ੍ਹਾਂ ਨੂੰ ਪੜ੍ਹਾਈ ਪੂਰਾ ਕਰਨ ਤੋਂ ਇਲਾਵਾ ਹੋਰ ਕੋਈ ਵੀ ਦੁੱਖ ਬੁਖਲਾ ਸਕਣ ਤੋਂ ਅਸਮਰੱਥ ਸੀ। ਪੜ੍ਹਾਈ ਨੂੰ ਪੂਰਾ ਕਰਨ ਦੇ ਨਾਲ-ਨਾਲ ਕਾਫ਼ੀ ਮੁਸ਼ਕਿਲ ਆਰਥਿਕ ਹਾਲਾਤਾਂ ਚੋਂ ਗੁਜ਼ਰਦੇ ਹੋਏ ਵੀ ਡਾ. ਅੰਬੇਡਕਰ ਛੂਤ-ਛਾਤ ਦੇ ਖਾਤਮੇ ਵਾਸਤੇ ਜੋ ਵੀ ਅਭਿਆਨ ਭਾਰਤ ਵਿੱਚ ਚੱਲ ਰਿਹਾ ਸੀ ਉਸ ਬਾਰੇ ਪੂਰੀ ਖ਼ਬਰ ਰੱਖਦੇ ਸਨ ਅਤੇ ਆਪਣਾ ਮਸ਼ਵਰਾ ਵੀ ਭੇਜਦੇ ਰਹਿੰਦੇ ਸਨ। ਉਨ੍ਹਾਂ ਦਿਨਾਂ ਵਿੱਚ ਡਿਪਰੈਸਡ ਕਲਾਸਿਜ਼ ਸੰਸਥਾਵਾਂ ਹੀ ਦਲਿਤ ਮੁਕਤੀ ਦੇ ਅੰਦੋਲਨ ਦਾ ਸੰਚਾਲਨ ਕਰ ਰਹੀਆਂ ਸਨ। ਲੰਡਨ ਵਿੱਚ ਪੜ੍ਹਦੇ ਹੋਏ ਅੰਬੇਡਕਰ ਮੂਕ-ਨਾਇਕ ਪਰਚੇ ਦੇ ਚਲਦੇ ਰਹਿਣ ਬਾਰੇ ਵੀ ਚਿੰਤਤ ਰਹਿੰਦੇ ਸਨ। ਉਹ ਅਛੂਤ ਜਾਤਾਂ ਵਿੱਚ ਆਪਸੀ ਮਿਲਵਰਤਨ ਅਤੇ ਸੰਗਠਨ ਬਾਰੇ ਵੀ ਅਕਸਰ ਲਿਖਦੇ ਰਹਿੰਦੇ ਸਨ। ਉਨ੍ਹਾਂ ਦਾ ਇਹ ਮੰਨਣਾ ਸੀ ਕਿ ਅਛੂਤ ਜਾਤਾਂ ਵਿੱਚ ਆਪਸੀ ਮਿਲਵਰਤਨ ਦੀ ਭਾਵਨਾ ਦਲਿਤ ਮੁਕਤੀ ਅੰਦੋਲਨ ਨੂੰ ਆਪਣੇ ਟੀਚੇ ਤੱਕ ਪਹੁੰਚਣ ਵਿੱਚ ਬਹੁਤ ਮਦਦਗਾਰ ਹੋਵੇਗੀ। ਉਨ੍ਹਾਂ ਨੇ ਲੰਡਨ ਤੋਂ ਐਮ.ਐਸ.ਸੀ, ਡੀ.ਐਸ.ਸੀ. ਅਤੇ ਕਾਨੂੰਨ ਦੀਆਂ ਉੱਚ ਵਿੱਦਿਆ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਡੀ.ਐਸ.ਸੀ. ਦੀ ਡਿਗਰੀ ਵਾਸਤੇ ਉਹਨਾਂ ਨੂੰ ਆਪਣੇ ਥੀਸਸ ਵਿੱਚ ਕੁਝ ਤਰਮੀਮਾਂ ਕਰਨੀਆਂ ਪਈਆਂ ਕਿਉਂਕਿ ਉਨਾਂ ਦੀ ਲੇਖਣੀ ਕਾਫ਼ੀ ਇਨਕਲਾਬੀ ਪ੍ਰਤੀਤ ਹੋ ਰਹੀ ਸੀ। ਉਹ ਅਪ੍ਰੈਲ 1923 ਵਿੱਚ ਭਾਰਤ ਵਾਪਸ ਪਰਤ ਆਏ। ਉਨਾਂ ਨੇ ਫਿਰ ਭਾਰਤ ਤੋਂ ਹੀ ਆਪਣਾ ਥੀਸਸ ਸੋਧ ਕੇ ਦੁਬਾਰਾ ਪੇਸ਼ ਕੀਤਾ ਅਤੇ ਆਪਣੇ ਉੱਚ ਵਿੱਦਿਆ ਪ੍ਰਾਪਤੀ ਦੇ ਟੀਚੇ ਨੂੰ ਪ੍ਰਾਪਤ ਕੀਤਾ। ਉਨਾਂ ਨੇ ਇਹ ਥੀਸਸ ਦਸੰਬਰ 1923 ਵਿੱਚ ਛਪਵਾਇਆ ਅਤੇ ਇਸ ਨੂੰ ਆਪਣੇ ਮਾਤਾ ਅਤੇ ਪਿਤਾ ਦੀ ਯਾਦ ਨੂੰ ਸਮਰਪਿਤ ਕੀਤਾ। ਉਹ ਕੁਝ ਸਮੇਂ ਲਈ ਜਰਮਨ ਦੀ ਬੋਨ ਦੀ ਯੂਨੀਵਰਸਿਟੀ ਵਿੱਚ ਵੀ ਪੜੇ। ਭਾਵੇਂ ਉੱਚ ਵਿੱਦਿਆ ਹਾਸਿਲ ਕਰਨਾ ਡਾ. ਅੰਬੇਡਕਰ ਵਾਸਤੇ ਬਹੁਤ ਅਹਿਮੀਅਤ ਰੱਖਦਾ ਸੀ, ਪਰੰਤੂ ਉਹ ਇਸ ਟੀਚੇ ਨੂੰ ਪੂਰਾ ਕਰਨ ਦੇ ਨਾਲ-ਨਾਲ ਜਦੋਂ ਵੀ ਕੋਈ ਉੱਚਿਤ ਮੌਕਾ ਮਿਲਦਾ ਉੱਥੇ ਦਲਿਤ ਮੁਕਤੀ ਪ੍ਰਤੀ ਆਪਣਾ ਯੋਗਦਾਨ ਪਾਉਣ ਲਈ ਤੱਤਪਰ ਰਹਿੰਦੇ। ਜਦੋਂ ਮੌਨਟੇਗੂ-ਚੈਮਸਫੋਰਡ ਸੁਧਾਰਾਂ ਦੀ ਰੋਸ਼ਨੀ ਵਿੱਚ ਸਾਊਥਬੋਰੋ ਕਮੇਟੀ ਸਾਹਮਣੇ ਅੰਬੇਡਕਰ ਅਤੇ ਬੀ.ਆਰ. ਸ਼ਿੰਦੇ ਨੂੰ ਗਵਾਹੀ ਦੇਣ ਦਾ ਮੌਕਾ ਮਿਲਿਆ ਤਾਂ ਉਸ ਸਮੇਂ ਅੰਬੇਡਕਰ ਨੇ ਡਿਪਰੈਸਡ ਕਲਾਸਿਜ਼ ਦੀ ਸੰਪੂਰਨ ਆਬਾਦੀ ਵਿੱਚ ਬਣਦੇ ਅਨੁਪਾਤ ਦੇ ਬਰਾਬਰ

(ਬਾਕੀ ਅਗਲੇ ਸਫੇ ਤੇ)



ਇਹ ਅੰਦੋਲਨ ਆਪਣੇ ਖਿਲਾਫ਼ ਹੋ ਰਹੇ ਭੇਦ-ਭਾਵ ਨੂੰ ਖਤਮ ਕਰਨ ਦੇ ਲਈ ਹੀ ਨਹੀਂ, ਇਹ ਇਕ ਸਮਾਜਿਕ ਕ੍ਰਾਂਤੀ ਲਿਆਉਣ ਦੇ ਲਈ ਵੀ ਹੈ। ਇਹ ਕ੍ਰਾਂਤੀ ਇਨਸਾਨ ਦੁਆਰਾ ਜਾਤ-ਪਾਤ ਦੇ ਬੰਧਨਾਂ ਨੂੰ ਖਤਮ ਕਰਨ ਦੇ ਲਈ ਵੀ ਹੈ। ਇਹ ਕ੍ਰਾਂਤੀ ਸਭ ਨੂੰ ਬਰਾਬਰ ਮੌਕੇ ਪ੍ਰਦਾਨ ਕਰਨ ਦੇ ਲਈ ਵੀ ਹੈ। ਵਰਤਮਾਨ ਜਾਤ-ਪਾਤ ਵਿਵਸਥਾ ਸਾਡੇ ਰਾਸ਼ਟਰ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ। ਸਾਡਾ ਅੰਦੋਲਨ ਸ਼ਕਤੀ ਅਤੇ ਭਾਈਚਾਰੇ ਦੇ ਲਈ ਹੈ। ਅਸੀਂ ਉਨ੍ਹਾਂ ਸ਼ਾਸਤਰਾਂ ਅਤੇ ਸਿਮਰਤੀਆਂ ਦੁਆਰਾ ਨਿਯੰਤਰਿਤ (ਕੰਟਰੋਲ) ਹੋਣ ਅਤੇ ਬੰਨ੍ਹੇ ਜਾਣ ਤੋਂ ਇਨਕਾਰ ਕਰਦੇ ਹਾਂ ਜੋ ਕਾਲੇ ਕਾਨੂੰਨ ਅੰਧਕਾਰਮਈ ਅਤੇ ਅਗਿਆਨੀ ਯੁੱਗਾਂ ਵਿੱਚ ਤਿਆਰ ਕੀਤੇ ਗਏ ਸਨ। ਸਾਡੀ ਸਫਲਤਾ ਦੇਸ਼ ਦੀ ਮਹਾਨ ਸੇਵਾ ਹੋਵੇਗੀ।

**- ਡਾ. ਅੰਬੇਡਕਰ**

# ਡਾ. ਅੰਬੇਡਕਰ ਅਤੇ ਦਲਿਤ ਮੁਕਤੀ ਅੰਦੋਲਨ

ਅਲੱਗ ਚੋਣ ਖੇਤਰ ਅਤੇ ਰਾਖਵੀਆਂ ਸੀਟਾਂ ਦੀ ਮੰਗ ਕੀਤੀ। ਉਹ ਅਛੂਤਾਂ ਦੇ ਵੱਖਰੇ ਚੋਣ ਖੇਤਰਾਂ ਨੂੰ ਦਲਿਤ ਮੁਕਤੀ ਦਾ ਰਾਹ ਮੰਨਦੇ ਸਨ। 14 ਅਗਸਤ 1932 ਨੂੰ ਪ੍ਰਧਾਨ ਮੰਤਰੀ ਰੈਮਜੇ ਮੈਕਡਾਨਲਡ ਕਮਿਊਨਲ ਐਵਾਰਡ, ਜਿਸ ਰਾਹੀਂ ਅਛੂਤਾਂ ਨੂੰ ਵੱਖਰੇ ਚੋਣ ਖੇਤਰਾਂ ਰਾਹੀਂ ਪ੍ਰਤੀਨਿਧੀ ਚੁਣਨ ਦਾ ਅਧਿਕਾਰ ਦਿੱਤਾ ਗਿਆ ਸੀ ਉਹ ਡਾ. ਅੰਬੇਡਕਰ ਦੇ ਹੀ ਜ਼ੋਰਦਾਰ ਯਤਨਾ ਦਾ ਨਤੀਜਾ ਸੀ ਜਿਸਨੂੰ ਮਹਾਤਮਾ ਗਾਂਧੀ ਦੇ ਮਰਨ ਵਰਤ ਨਾਲ ਕੀਤੇ ਵਿਰੋਧ ਕਰਕੇ ਪੂਨਾ ਪੈਕਟ ਵਿੱਚ ਬਦਲ ਦੇਣਾ ਪਿਆ ਸੀ। ਪੂਨਾ ਪੈਕਟ ਵੱਖਰੇ ਚੋਣ-ਖੇਤਰਾਂ ਦੀ ਜਗ੍ਹਾ ਸਾਂਝੀ ਚੋਣ ਪ੍ਰਣਾਲੀ ਵਿਚ ਰਾਖਵੀਆਂ ਚੋਣ ਸੀਟਾਂ ਨੂੰ ਜਗ੍ਹਾ ਦਿੰਦਾ ਹੈ।

ਡਾ. ਅੰਬੇਡਕਰ ਵੱਲੋਂ ਦੁਬਾਰਾ ਇੰਗਲੈਂਡ ਜਾਣ ਤੋਂ ਪਹਿਲਾਂ 1920 ਵਿੱਚ ਦੋ ਖ਼ਾਸ ਅਛੂਤ ਕਾਨਫਰੰਸਾਂ ਵਿੱਚ ਸ਼ਿਰਕਤ ਕਰਨਾ ਉਨ੍ਹਾਂ ਦੇ ਦਲਿਤ ਮੁਕਤੀ ਅੰਦੋਲਨ ਨਾਲ ਸੰਪੂਰਨ ਪ੍ਰਤੀਬੱਧਤਾ ਦੀ ਗਵਾਹੀ ਭਰਦਾ ਹੈ। ਪਹਿਲੀ ਕਾਨਫਰੰਸ ਜੋ ਕਿ 21 ਮਾਰਚ 1920 ਨੂੰ ਕੋਹਲਾਪੁਰ ਰਿਆਸਤ ਵਿੱਚ ਮਨਗਾਓਂ ਵਿਖੇ ਹੋਈ ਉਸਦੀ ਅੰਬੇਡਕਰ ਨੇ ਪ੍ਰਧਾਨਗੀ ਕੀਤੀ। ਇਸ ਕਾਨਫਰੰਸ ਵਿੱਚ ਮਹਾਰਾਜਾ ਕੋਹਲਾਪੁਰ ਨੇ ਆਪਣੇ ਭਾਸ਼ਣ ਵਿੱਚ ਅੰਬੇਡਕਰ ਬਾਰੇ ਬਹੁਤ ਹੀ ਭਾਵ ਪੂਰਵਕ ਸ਼ਬਦਾਂ ਵਿੱਚ ਕਿਹਾ: ''ਤੁਸੀਂ ਅੰਬੇਡਕਰ ਦੇ ਰੂਪ ਵਿੱਚ ਆਪਣਾ ਰਖ਼ਸ਼ਕ ਪਾ ਲਿਆ ਹੈ। ਮੈਨੂੰ ਪੂਰਾ ਵਿਸ਼ਵਾਸ਼ ਹੈ ਕਿ ਉਹ ਤੁਹਾਡੀ ਗੁਲਾਮੀ ਦੀਆਂ ਬੇੜੀਆਂ ਜ਼ਰੂਰ ਕੱਟਣਗੇ। ਮੇਰੇ ਮਨੋਂ ਇਹ ਆਵਾਜ਼ ਆ ਰਹੀ ਹੈ ਕਿ ਅੰਬੇਡਕਰ ਇੱਕ ਦਿਨ ਅਜਿਹੇ ਮਹਾਨ ਆਗੂ ਬਣਨਗੇ, ਜਿਨ੍ਹਾਂ ਦੇ ਨਾਮ ਦੀ ਸ਼ੋਹਰਤ ਸਾਰੇ ਭਾਰਤ ਵਿੱਚ ਫੈਲ ਜਾਵੇਗੀ ਅਤੇ ਜਿਸਦੀ ਵਿਦਵਤਾ ਦਾ ਲੋਹਾ ਹਰ ਕੋਈ ਮੰਨੇਗਾ''। ਸ਼ਾਹੂ ਜੀ ਮਹਾਰਾਜ ਦੇ ਇਹ ਸ਼ਬਦ ਅੰਬੇਡਕਰ ਦੀ ਦਲਿਤ ਮੁਕਤੀ ਪ੍ਰਤੀ ਪ੍ਰਤੀਬੱਧਤਾ ਦਾ ਮੂੰਹ ਬੋਲਦਾ ਸਬੂਤ ਹੈ। ਇਸ ਤਰ੍ਹਾਂ ਦੀ ਇਕ ਹੋਰ ਕਾਨਫਰੰਸ ਜੋ ਕਿ ਮਈ 1920 ਵਿੱਚ ਨਾਗਪੁਰ ਵਿਖੇ ਹੋਈ ਸੀ ਅਤੇ ਜਿਸ ਨੂੰ ਅੰਬੇਡਕਰ ਦੇ ਜੀਵਨੀ ਲੇਖਕ ਧੰਨਜੇ ਕੀਰ ਨੇ ਸੰਪੂਰਨ ਭਾਰਤ ਦੀ ਪਹਿਲੀ ਅਛੂਤ ਕਾਨਫਰੰਸ ਦਾ ਨਾਂ ਦਿਤਾ ਸੀ, ਵਿੱਚ ਵੀ ਅੰਬੇਡਕਰ ਨੇ ਬੜੀ ਗਰਮਜੋਸ਼ੀ ਨਾਲ ਸ਼ਿਰਕਤ ਕੀਤੀ ਸੀ। ਇਸ ਪਹਿਲੀ ਸਰਵ ਹਿੰਦ ਕਾਨਫਰੰਸ, ਜੋ ਕਿ ਅਛੂਤਾਂ ਵਲੋਂ ਸੰਗਠਤ ਕੀਤੀ ਗਈ ਸੀ, ਦੀ ਪ੍ਰਧਾਨਗੀ ਮਹਾਰਾਜਾ ਕੋਹਲਾਪੁਰ ਸ਼ਾਹੂ ਜੀ ਮਹਾਰਾਜ ਨੇ ਕੀਤੀ। ਇਸ ਕਾਨਫਰੰਸ ਵਿੱਚ ਅੰਬੇਡਕਰ ਨੇ ਆਪਣੇ ਭਾਸ਼ਣ ਦੌਰਾਨ ਕਰਮਵੀਰ ਸ਼ਿੰਦੇ ਵਲੋਂ ਪੇਸ਼ ਕੀਤੀ ਤਜਵੀਜ਼ ਕਿ ਅਛੂਤ ਨੁਮਾਇੰਦਿਆਂ ਦੀ ਚੋਣ ਸਰਕਾਰ ਜਾਂ ਅਛੂਤਾਂ ਦੀਆਂ ਜਥੇਬੰਦੀਆਂ ਰਾਹੀਂ ਨਾ ਹੋ ਕੇ ਵਿਧਾਨ ਪ੍ਰੀਸ਼ਦ ਦੇ ਮੈਂਬਰਾਂ ਰਾਹੀਂ ਹੋਣੀ ਚਾਹੀਦੀ ਹੈ, ਦੀ ਖੁੱਲ੍ਹ ਕੇ ਤਰਕਸੰਗਤ ਨੁਕਤਿਆਂ ਰਾਹੀਂ ਵਿਰੋਧਤਾ ਕੀਤੀ। ਧਨੰਜੇ ਕੀਰ ਅਨੁਸਾਰ ਇਸ ਕਾਨਫਰੰਸ ਵਿੱਚ ਅੰਬੇਡਕਰ ਦੀ ਸੂਝ, ਸਿਆਣਪ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦਾ ਇਜ਼ਹਾਰ ਹੋਇਆ ਅਤੇ ਉਨ੍ਹਾਂ ਨੇ ਇਸ ਕਾਨਫਰੰਸ ਬਾਰੇ ਲਿਖਦੇ ਹੋਏ ਇਸ ਵਿੱਚ ਅੰਬੇਡਕਰ ਨੂੰ ਆਪਣੇ ਜਨਤਕ ਜੀਵਨ ਵਿੱਚ ਜਿੱਤ ਪ੍ਰਾਪਤ ਹੋਣ ਦੀ ਗੱਲ ਲਿਖੀ। ਇਸੇ ਹੀ ਕਾਨਫਰੰਸ ਵਿੱਚ ਅੰਬੇਡਕਰ ਨੇ ਸਵਰਨ ਹਿੰਦੂਆਂ ਦੇ ਅਛੂਤ ਉਧਾਰ ਬਾਰੇ ਯਤਨਾਂ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਉਹ ਭਾਵੇਂ ਜਿੰਨੀ ਮਰਜ਼ੀ ਵੱਧ ਤਵੱਜੋ ਨਾਲ ਅਛੂਤਾਂ ਦੇ ਉਥਾਨ ਲਈ ਕੰਮ ਕਰਨ ਪਰੰਤੂ ਫਿਰ ਵੀ ਉਹ ਉਨ੍ਹਾਂ ਦੇ ਮਨ ਨੂੰ ਨਹੀਂ ਸਮਝ ਸਕਦੇ। ਇਸ ਲਈ ਉਹ ਹਿੰਦੂਆਂ ਵਲੋਂ ਅਛੂਤ ਉਧਾਰ ਵਾਸਤੇ ਕਿਸੇ ਵੀ ਚਲਾਈ ਗਈ ਸੰਸਥਾ ਦੇ ਹੱਕ ਵਿੱਚ ਨਹੀਂ ਸਨ। ਇਸ ਨਾਗਪੁਰ ਕਾਨਫਰੰਸ ਦੌਰਾਨ ਹੀ ਅੰਬੇਡਕਰ ਨੂੰ ਅਛੂਤ ਲੋਕਾਂ ਦਾ ਡਿਪਰੈਸਡ ਕਲਾਸਿਜ਼ ਮਿਸ਼ਨ ਵੱਲ ਧਿਆਨ ਦਵਾਉਣ ਦਾ ਮੌਕਾ ਮਿਲਿਆ। ਉਨ੍ਹਾਂ ਨੇ ਡਿਪਰੈਸਡ ਕਲਾਸਿਜ਼ ਵਿੱਚ ਭਰਾਤਰੀ ਭਾਵ ਦੀ ਭਾਵਨਾ ਤੇ ਜ਼ੋਰ ਦਿੱਤਾ। ਅੰਬੇਡਕਰ ਦੇ ਇਨ੍ਹਾਂ ਕਾਨਫਰੰਸਾਂ ਦੌਰਾਨ ਅਜਿਹੇ ਯਤਨ ਦਲਿਤ ਮੁਕਤੀ ਅੰਦੋਲਨ ਦੀ ਬਣ ਰਹੀ ਭੂਮਿਕਾ ਵਜੋਂ ਬਹੁਤ ਅਹਿਮੀਅਤ ਰੱਖਦੇ ਹਨ।

ਡਾ. ਅੰਬੇਡਕਰ ਦੇ ਵਿਦਿਅਕ ਜੀਵਨ ਦੌਰਾਨ ਦਲਿਤ ਮੁਕਤੀ ਅੰਦੋਲਨ ਨਾਲ ਲਗਾਅ ਬਾਰੇ ਲਾਹੌਰੀ ਰਾਮ ਬਾਲੀ ਲਿਖਦੇ ਹਨ, "ਸੰਸਾਰ ਭਰ ਦੇ ਇਤਿਹਾਸ ਵਿੱਚ ਅੰਬੇਡਕਰ ਵਰਗੇ ਮਹਾਂਪੁਰਸ਼ ਘੱਟ ਹੀ ਮਿਲਦੇ ਹਨ ਜੋ ਭੁੱਖੇ ਰਹੇ ਹੋਣ, ਜੋ ਪੂਰੇ ਕੱਪੜਿਆਂ ਨੂੰ ਤਰਸੇ ਹੋਣ ਅਤੇ ਜੋ ਲੋੜੀਂਦੇ ਖਰਚ ਨੂੰ ਵਿਲਕਦੇ ਰਹੇ ਹੋਣ। ਭੁੱਖ ਲੱਗੇ ਤਾਂ ਚਾਹ ਦਾ ਇਕ ਪਿਆਲਾ ਪੀ ਕੇ ਹੀ ਪੇਟ ਨੂੰ ਪਰਚਾ ਦੇਣਾ, ਸਫਰ ਖਰਚ ਦੀ ਲੋੜ ਪਏ ਤਾਂ ਪੈਦਲ ਹੀ ਮੰਜ਼ਲਾਂ ਤਹਿ ਕਰ ਦੇਣਾ, ਖਾਹਸ਼ਾਂ ਮਾਰਨਾ, ਉਮੰਗਾਂ ਦਬਾਉਣਾ ਅਤੇ ਹਰ ਮੁਸੀਬਤ ਨੂੰ ਖਿੜੇ ਮੱਥੇ ਕੱਟ ਗੁਜ਼ਰਨਾ, ਇਹੋ ਜਿਹਾ ਸੀ ਉਸ ਸਮੇਂ ਅੰਬੇਡਕਰ ਦਾ ਜੀਵਨ ਨਿਰਬਾਹ! ਔਕੜਾਂ ਦੇ ਪਹਾੜ ਟੁੱਟੇ, ਮੁਸੀਬਤਾਂ ਦੇ ਤੂਫਾਨ ਉਭਰੇ ਅਤੇ ਮੁਸ਼ਕਲਾਂ ਦੀਆਂ ਹਨੇਰੀਆਂ ਝੂਲੀਆਂ ਪਰ ਅੰਬੇਡਕਰ ਔਕੜਾਂ ਦੇ ਬਾਵਜੂਦ ਜੀਵਨ-ਪੱਥ ਤੇ ਅੱਗੇ ਹੀ ਅੱਗੇ ਕਦਮ ਵਧਾਉਂਦੇ ਰਹੇ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅੰਬੇਡਕਰ ਵਿਦਿਅਕ ਖੋਜ ਵਿੱਚ ਲੀਨ ਸਨ ਪਰ ਫਿਰ ਵੀ ਉਨ੍ਹਾਂ ਨੇ ਆਪਣੇ ਉਸ ਕੰਮ ਨੂੰ ਦਿਲੋਂ ਨਹੀਂ ਸੀ ਵਿਸਾਰਿਆ, ਜਿਸ ਨੂੰ ਉਹ ਆਪਣੇ ਜੀਵਨ ਦਾ ਮਿਸ਼ਨ ਬਣਾ ਚੁੱਕੇ ਸਨ। ਉਹ ਮਹਾਨ ਕੰਮ ਸੀ ਭਾਰਤ ਦੇ ਕਰੋੜਾਂ ਅਛੂਤਾਂ ਦੇ ਉਥਾਨ ਅਤੇ ਖੁਸ਼ਹਾਲੀ ਦਾ ਕੰਮ''।

ਹੁਣ ਤੱਕ ਉਪਰੋਕਤ ਚਰਚਾ ਵਿੱਚ ਅਸੀਂ ਅੰਬੇਡਕਰ ਦੇ ਬਚਪਨ ਦੌਰਾਨ ਉਨ੍ਹਾਂ ਤੇ ਪਏ ਉਸਾਰੂ ਪ੍ਰਭਾਵਾਂ ਅਤੇ ਉਨ੍ਹਾਂ ਵਲੋਂ ਵਿਦਿਅਕ ਜੀਵਨ ਦੌਰਾਨ ਜਦੋ-ਜਹਿਦ ਅਤੇ ਇਸ ਦੇ ਨਾਲ-ਨਾਲ ਦਲਿਤ ਮੁਕਤੀ ਅੰਦੋਲਨ ਬਾਰੇ ਵਿਚਾਰ ਸਾਂਝੇ ਕੀਤੇ ਹਨ। ਉਪਰੋਕਤ ਚਰਚਾ ਦੇ ਆਧਾਰ ਤੇ ਇਸ ਨਤੀਜੇ ਤੇ ਪਹੁੰਚਣਾ ਔਖਾ ਨਹੀਂ ਹੋਵੇਗਾ ਕਿ ਦਲਿਤ ਮੁਕਤੀ ਅੰਦੋਲਨ ਨੂੰ ਅੰਬੇਡਕਰ ਨੇ ਆਪਣੇ ਵਿਦਿਅਕ ਜੀਵਨ ਦੌਰਾਨ ਹੀ ਆਪਣੇ ਜੀਵਨ ਦਾ ਮਿਸ਼ਨ ਚੁਣ ਲਿਆ ਸੀ। ਭਾਵੇਂ ਅਜੇ ਉਨ੍ਹਾਂ ਨੇ ਜਥੇਬੰਦਕ ਤੌਰ ਤੇ ਲਾਮਬੱਧ ਹੋ ਕੇ ਦਲਿਤ ਮੁਕਤੀ ਅੰਦੋਲਨ ਪ੍ਰਤੀ ਪ੍ਰਤੀਬੱਧਤਾ ਨੂੰ ਅਮਲੀ ਜਾਮਾ ਪਹਿਨਾਉਣਾ ਸੀ ਪਰੰਤੂ ਇਸ ਤੋਂ ਪਹਿਲਾਂ ਹੀ ਉਨ੍ਹਾਂ ਦੀ ਦਲਿਤ ਉਥਾਨ ਪ੍ਰਤੀ ਪਹੁੰਚ, ਤਰਕਮਈ ਵਿਚਾਰ ਅਤੇ ਵਿਦਵਤਾ ਭਰਪੂਰ ਸਮੀਖਿਆ ਨੇ ਉਨ੍ਹਾਂ ਨੂੰ ਆਪਣੇ ਲੋਕਾਂ ਵਿੱਚ ਹਰਮਨ ਪਿਆਰਾ ਬਣਾ ਦਿੱਤਾ ਸੀ। ਦਲਿਤ ਉਥਾਨ ਬਾਰੇ ਉਨ੍ਹਾਂ ਦੀਆਂ ਵਿਦਵਤਾ ਭਰਪੂਰ ਟਿਪਣੀਆਂ ਅਤੇ ਲੇਖਾਂ ਨੇ ਉਨ੍ਹਾਂ ਦੀ ਸਰਕਾਰੇ ਦਰਬਾਰੇ ਚੰਗੀ ਸਾਖ਼ ਬਣਾ ਦਿੱਤੀ ਸੀ। ਹੇਠਲੇ ਭਾਗ ਵਿੱਚ ਅਸੀਂ ਉਨ੍ਹਾਂ ਦੇ ਵਿਦਿਅਕ ਸਫਰ ਪੂਰਾ ਹੋਣ ਉਪਰੰਤ ਉਨ੍ਹਾਂ ਵੱਲੋਂ ਦਲਿਤ ਮੁਕਤੀ ਅੰਦੋਲਨ ਵਿੱਚ ਪਾਏ ਗਏ ਯੋਗਦਾਨ ਦੀ ਗੱਲ ਕਰਾਂਗੇ।

ਡਾ. ਅੰਬੇਡਕਰ ਦੇ ਦੂਸਰੀ ਵਾਰ ਇੰਗਲੈਂਡ ਤੋਂ ਵਾਪਸ ਪਰਤਣ ਉਪਰੰਤ ਉਨ੍ਹਾਂ ਦਾ ਦਲਿਤ ਉਥਾਨ ਦਾ ਮਿਸ਼ਨ ਦਲਿਤ ਮੁਕਤੀ ਅੰਦੋਲਨ ਦਾ ਰੂਪ ਧਾਰਨਾ ਸ਼ੁਰੂ ਕਰਦਾ ਹੈ। ਅਲੀਨਰ ਜ਼ੇਲੀਅਟ, ਜਿਨ੍ਹਾਂ ਨੇ ਅੰਬੇਡਕਰ ਦੇ ਜੀਵਨ ਅਤੇ ਸੰਘਰਸ਼ ਤੇ 1969 ਵਿੱਚ ਪੀ. ਐਚ. ਡੀ. ਦਾ ਥੀਸਿਸ ਪੈਨਸਲਵੈਨੀਆ ਦੀ ਯੂਨੀਵਰਸਿਟੀ ਵਾਸਤੇ ਲਿਖਿਆ ਸੀ, ਅਨੁਸਾਰ 1936 ਤੋਂ ਪਹਿਲਾਂ ਦਾ ਡਾ. ਅੰਬੇਡਕਰ ਦਾ ਦਲਿਤ ਮੁਕਤੀ ਅੰਦੋਲਨ ਤਿੰਨ ਦਿਸ਼ਾਵਾਂ ਵਿੱਚ ਮੂਰਤੀਵਾਨ ਹੁੰਦਾ ਨਜ਼ਰ ਆਉਂਦਾ ਹੈ। ਇਹ ਤਿੰਨ ਦਿਸ਼ਾਵਾਂ ਹਨ: (1) ਅਛੂਤਾਂ ਨੂੰ ਚੇਤੰਨ ਕਰਨਾ ਅਤੇ ਸੰਗਠਤ ਕਰਨਾ, ਸਮਾਜਿਕ ਅਤੇ ਸਭਿਆਚਾਰਕ ਸੰਸਥਾਵਾਂ ਖੜੀਆਂ ਕਰਨਾ ਅਤੇ ਡਿਪਰੈਸਡ ਕਲਾਸਿਜ਼ ਦੀਆਂ ਕਾਨਫਰੰਸਾਂ ਦਾ ਆਯੋਜਨ ਕਰਨਾ, (2) ਹਰ ਇਕ ਉਚਿਤ ਮੌਕੇ ਤੇ ਅੰਗਰੇਜ਼ ਸਰਕਾਰ ਨੂੰ ਅਛੂਤਾਂ ਦੀ ਰਾਜਨੀਤਕ ਪ੍ਰਤੀਨਿਧਤਾ ਵਾਸਤੇ ਅਪੀਲ ਕਰਨਾ। ਡਾ. ਅੰਬੇਡਕਰ ਦਾ ਇਹ ਪਰਪੱਕ ਵਿਚਾਰ ਸੀ ਕਿ ਸੰਸਦੀ ਲੋਕਤੰਤਰਿਕ ਪ੍ਰਣਾਲੀ ਰਾਹੀਂ ਭਾਰਤ ਵਿਚੋਂ ਸਮਾਜਿਕ ਅਸਮਾਨਤਾ ਦੀ ਬੀਮਾਰੀ ਦਾ ਖਾਤਮਾ ਕੀਤਾ ਜਾ ਸਕਦਾ ਹੈ ਬਸ਼ਰਤੇ ਕਿ ਇਹ ਸੰਸਦੀ ਲੋਕਤੰਤਰਿਕ ਪ੍ਰਣਾਲੀ ਭਾਰਤ ਦੀ ਸਮਾਜਿਕ ਵਿਵਸਥਾ ਨੂੰ ਵੀ ਆਪਣੇ ਘੇਰੇ ਵਿੱਚ ਲੈਂਦੇ ਹੋਏ ਸੌਸ਼ਲ ਡੈਮੋਕਰੇਸੀ ਦਾ ਸੰਗਠਨ ਕਰੇ। ਉਨ੍ਹਾਂ ਨੇ ਅੰਗਰੇਜ਼ ਸਰਕਾਰ ਨੂੰ ਵੱਖ-ਵੱਖ ਸਮਿਆਂ ਦੌਰਾਨ ਉਤਪੰਨ ਹੋਏ ਉਚਿਤ ਮੌਕਿਆਂ ਤੇ ਅਛੂਤਾਂ ਲਈ ਰਾਜਨੀਤਕ ਪ੍ਰਤੀਨਿਧਤਾ ਵਾਸਤੇ ਬਿਨੇ ਪੱਤਰ ਪੇਸ਼ ਕੀਤੇ। ਉਹ ਮੌਕੇ ਸਨ: ਸਾਊਥਬੋਰੋ ਕਮੇਟੀ ਓਨ ਫਰੈਂਚਾਈਜ਼, ਦੀ ਸਾਈਮਨ ਕਮੀਸ਼ਨ ਅਤੇ ਗੋਲਮੇਜ਼ ਕਾਨਫਰੰਸਾਂ, (3) ਅਖੌਤੀ ਨੀਵੀਂਆਂ ਜਾਤਾਂ ਦੇ ਬੱਚਿਆਂ ਦੀ ਉਚਿਤ ਪੜਾਈ ਵਾਸਤੇ ਪ੍ਰਬੰਧ ਕਰਨਾ, ਉਨ੍ਹਾਂ ਵਾਸਤੇ ਵੱਖਰੇ ਹੋਸਟਲਾਂ ਅਤੇ ਕਾਲਜਾਂ ਦੀ ਵਿਵਸਥਾ ਕਰਾਉਣਾ। ਉਨ੍ਹਾਂ ਨੇ ਵਿਦਿਆ ਸੰਬੰਧੀ ਇਹ ਕਾਰਜ ਪੀਪਲਜ਼ ਐਜੂਕੇਸ਼ਨ ਸੋਸਾਇਟੀ ਦੇ ਝੰਡੇ ਹੇਠ ਸ਼ੁਰੂ ਕੀਤਾ।

ਦਲਿਤ ਉਥਾਨ ਨੂੰ ਲੈ ਕੇ ਅੰਬੇਡਕਰ ਨੇ 9 ਮਾਰਚ 1924 ਨੂੰ ਬੰਬਈ ਦੇ ਦਮੋਦਰ ਹਾਲ ਵਿਖੇ ਇਕ ਸਭਾ ਬੁਲਾਈ। ਇਸ ਸਭਾ ਦਾ ਮੁਖ ਮੰਤਵ ਅਛੂਤਾਂ ਵਾਸਤੇ ਕੇਂਦਰੀ ਸੰਸਥਾ ਨੂੰ ਕਾਇਮ ਕਰਨਾ ਸੀ ਜਿਸ ਰਾਹੀਂ ਉਨ੍ਹਾਂ ਦੀਆਂ ਸਮਸਿਆਵਾਂ ਦਾ ਸਮਾਧਾਨ ਕੀਤਾ ਜਾ ਸਕੇ ਅਤੇ ਉਨ੍ਹਾਂ ਦੀਆਂ ਦੁੱਖ ਤਖਲੀਫ਼ਾਂ ਨੂੰ ਸਰਕਾਰ ਤੱਕ ਪਹੁੰਚਾਇਆ ਜਾ ਸਕੇ। ਇਸ ਨਿਸ਼ਾਨੇ ਨੂੰ ਮੱਦੇ ਨਜ਼ਰ ਰੱਖਦੇ ਹੋਏ 20 ਜੁਲਾਈ 1924 ਨੂੰ 'ਬਹਿਸ਼ਕ੍ਰਿਤ ਹਿੱਤਕਾਰਨੀ ਸਭਾ' ਸਥਾਪਿਤ ਕੀਤੀ ਗਈ ਅਤੇ ਜਿਸ ਨੂੰ 1860 ਦੇ ਐਕਟ 21 ਅਧੀਨ ਰਜਿਸਟਰਡ ਵੀ ਕਰਵਾਇਆ ਗਿਆ। ਅਸਲ ਵਿੱਚ ਇਸ ਸਭਾ ਨੂੰ ਸਥਾਪਿਤ ਕਰਨ ਦੀ ਨੀਂਹ 1924 ਦੇ ਸ਼ੁਰੂ ਵਿੱਚ ਹੋਈ ਬਰਸ਼ੀ (ਜ਼ਿਲ੍ਹਾ ਸੋਹਲਾਪੁਰ) ਵਿਖੇ ਸੂਬਾਈ ਡਿਪਰੈਸਡ ਕਲਾਸਿਜ਼ ਕਾਨਫਰੰਸ ਦੌਰਾਨ ਰੱਖੀ ਗਈ ਸੀ। ਇਸ ਸਭਾ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਡਾ. ਅੰਬੇਡਕਰ, ਸਕੱਤਰ ਸ਼ਿਵਤਾਰ ਕਰ ਅਤੇ ਖਜ਼ਾਨਚੀ ਸ੍ਰੀ ਐਨ.ਟੀ. ਜਾਟਵੇ ਨਿਯੁਕਤ ਕੀਤੇ ਗਏ। ਸਭਾ ਦੇ ਪ੍ਰਬੰਧਕ ਬੋਰਡਾਂ ਵਿੱਚ ਵੀ ਮੈਂਬਰਾਂ ਦੀ ਬਹੁਗਿਣਤੀ ਪੱਛੜੇ ਵਰਗ ਨਾਲ ਸੰਬੰਧਤ ਲੋਕਾਂ ਦੀ ਸੀ। ਇਸ ਸਭਾ ਦਾ ਇਹ ਮੱਤ ਸੀ ਕਿ ਉਹੀ ਲੋਕ ਦੱਬੇ ਕੁਚਲੇ ਲੋਕਾਂ ਦਾ ਦੁੱਖ ਦਰਦ ਮਹਿਸੂਸ ਕਰ ਸਕਦੇ ਹਨ ਜਿਨ੍ਹਾਂ ਨੇ ਅਜਿਹੇ ਦਰਦ ਆਪ ਹੰਢਾਏ ਹੋਣ।

ਡਾ. ਅੰਬੇਡਕਰ ਦਾ ਅਛੂਤ ਅਤੇ ਪੱਛੜੇ ਵਰਗਾਂ ਦੇ ਲੋਕਾਂ ਦੀ ਹਾਲਤ ਨੂੰ ਸੁਧਾਰਨ ਦਾ ਰਸਤਾ ਹਿੰਦੂ ਸਮਾਜ ਸੁਧਾਰਕਾਂ ਨਾਲੋਂ ਅਲੱਗ ਸੀ। ਉਹ ਖੁਦ ਅਛੂਤ ਸਨ ਅਤੇ ਉਹ ਇਹ ਭਲੀਭਾਂਤ ਜਾਣਦੇ ਸਨ ਕਿ ਅਛੂਤਾਂ ਦਾ ਪਿਆਰ ਅਤੇ ਸਨੇਹ ਕਿਵੇ ਜਿਤਣਾ ਹੈ। ਉਨ੍ਹਾਂ ਨੇ ਖੁਦ ਜਾਤ ਅਭੀਮਾਨੀਆਂ ਦੇ ਦਬਦਬੇ ਦਾ ਸੰਤਾਪ ਹੰਢਾਇਆ ਹੋਇਆ ਸੀ ਅਤੇ ਅਜਿਹੇ ਸੰਤਾਪ ਦੇ ਪਿਛੇ ਕਾਰਗਰ ਕਾਰਨਾਂ ਦਾ ਆਲੋਚਨਾਤਮਕ ਵਿਧੀ ਨਾਲ ਵਿਸਲੇਸ਼ਣ ਵੀ ਕੀਤਾ ਸੀ। ਉਹ ਹਿੰਦੂ ਸਮਾਜ ਸੁਧਾਰਕਾਂ ਤੇ ਟੇਕ ਦਾ ਵਿਰੋਧ ਕਰਦੇ ਸਨ। ਉਨ੍ਹਾਂ ਦਾ ਸਵੈ ਭਰੋਸੇ ਤੇ ਵਿਸ਼ਵਾਸ ਸੀ। ਲਾਹੌਰੀ ਰਾਮ ਬਾਲੀ ਦੇ ਸ਼ਬਦਾਂ ਵਿੱਚ ''ਅੰਬੇਡਕਰ ਇਕ ਅਜਿਹੇ ਆਗੂ ਦੇ ਰੂਪ ਵਿੱਚ ਸਨ ਜਿਸ ਦੇ ਆਪਣੇ ਹੱਡਾਂ ਤੇ ਮੁਸੀਬਤਾਂ ਤੇ ਆਫਤਾਂ ਆਈਆਂ ਸਨ। ਇਸ ਲਈ ਉਨ੍ਹਾਂ ਦੀ ਆਵਾਜ਼ ਵਿੱਚ ਦਰਦ ਸੀ, ਇਕ ਹੂਕ ਅਤੇ ਤੜਪ ਸੀ। ' ਗ਼ੁਲਾਮ ਨੂੰ ਇਹ ਦਰਸਾ ਦਿਓ ਕਿ ਉਹ ਗ਼ੁਲਾਮ ਹੈ, ਫਿਰ ਉਹ ਬਗ਼ਾਵਤ ਕਰ ਦੇਵੇਗਾ।' ਇਹ ਸੀ ਨਾਹਰਾ ਜੋ ਡਾ. ਅੰਬੇਡਕਰ ਨੇ ਬੁਲੰਦ ਕੀਤਾ। ਸਵੈ-ਸਹਾਇਤਾ, ਸਵੈ-ਨਿਰਮਾਣ ਅਤੇ ਸਵੈਮਾਣ ਦਾ ਝੰਡਾ ਡਾ. ਅੰਬੇਡਕਰ ਨੇ ਬੁਲੰਦ ਕੀਤਾ। ਅੰਬੇਡਕਰ ਦੀ ਦਰਦ ਅਤੇ ਰੋਹ ਭਰੀ ਆਵਾਜ਼ ਨੇ ਦੱਬੀ ਕੁਚਲੀ ਜਨਤਾ ਨੂੰ ਹਲੂਣ ਦਿੱਤਾ। ਉਨ੍ਹਾਂ ਵਿੱਚ ਚੇਤਨਾ ਆਉਣ ਲੱਗੀ। ਡਾਕਟਰ ਅੰਬੇਡਕਰ ਨੇ ਅਜਿਹੀ ਭਾਸ਼ਾ ਵਿੱਚ ਦੱਬੇ ਕੁਚਲੇ ਵਰਗਾਂ ਨੂੰ ਹਲੂਣਿਆਂ ਕਿ ਉਨ੍ਹਾਂ ਦੇ ਦਿਲੋ-ਦਿਮਾਗ਼ ਵਿੱਚ ਖਲਬਲੀ ਮੱਚ ਗਈ। ਉਨ੍ਹਾਂ ਨੇ ਲਲਕਾਰਿਆਂ: 'ਤੁਹਾਡੇ ਚਿਹਰਿਆਂ ਦੀ ਤਰਸਯੋਗ ਹਾਲਤ ਦੇਖ ਕੇ ਅਤੇ ਤੁਹਾਡੀਆਂ ਉਦਾਸੀਆਂ ਆਵਾਜ਼ਾਂ ਸੁਣ ਕੇ ਮੇਰਾ ਸੀਨਾ ਫਟ ਜਾਂਦਾ ਹੈ। ਇੰਨੇ ਚਿਰ ਤੋਂ ਤੁਸੀਂ ਜ਼ੁਲਮਾਂ ਦੀ ਚੱਕੀ ਵਿੱਚ ਪੀਸੇ ਜਾ ਰਹੇ ਹੋ ਅਤੇ ਫੇਰ ਵੀ ਤੁਹਾਨੂੰ ਬੇਹਿੰਮਤੀ ਅਤੇ ਬੇਭਰੋਸਗੀ ਛੱਡਣ ਦਾ ਖਿਆਲ ਨਹੀਂ ਆਉਂਦਾ। ਤੁਸੀਂ ਜੰਮਦੇ ਹੀ ਖਤਮ ਕਿਉਂ ਨਹੀਂ ਹੋ ਜਾਂਦੇ? ਤੁਸੀਂ ਦੁੱਖਾਂ, ਗ਼ਰੀਬੀ ਅਤੇ ਗ਼ੁਲਾਮੀ ਨੂੰ ਕਿਉਂ ਪਿਆਰਦੇ ਹੋ? ਤੁਸੀਂ ਆਪਣੀ ਤਰਸਯੋਗ, ਘ੍ਰਿਣਿਤ ਅਤੇ ਤ੍ਰਿਸਕਾਰ ਪੂਰਨ ਜੀਵਨ ਨਾਲ ਸੰਸਾਰ ਦਾ ਭਾਰ ਕਿਉਂ ਵਧਾਉਂਦੇ ਹੋ? ਜੇਕਰ ਤੁਸੀਂ ਨਵਾਂ ਜੀਵਨ ਨਹੀਂ ਢਾਲ ਸਕਦੇ ਅਤੇ ਆਪਣੀ ਹਾਲਤ ਨਹੀਂ ਬਦਲ ਸਕਦੇ ਤਾਂ ਇਸ ਨਾਲੋਂ ਮਰਨਾ ਕਿਧਰੇ ਚੰਗਾ ਹੈ। ਅਸਲ ਵਿੱਚ ਗੁੱਲੀ, ਜੁੱਲੀ ਅਤੇ ਕੁੱਲੀ ਤੁਹਾਡਾ ਜਨਮ ਅਧਿਕਾਰ ਹੈ। ਜੇਕਰ ਤੁਸੀਂ ਇੱਜ਼ਤ ਦਾ ਜੀਵਨ ਜੀਣਾ ਚਾਹੁੰਦੇ ਹੋ ਤਾਂ ਤੁਹਾਨੂੰ ਆਤਮ ਸਹਾਇਤਾ, ਜੋ ਸਭ ਤੋਂ ਚੰਗੀ ਸਹਾਇਤਾ ਹੈ, 'ਤੇ ਭਰੋਸਾ ਕਰਨਾ ਹੋਵੇਗਾ'।''

ਸਵੈ-ਸਹਾਇਤਾ, ਸਵੈ-ਨਿਰਮਾਣ ਅਤੇ ਸਵੈ-ਮਾਣ ਦੇ ਉਦੇਸ਼ਾਂ ਤੋਂ ਪ੍ਰੇਰਨਾ ਲੈਂਦੇ ਹੋਏ ਬਹਿਸ਼ਕ੍ਰਿਤ ਹਿਤਕਾਰਨੀ ਸਭਾ ਨੇ ਹੇਠ ਲਿਖੇ ਮੰਤਵ ਤੇ ਉਦੇਸ਼ ਉਲੀਕੇ: (1) ਦੱਬੇ ਕੁੱਚਲੇ ਵਰਗਾਂ ਵਿੱਚ ਵਿਦਿਆ ਪ੍ਰਸਾਰ ਲਈ ਹੋਸਟਲਾਂ ਦਾ ਖੋਲ੍ਹਣਾ ਜਾਂ ਫਿਰ ਹੋਰ ਜਿਹੜੇ ਯੋਗ ਅਤੇ ਜ਼ਰੂਰੀ ਸਾਧਨ ਹਨ ਉਨ੍ਹਾਂ ਨੂੰ ਵਰਤੋਂ ਵਿੱਚ ਲਿਆਉਣਾ, (2) ਪੁਸਤਕ ਘਰਾਂ, ਸਮਾਜਿਕ ਕੇਂਦਰਾਂ ਅਤੇ ਅਧਿਐਨ ਕੇਂਦਰਾਂ ਦੇ ਰਾਹੀਂ ਦੱਬੇ ਕੁਚਲੇ ਵਰਗਾਂ ਵਿੱਚ ਸਭਿਆਚਾਰ ਦਾ ਪਸਾਰ ਕਰਨਾ, (3) ਉਦਯੋਗ ਅਤੇ ਜ਼ਰਾਇਤੀ ਸਕੂਲਾਂ ਰਾਹੀਂ ਦੱਬੇ ਕੁਚਲੇ ਵਰਗਾਂ ਦੀ ਆਰਥਿਕ ਹਾਲਤ ਨੂੰ ਉਨਤ ਕਰਨਾ ਅਤੇ ਸੁਧਾਰਨਾ, (4) ਦੱਬੇ ਕੁਚਲੇ ਵਰਗਾਂ ਦੀਆਂ ਸ਼ਿਕਾਇਤਾਂ ਦੀ ਪ੍ਰਤੀਨਿਧਤਾ ਕਰਨਾ। ਇਸ ਸਭਾ ਦਾ ਇਹ ਉਦੇਸ਼ ਸੀ ਕਿ ਦਬੇ ਕੁਚਲੇ ਵਰਗ ਦੇ ਲੋਕਾਂ ਦੇ ਜੀਵਨ ਵਿੱਚ ਸੁਧਾਰ ਕਰਕੇ ਉਨ੍ਹਾਂ ਨੂੰ ਸਮਾਜਿਕ ਅਤੇ ਰਾਜਨੀਤਕ ਪੱਧਰ ਤੇ ਭਾਰਤੀ ਸਮਾਜ ਦੇ ਬਾਕੀ ਲੋਕਾਂ ਦੇ ਬਰਾਬਰ ਦਾ ਰੁਤਬਾ ਮੁਹੱਈਆ ਕਰਵਾਉਣ ਅਤੇ ਉਨ੍ਹਾਂ ਦੇ ਆਰਥਿਕ ਹਿੱਤਾਂ ਲਈ ਉਨਤੀ ਕਰਨਾ। ਇਸ ਨੁਕਤਾ ਨਿਗਾਹ ਤੋਂ ਡਾ. ਅੰਬੇਡਕਰ ਦਾ ਦਲਿਤ ਮੁਕਤੀ ਅੰਦੋਲਨ ਉਸ ਵੇਲੇ ਦੇ ਪ੍ਰਚੱਲਿਤ ਹਿੰਦੂ ਸਮਾਜ ਸੁਧਾਰਕਾਂ ਦੇ ਅੰਦੋਲਨ ਤੋਂ ਬਿਲਕੁਲ ਅਲੱਗ ਸੀ। ਅੰਬੇਡਕਰ ਹਿੰਦੂ ਸਮਾਜ ਵਿੱਚ ਪੂਰਨ ਤੌਰ ਤੇ ਤਬਦੀਲੀ ਨੂੰ ਮੱਦੇਨਜ਼ਰ ਰੱਖ ਕੇ ਸਮਾਜ ਸੁਧਾਰ ਦੀ ਗੱਲ ਕਰਦੇ ਸਨ ਜਦ ਕਿ ਹਿੰਦੂਵਾਦੀਆਂ ਦਾ ਸਮਾਜ ਸੁਧਾਰ ਦਾ ਘੇਰਾ ਹਿੰਦੂ ਪਰਿਵਾਰਾਂ ਵਿੱਚ ਕੁਝ ਤਬਦੀਲੀਆਂ ਤਕ ਸੀਮਤ ਸੀ। ਡਾ. ਅੰਬੇਡਕਰ ਹਿੰਦੂ ਸਮਾਜ ਸੁਧਾਰਕਾਂ ਦੀ ਸਰਪ੍ਰਸਤੀ ਨੂੰ ਬਿਲਕੁਲ ਪਸੰਦ ਨਹੀਂ ਕਰਦੇ ਸਨ। ਉਹ ਉਨ੍ਹਾਂ ਸਭ ਜਥੇਬੰਦੀਆਂ ਅਤੇ ਲਹਿਰਾਂ ਨੂੰ ਨਫਰਤ ਕਰਦੇ ਸਨ ਜੋ ਡਿਪਰੈਸਡ ਕਲਾਸਿਜ਼ ਨਾਂ ਹੇਠਾਂ ਪਨਪਦੇ ਹੋਏ ਅਛੂਤਾਂ ਨੂੰ ਆਪਣੇ ਸੌੜੇ ਹਿੱਤਾਂ ਲਈ ਵਰਤ ਰਹੇ ਸਨ। ਡਾ. ਅੰਬੇਡਕਰ ਦਾ ਦਲਿਤ ਮੁਕਤੀ ਅੰਦੋਲਨ ਇਸ ਧਾਰਨਾ ਤੇ ਆਧਾਰਤ ਸੀ ਕਿ ਸਵੈ-ਸਹਾਇਤਾ ਹੀ ਗ਼ੁਲਾਮੀ ਤੋਂ ਖਲਾਸੀ ਪਾਉਣ ਦਾ ਅਹਿਮ ਰਸਤਾ ਹੈ। ਉਨ੍ਹਾਂ ਨੇ ਇਤਿਹਾਸ ਤੋਂ ਇਹ ਜਾਣਿਆ ਹੋਇਆ ਸੀ ਕਿ ਅਨਿਆਇ ਨੂੰ ਤਦ ਤਕ ਖਤਮ ਨਹੀਂ ਕੀਤਾ ਜਾ ਸਕਦਾ ਜਦ ਤਕ ਉਸ ਨੂੰ ਝੱਲਣ ਵਾਲੇ ਖੁਦ ਚੇਤਨ ਹੋ ਕੇ ਇਸ ਦਾ ਟਾਕਰਾ ਨਹੀਂ ਕਰਦੇ। ਉਨ੍ਹਾਂ ਵਾਸਤੇ ਦਲਿਤ ਮੁਕਤੀ ਅੰਦੋਲਨ ਹੀ ਅਸਲ ਵਿੱਚ ਭਾਰਤ ਨੂੰ ਸ਼ਕਤੀ, ਸਿਹਤ, ਧਨ-ਦੌਲਤ, ਇੱਜ਼ਤ-ਮਾਣ ਅਤੇ ਸਭਿਆਚਾਰਕ ਬੁਲੰਦੀਆਂ ਵੱਲ ਲਿਜਾਉਣ ਦਾ ਦਰੁੱਸਤ ਮਾਰਗ ਹੈ ਜਿਹੜਾ ਕਰੋੜਾਂ ਗੂੰਗੇ ਤੇ ਬਹਿਰੇ, ਦੱਬੇ ਕੁਚਲੇ ਵਰਗ ਦੇ ਲੋਕਾਂ ਨੂੰ ਜ਼ਲਾਲਤ ਤੋਂ ਮੁਕਤ ਕਰਵਾ ਕੇ ਰਾਸ਼ਟਰ ਦੀ ਉਸਾਰੀ ਵੱਲ ਉਨ੍ਹਾਂ ਨੂੰ ਪ੍ਰੇਰਤ ਕਰਵਾਵੇਗਾ।

ਸਵੈ-ਸਹਾਇਤਾ ਦੇ ਨਾਲ-ਨਾਲ ਡਾ. ਅੰਬੇਡਕਰ ਨੇ ਦਲਿਤ ਮੁਕਤੀ ਅੰਦੋਲਨ ਦੇ ਜਿਸ ਇਕ ਹੋਰ ਪਹਿਲੂ ਤੇ ਜ਼ੋਰ ਦਿੱਤਾ ਉਹ ਸੀ ਦਲਿਤ ਵਰਗ ਦਾ ਸਵੈ-ਸੁਧਾਰ। ਉਹ ਸਦੀਆਂ ਤੋਂ ਜੁੜੀਆਂ ਹੋਈਆਂ ਬੁਰਾਈਆਂ ਜਿਵੇਂ- ਮਰੇ ਹੋਏ ਪਸ਼ੂਆਂ ਦਾ ਮਾਸ ਖਾਣਾ ਅਤੇ ਨਸ਼ੀਲੀਆਂ ਚੀਜ਼ਾਂ ਦਾ ਸੇਵਨ ਕਰਨਾ ਆਦਿ ਦੇ ਵਿਰੋਧ ਵਿੱਚ ਨਿਰੰਤਰ ਲਿਖਦੇ ਅਤੇ ਬੋਲਦੇ ਰਹੇ। ਉਨ੍ਹਾਂ ਨੇ ਆਪਣੇ ਦਲਿਤ ਮੁਕਤੀ ਅੰਦੋਲਨ ਦੇ 1936 ਤੋਂ ਪਹਿਲਾਂ ਦੇ ਪੜਾਅ ਵਿੱਚ ਦਲਿਤ ਸਮਾਜ ਦੇ ਉਥਾਨ ਲਈ ਸੰਵਿਧਾਨਕ ਅਤੇ ਕਾਨੂੰਨੀ ਸਾਧਨਾਂ ਰਾਹੀਂ ਅਤੇ ਹਿੰਦੂ ਸਮਾਜ ਵਿੱਚ ਬਰਾਬਰਤਾ ਦਾ ਦਰਜਾ ਪ੍ਰਾਪਤ ਕਰਨ ਲਈ ਢੁੱਕਵੇਂ ਯਤਨ ਕੀਤੇ। ਮੰਦਰਾਂ ਵਿੱਚ ਪ੍ਰਵੇਸ਼ ਲਈ ਸੱਤਿਆ ਗ੍ਰਹਿ, ਬੰਬਈ ਵਿਖੇ ਪ੍ਰਸਿੱਧ ਗਣਪਤੀ ਮੇਲਿਆਂ ਵਿੱਚ ਸ਼ਮੂਲੀਅਤ, ਵੱਖ-ਵੱਖ ਜਾਤਾਂ ਦਾ ਇੱਕਠੇ ਹੋ ਕੇ ਭੋਜਨ ਖਾਣਾ ਆਦਿ ਕੁਝ ਅਜਿਹੇ ਸਾਧਨ ਸਨ ਜਿਨ੍ਹਾਂ ਨਾਲ ਉਨ੍ਹਾਂ ਨੇ ਹਿੰਦੂ ਸਮਾਜ ਅੰਦਰ ਸਮਾਜਿਕ ਤਬਦੀਲੀ ਲਿਆ ਕੇ ਬਰਾਬਰਤਾ ਦੇ ਸਿਧਾਂਤ ਦੀ ਬਹਾਲੀ ਦੇ ਯਤਨ ਕੀਤੇ। ਇਨ੍ਹਾਂ ਸਾਧਨਾਂ ਵਿਚੋਂ ਮਹਾਡ ਸਤਿਆਗ੍ਰਹਿ, ਗੋਲਮੇਜ਼ ਕਾਨਫਰੰਸਾਂ ਨੂੰ ਲੈ ਕੇ ਗਾਂਧੀ ਨਾਲ ਕਮਿਊਨਲ ਅਵਾਰਡ ਤੇ ਛਿੜੇ ਵਿਵਾਦ ਅਤੇ ਉਸ ਤੋਂ ਬਾਅਦ ਇਤਿਹਾਸਕ ਪੂਨਾ ਪੈਕਟ ਦੀ ਚਰਚਾ ਕਰਨਾ ਜ਼ਰੂਰੀ ਬਣਦਾ ਹੈ ਜੋ ਡਾ. ਅੰਬੇਡਕਰ ਦੇ ਦਲਿਤ ਮੁਕਤੀ ਅੰਦੋਲਨ ਵਿੱਚ ਉਸ ਸਮੇਂ ਤੋਂ ਬਾਅਦ ਆਏ ਮਹੱਤਵਪੂਰਨ ਮੋੜ ਨੂੰ ਸਮਝਣ ਵਿੱਚ ਕਾਫ਼ੀ ਮਦਦਗਾਰ ਸਾਬਤ ਹੋਵੇਗਾ। ਇਹ ਦੋਨੋਂ ਘਟਨਾਵਾਂ ਡਾ. ਅੰਬੇਡਕਰ ਦੀ ਸੰਸਦੀ ਲੋਕਤੰਤਰ ਅਤੇ ਕਾਨੂੰਨੀ ਵਿਵਸਥਾ ਵਿੱਚ ਵਿਸ਼ਵਾਸ ਨੂੰ ਦਲਿਤ ਮੁਕਤੀ ਦੇ ਅੰਦੋਲਨ ਦੇ ਨੁਕਤਾ ਨਿਗਾਹ ਤੋਂ ਦਲਿਤ ਉਥਾਨ ਪ੍ਰਤੀ ਉਨ੍ਹਾਂ ਦੇ ਯੋਗਦਾਨ ਤੇ ਵੀ ਰੋਸ਼ਨੀ ਪਾਉਂਦੀਆਂ ਹਨ।

ਮਹਾਡ ਅੰਦੋਲਨ ਦਲਿਤ ਮੁਕਤੀ ਅੰਦੋਲਨ ਦਾ ਇਨਕਲਾਬੀ ਮੋੜ ਅਖਵਾਉਂਦਾ ਹੈ। ਇਸ ਅੰਦੋਲਨ ਦੌਰਾਨ ਭਾਰਤ ਦੇ ਲੰਬੇ ਇਤਿਹਾਸ ਵਿੱਚ ਇਹ ਪਹਿਲੀ ਵਾਰੀ ਹੋਇਆ ਕਿ ਹਿੰਦੂ ਧਰਮ ਦੇ ਮਾਨਤਾ ਪ੍ਰਾਪਤ ਧਰਮ ਗ੍ਰੰਥ ਮਨੂ ਸਿਮ੍ਰਤੀ ਨੂੰ ਅਗਨੀ ਭੇਂਟ ਕੀਤਾ ਗਿਆ। ਮਹਾਡ ਅੰਦੋਲਨ ਦੀ ਸ਼ੁਰੂਆਤ ਮਹਾੜ ਵਿਖੇ 19-20 ਮਾਰਚ 1927 ਨੂੰ ਇਕ ਵਿਸ਼ਾਲ ਕਾਨਫਰੰਸ ਦੇ ਰੂਪ ਵਿੱਚ ਹੋਈ। ਇਹ ਕਾਨਫਰੰਸ ਮਹਾਡ ਮਿਉਂਸੀਪਲ ਕਮੇਟੀ ਦੇ ਚੇਅਰਮੈਨ ਸੁਰਿੰਦਰ ਨਾਥ ਟਿਪਨਸ ਵਲੋਂ ਆਯੋਜਤ ਕੀਤੀ ਗਈ ਸੀ। ਟਿਪਨਸ ਨੇ ਹੀ ਡਾ. ਅੰਬੇਡਕਰ ਨੂੰ ਇਸ ਕਾਨਫਰੰਸ ਵਿੱਚ ਆਉਣ ਲਈ ਸੱਦਾ ਪੱਤਰ ਦਿਤਾ ਸੀ। ਇਹ ਕਾਨਫਰੰਸ 'ਬੋਲੇ' ਪ੍ਰਸਤਾਵ, ਜੋ ਕਿ 1923 ਵਿੱਚ ਬੰਬਈ ਵਿਧਾਨ ਸਭਾ ਵਲੋਂ ਪਾਸ ਕੀਤਾ ਗਿਆ ਸੀ ਅਤੇ ਜਿਸ ਤਹਿਤ ਜਨਤਕ ਥਾਵਾਂ ਨੂੰ ਅਛੂਤਾਂ ਲਈ ਖੋਲ੍ਹਿਆ ਗਿਆ ਸੀ, ਬਾਰੇ ਵਿਚਾਰ ਕਰਨ ਲਈ ਬੁਲਾਈ ਗਈ ਸੀ। ਇਸ ਪ੍ਰਸਤਾਵ ਦੇ ਪਾਸ ਹੋਣ ਦੇ ਬਾਵਜੂਦ ਵੀ ਅਛੂਤਾਂ ਨੂੰ ਜਨਤਕ ਥਾਵਾਂ ਤੇ ਆਉਣ ਜਾਣ ਦੀ ਖੁੱਲ੍ਹ ਨਹੀਂ ਸੀ ਮਿਲੀ। ਜਿਸ ਖ਼ਾਸ ਮੁੱਦੇ ਨੂੰ ਲੈ ਕੇ ਮਹਾਡ ਅੰਦੋਲਨ ਚਰਚਾ ਦਾ ਗੜ੍ਹ ਬਣਦਾ ਹੈ ਉਹ ਹੈ ਮਹਾਡ ਦਾ ਚੋਦਾਰ ਤਲਾਬ। ਇਹ ਚੋਦਾਰ ਤਲਾਬ ਮਹਾਡ ਕਸਬੇ ਦੇ ਉਸ ਪਾਸੇ ਸੀ ਜਿਧਰ ਹਿੰਦੂ ਸਵਰਨਾਂ ਦੇ ਘਰ ਸਨ ਅਤੇ ਇਹ ਮਹਾਰਾਂ ਦੀ ਬਸਤੀ ਤੋਂ ਜੋ ਕਿ ਸ਼ਹਿਰ ਤੋਂ ਹਟ ਕੇ ਸੀ, ਕਾਫ਼ੀ ਦੂਰੀ ਤੇ ਸੀ। ਭਾਵੇਂ 'ਬੋਲੇ' ਪ੍ਰਸਤਾਵ ਨੇ ਚੋਦਾਰ ਤਲਾਬ ਚੋਂ ਅਛੂਤਾਂ ਵਾਸਤੇ ਪਾਣੀ ਦੀ ਇਜਾਜ਼ਤ ਦੇ ਦਿੱਤੀ ਸੀ ਪਰੰਤੂ ਅਛੂਤਾਂ ਦੀ ਉਥੋਂ ਪਾਣੀ ਲੈਣ ਦੀ ਹਿੰਮਤ ਨਹੀਂ ਪੈ ਰਹੀ ਸੀ। ਟਿਪਨਸ, ਜਿਹੜਾ ਕਿ ਅੰਬੇਡਕਰ ਨੂੰ ਜਾਣਦਾ ਸੀ ਅਤੇ ਜੁਝਾਰੂ ਸਮਾਜ ਸੁਧਾਰਕ ਅਗਰਕਰ ਦਾ ਅਨੁਆਈ ਸੀ, ਨੇ ਮਹਾਡ ਕਾਨਫਰੰਸ ਦਾ ਪ੍ਰਬੰਧ ਕੀਤਾ ਸੀ। ਕਾਨਫਰੰਸ ਦੇ ਪੰਡਾਲ ਲਈ ਮਹਾਡ ਨਗਰ ਤੋਂ ਬਾਹਰ ਇਕ ਖੁੱਲ੍ਹਾ ਮੈਦਾਨ, ਜੋ ਕਿਸੇ ਮੁਸਲਮਾਨ ਦੀ ਮਲਕੀਅਤ ਸੀ, ਵਰਤੋਂ ਵਿੱਚ ਲਿਆਂਦਾ ਗਿਆ ਅਤੇ ਇਸ ਪੰਡਾਲ ਦਾ ਨਾਂ ਸਥਾਨਕ ਦੇਵਤੇ ਵੀਰੇਸ਼ਵਰ ਦੇ ਨਾਂ ਤੇ ਰੱਖਿਆ ਗਿਆ। ਇਸ ਕਾਨਫਰੰਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੇ ਹਿੱਸਾ ਲਿਆ, ਜੋ ਕਾਫੀ ਲੰਮਾ ਪੈਂਡਾ ਸਰ ਕਰਕੇ ਉਥੇ ਪਹੁੰਚੇ ਸਨ। ਕਾਨਫਰੰਸ ਦੀ ਸ਼ੁਰੂਆਤ 19 ਮਾਰਚ ਨੂੰ ਹੋਈ। ਜਦੋਂ ਅੰਬੇਡਕਰ ਆਪਣੇ ਪ੍ਰਧਾਨਗੀ ਭਾਸ਼ਣ ਲਈ ਉਠੇ ਤਾਂ ਪੰਡਾਲ ਤਾੜੀਆਂ ਨਾਲ ਗੂੰਜ ਉਠਿਆ। ਆਪਣੇ ਭਾਸ਼ਣ ਵਿੱਚ ਮਹਾਰਾਂ ਦੇ ਅਤੀਤ ਵਿੱਚ ਸਾਧਨ ਸੰਪੱਨ ਹੋਣ ਦੀ, ਅੰਗਰੇਜ਼ ਫੌਜ ਵਿੱਚ ਭਰਤੀ ਦੇ ਮਾਧਿਅਮ ਰਾਹੀਂ ਮਹਾਰ ਕੌਮ ਦੀ ਉਨਤੀ ਅਤੇ ਬਾਅਦ ਵਿੱਚ ਅੰਗਰੇਜ਼ ਸਰਕਾਰ ਵੱਲੋਂ ਅਛੂਤਾਂ ਲਈ ਫੌਜ ਦੀ ਭਰਤੀ ਬੰਦ ਕਰਨ ਆਦਿ ਬਾਰੇ ਚਰਚਾ ਕਰਨ ਤੋਂ ਬਾਅਦ ਉਨ੍ਹਾਂ ਨੇ ਅਛੂਤ ਸਮਾਜ ਵਿੱਚ ਕੁਝ ਜ਼ਰੂਰੀ ਸਮਾਜਿਕ ਸੁਧਾਰਾਂ ਦੀ ਗੱਲ ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਕਿਹਾ, ''ਜਦੋਂ ਤਕ ਅਸੀਂ ਤਿੰਨ ਪ੍ਰਕਾਰ ਦੇ ਸੁਧਾਰ ਨਹੀਂ ਕਰ ਲੈਂਦੇ, ਕਿਸੇ ਪਾਏਦਾਰ ਉਨਤੀ ਦੀ ਆਸ ਨਹੀਂ ਕੀਤੀ ਜਾ ਸਕਦੀ। ਸਾਨੂੰ ਆਪਣੇ ਵਿਚਾਰਾਂ ਨੂੰ ਸੁਧਾਰਨਾ ਚਾਹੀਦਾ ਹੈ। ਸਾਡੀ ਆਵਾਜ਼ ਵਿੱਚ ਸ਼ਕਤੀ ਹੋਵੇ, ਸਾਡੀ ਗੱਲ ਵਿੱਚ ਵਜ਼ਨ ਹੋਣਾ ਚਾਹੀਦਾ ਹੈ। ਇਸ ਲਈ ਮੈਂ ਤੁਹਾਨੂੰ ਕਹਿੰਦਾ ਹਾਂ ਕਿ ਮੁਰਦਾ ਪਸ਼ੂਆਂ ਦਾ ਮਾਸ ਖਾਣਾ ਛੱਡ ਦਿਓ। ਸਾਨੂੰ ਆਪਣੇ ਵਿਚੋਂ ਉਚੇ ਅਤੇ ਨੀਵੇਂ, ਛੋਟੇ ਅਤੇ ਵੱਡੇ ਦਾ ਭੇਦ-ਭਾਵ ਛੇਤੀ ਤੋਂ ਛੇਤੀ ਖਤਮ ਕਰਨਾ ਚਾਹੀਦਾ ਹੈ। ਸਾਡੀ ਉਨਤੀ ਤਾਂ ਹੀ ਹੋ ਸਕਦੀ ਹੈ ਜੇਕਰ ਅਸੀਂ ਆਪਣੇ ਆਪ ਵਿੱਚ ਸਵੈਮਾਣ ਦਾ ਜਜ਼ਬਾ ਪੈਦਾ ਕਰੀਏ ਅਤੇ ਅਸੀਂ ਆਪਾ ਪਹਿਚਾਣੀਏ''। ਇਸ ਕਾਨਫਰੰਸ ਵਿੱਚ ਪਾਸ ਕੀਤੇ ਮਤਿਆਂ ਵਿੱਚ ਇਕ ਸੀ ਕਿ ਹਿੰਦੂ ਅਛੂਤਾਂ ਨਾਲ ਭੇਦ-ਭਾਵ ਨਾ ਕਰਨਾ ਉਨ੍ਹਾਂ ਨੂੰ ਨੌਕਰੀਆਂ ਤੇ ਰੱਖਣ, ਅਛੂਤ ਵਿਦਿਆਰਥੀਆਂ ਲਈ ਭੋਜਨ ਦੀ ਵਿਵਸਥਾ ਕੀਤੀ ਜਾਵੇ, ਹਿੰਦੂ ਆਪਣੇ ਮੁਰਦਾ ਪਸ਼ੂ ਆਪ ਹੀ ਦਬਾਉਣ ਦੀ ਖੇਚਲ ਕਰਨ, ਇਕ ਹੋਰ ਮਤੇ ਰਾਹੀਂ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਉਹ ਮੁਰਦਾ ਪਸ਼ੂਆਂ ਦਾ ਮਾਸ ਖਾਣ ਅਤੇ ਸ਼ਰਾਬ ਪੀਣ ਤੇ ਪਾਬੰਦੀ ਲਗਾਵੇ, ਅਛੂਤਾਂ ਲਈ ਚਲਾਏ ਜਾ ਰਹੇ ਹੋਸਟਲਾਂ ਨੂੰ ਸਹਾਇਤਾ ਦੇਵੇ ਅਤੇ ਪਾਸ ਕੀਤੇ ਗਏ ਮਤਿਆਂ ਤੇ ਸਖ਼ਤੀ ਨਾਲ ਅਮਲ ਕਰਵਾਵੇ ਅਤੇ ਜੇ ਲੋੜ ਪਵੇ ਤਾਂ ਉਸ ਵਾਸਤੇ ਸਖ਼ਤੀ ਵੀ ਵਰਤੇ। ਜਿਸ ਮੁਦੇ ਨੂੰ ਲੈ ਕੇ ਮਹਾਡ ਕਾਨਫਰੰਸ ਵਿਵਾਦਗ੍ਰਸਤ ਬਣਦੀ ਹੈ ਉਹ ਸੀ ਇਸ ਕਾਨਫਰੰਸ ਤੋਂ ਪਿਛੋਂ ਵਿਸ਼ਾ ਕਮੇਟੀ ਦੀ ਮੀਟਿੰਗ ਵਿੱਚ ਲਿਆ ਗਿਆ ਫੈਸਲਾ। (ਚਲਦਾ)



# ਲੋਕ ਵਿਰਸਾ

## ਵੇ ਦੇਰਾ ਲਾਹੇ ਮਾਰਾਂ ਅੱਗੇ ਤੇਰੇ



ਡਾ.ਕਰਮਜੀਤ ਸਿੰਘ
91-98763-23862

ਸਮਾਜਿਕ ਦਿਉਰ-ਭਰਜਾਈ ਦੇ ਰਿਸ਼ਤੇ ਵਾਂਗ ਲੋਕ-ਗੀਤਾਂ ਵਿਚ ਵੀ ਇਹ ਰਿਸ਼ਤਾ ਅਨੇਕ ਰੰਗੀ ਹੈ। ਭਾਵੇਂ ਪਤੀ ਦੇ ਵਿਛੋੜਾ ਦੇਣ ਤੋਂ ਬਾਅਦ ਛੋਟੇ ਭਰਾ ਦੀ ਕਲਪਨਾ ਦੂਜੇ ਵਰ ਦੇ ਰੂਪ ਵਿਚ ਕੀਤੀ ਗਈ ਹੈ, ਪਰ ਇਹ ਰਿਸ਼ਤਾ ਏਨਾ ਸਿੱਧ-ਪੱਧਰਾ ਨਹੀਂ। ਵਿਆਹਿਆ ਵਰਿਆ ਦਿਉਰ ਸ਼ਰੀਕ ਵੀ ਹੈ। ਛੋਟੀ ਉਮਰ ਦਾ ਦਿਉਰ ਭਰਾਵਾਂ/ਪੁੱਤਰਾਂ ਵਰਗਾ ਹੀ ਹੈ। ਇਕੋ ਛੱਤ ਹੇਠ ਰਹਿੰਦਾ ਕੁਆਰਾ ਦਿਉਰ ਪ੍ਰੇਮੀ ਵੀ ਬਣ ਸਕਦਾ ਹੈ ਜਿਸ ਦਾ ਵਿਆਹ ਹੋਣ ’ਤੇ ਕਈ ਸਮਾਜਿਕ ਤਣਾਉ ਪੈਦਾ ਹੁੰਦੇ ਹਨ। ਕਈ ਵਾਰ ਦਿਉਰ ਵੱਲੋਂ ਭਰਜਾਈ ਵੱਲ ਅਗਾਂਹ ਵੱਧਣ ’ਤੇ ਘਰੇਲੂ ਸਬੰਧ ਵਿਗੜਦੇ ਹਨ। ਲੋਕ-ਗੀਤਾਂ ਵਿਚ ਕਦੇ ਦਿਉਰ 'ਟੁੱਟ ਪੈਣਾ’ ਬਣ ਜਾਂਦਾ ਹੈ ਜਦੋਂ ਉਹ ਹੱਸਦੀ ਭਰਜਾਈ ਦੇ ਦੰਦ ਗਿਣਦਾ ਹੈ। ਕਦੇ ਗਰਭਵਤੀ ਭਰ-ਜਾਈ ਉਸ ਪਾਸੋਂ ਮਿੱਟੀ ਮੰਗਵਾਉਂਦੀ ਹੈ। ਕਦੇ ਦੋਨੋਂ ਮਠਿਆਈ ਲਿਆ ਕੇ ਇਕੱਠੇ ਖਾਂਦੇ ਹਨ। ਇਕ ਗੀਤ ਵਿਚ ਦਿਉਰ ਦੀਆਂ 'ਗਹਿਰੀਆਂ ਅੱਖੀਆਂ’ ਦੇਖ ਕੇ ਕੁੜੀ ਮਾਂ ਨੂੰ ਉਸ ਨਾਲ ਨਾ ਤੋਰਨ ਦੀ ਸਲਾਹ ਦਿੰਦੀ ਹੈ ਜੋ ਮੰਨੀ ਨਹੀਂ ਜਾਂਦੀ। ਰਸਤੇ ਵਿਚ ਮੀਂਹ ਪੈਣ ’ਤੇ ਦਿਉਰ ਤੰਬੂ ਵਿਚ ਸੱਦਦਾ ਹੈ। ਤਣਾਉ ਕਿਸੇ ਦੁਰਘਟਨਾ ਵਿਚ ਤਾਂ ਨਹੀਂ ਖ਼ਤਮ ਹੁੰਦਾ ਪਰ ਔਰਤ ਆਪਣੇ ਪਤੀ ਨੂੰ ਮੱਝੀਆਂ ਚਾਰਦਿਆਂ ਦੇਖ ਕੇ ਕੋਲ਼ੇ ਹੋ ਜਾਂਦੀ ਹੈ ਤੇ ਸਲਵਾਤਾਂ ਸੁਣਾਉਂਦੀ ਹੈ ਪਰ ਪਤੀ ਆਰਾਮ ਨਾਲ ਭਰਾ ਨਾਲ ਹੇਜ਼ ਜਤਾ ਕੇ ਗੱਲ ਸਮਾਪਤ ਕਰ ਦਿੰਦਾ ਹੈ।

ਇਕ ਹੋਰ ਗੀਤ ਵਿਚ ਨੌਕਰ ਪਤੀ ਦੀ ਗ਼ੈਰ-ਹਾਜ਼ਰੀ ਵਿਚ ਦਿਉਰ, ਭਰਜਾਈ ਦੀ ਬਾਂਹ ਫੜ ਲੈਂਦਾ ਹੈ ਜਿਸ ਕਾਰਨ ਉਹ ਮਾਯੂਸ ਹੁੰਦੀ ਹੈ। ਨੌਕਰ ਅਸਲੀਅਤ ਨੂੰ ਜਾਣ ਕੇ ਭਰਾ ਨੂੰ ਮਾਰਨ ਲਈ ਤਲਵਾਰ ਧੂਹ ਲੈਂਦਾ ਹੈ ਪਰ ਪਤਨੀ ਦੀ ਇਸ ਦਲੀਲ ਅੱਗੇ ਨਿਹੱਥਾ ਹੋ ਜਾਂਦਾ ਹੈ ਕਿ ਭਰਾ ਮਰੇ ਤੇ ਬਾਂਹ ਵੱਢੀ ਜਾਂਦੀ ਹੈ, ਇਸ ਲਈ ਮਾਰਨਾ ਹੀ ਹੈ ਤਾਂ ਬਿਗਾਨੀ ਨੂੰ ਮਾਰਨਾ ਚਾਹੀਦਾ ਹੈ। ਜਿਸ ਦੇ ਮਰੇ ਬਾਅਦ ਹੋਰ ਵਿਆਹ ਹੋ ਸਕਦਾ ਹੈ। ਇਉਂ ਉਹ ਆਪ ਵੀ ਬਚ ਜਾਂਦੀ ਹੈ ਤੇ ਦਿਉਰ ਨੂੰ ਵੀ ਬਚਾ ਲੈਂਦੀ ਹੈ। ਉਸ ਦੀ ਇਸ ਕਰਨੀ ’ਤੇ ਸ਼ਾਬਾਸ਼ ਦਿੰਦਾ ਗੀਤ ਸਮਾਪਤ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਗੁੰਝਲਦਾਰ ਰਿਸ਼ਤਿਆਂ ਨੂੰ ਸਮਝਣ ਲਈ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਹੀ ਸਮਝਣ ਦੀ ਲੋੜ ਨਹੀਂ ਪੈਂਦੀ ਸਗੋਂ ਸਮੂਹਿਕ ਮਾਨਸਿਕਤਾ ਨੂੰ ਵੀ ਡੂੰਘਾਈ ਤੱਕ ਸਮਝਣਾ ਪੈਂਦਾ ਹੈ ਤਾਂ ਹੀ ਇਨ੍ਹਾਂ ਰਿਸ਼ਤਿਆਂ ਦੀਆਂ ਵਿਰੋਧਤਾਈਆਂ ਤੇ ਨਜ਼ਦੀਕੀਆਂ ਨੂੰ ਸਮੁੱਚਤਾ ਵਿਚ ਫੜੇ ਜਾਣ ਦੀ ਸੰਭਾਵਨਾ ਪੈਦਾ ਹੁੰਦੀ ਹੈ।

ਜਿਹੜਾ ਗੀਤ ਇਨ੍ਹਾਂ ਰਿਸ਼ਤਿਆਂ ਦੀ ਦਵੰਦ-ਾਤਮਕਤਾ ਨਾਲ ਜੁੜਿਆ ਮੈਂ ਪਾਠਕਾਂ ਨਾਲ ਸਾਂਝਾ ਕਰ ਰਿਹਾ ਹਾਂ, ਇਹ ਲੈਅ ਪੱਖੋਂ ਪੁਰਾਤਨ ਹੈ। ਇਹ ਮੈਂ ਮਾਮੀ ਕਿਸ਼ਨੋ ਤੇ ਨਾਨੀ ਲਾਭੀ ਤੋਂ ਸੁਣਿਆ ਸੀ। ਇਸ ਦਾ ਇਹ ਪਾਠ ਮੈਂ ਹੋਰ ਕਿਸੇ ਸੰਗ੍ਰਹਿ ਵਿਚ ਵੀ ਨਹੀਂ ਵੇਖਿਆ। ਗੀਤ ਦਿਉਰ ਤੋਂ ਕੀਤੀ ਮੰਗ ਨਾਲ ਸ਼ੁਰੂ ਹੁੰਦਾ ਹੈ। ਮੰਗ ਨਿਵੇਕਲੀ ਹੈ, ਜੋ ਹੋਰ ਥਾਉਂ ਕੀਤੀ ਨਹੀਂ ਮਿਲਦੀ।

ਨਾਗਰ ਵੇਲ ਫੁੱਲੀ ਵਿਚ ਵਿਹੜੇ।।2।।
ਵੇ ਦੇਰਾ ਉਹਦਾ ਫੁੱਲ ਲਿਆ ਦੇ।।2।।
ਸੁੱਖਾਂ ਸ਼ਾਮਲਿਆ।

ਗੀਤ ਦੇ ਚਾਰ ਮੋੜ ਹਨ ਤੇ ਅੰਤਲੇ ਪੰਜਵੇਂ ’ਤੇ ਲੰਮੀ ਹੇਕ। ਇਸ ਲੈਅ ਨੂੰ ਨਿਭਾਅ ਸਕਣਾ ਕਿਸ਼ਨੋ ਤੇ ਨਾਨੀ ਲਾਭੀ ਦਾ ਕੰਮ ਹੀ ਹੋ ਸਕਦਾ ਸੀ। ਜੋ ਉਨ੍ਹਾਂ ਬਿਨਾਂ ਕਿਸੇ ਰੁਕਾਵਟ ਤੋਂ ਗੀਤ ਦੇ ਅੰਤ ਤੱਕ ਕੀਤਾ।

ਨਾਗਰ ਵੇਲ ਫੁੱਲੀ ਵਿਚ ਵਿਹੜੇ।।2।।
ਨੀ ਭਾਬੋ ਤੋੜ ਗਈਉ ਸੂਹਿਆਂ ਵਾਲੀ।
ਸਾਡੇ ਹਾਣ ਦੀਏ।

ਵਿਹੜੇ ਵਿਚ ਸੁੰਦਰ ਵੇਲ ਦੇ ਫੁੱਲ ਖਿੜੇ ਹਨ, ਉਸ ਦੀ ਮੰਗ ਪੂਰੀ ਕਰਨੀ ਕੋਈ ਔਖੀ ਨਹੀਂ ਹੈ, ਪਰ ਉਹ ਫੁੱਲ 'ਦਿਉਰਾਣੀ’ ਲਾਲ ਸੂਹੇ ਕੱਪੜਿਆਂ ਵਾਲੀ ਨੇ ਪਹਿਲਾਂ ਹੀ ਤੋੜ ਲਏ ਹਨ। ਇਸ ਲਈ ਦਿਉਰ ਅਸਿੱਧੇ ਢੰਗ ਨਾਲ ਮੰਗ ਮੰਨਣ ਤੋਂ ਅਸਮਰੱਥ ਦਿਖਾਈ ਦਿੰਦਾ ਹੈ। 'ਸਾਡੇ ਹਾਣ ਦੀਏ’ ਦਿਉਰ ਦਾ ਸੰਬੋਧਨ ਭਾਵੁਕ ਸਾਂਝ ਵੀ ਦਰਸਾਉਂਦਾ ਹੈ। ਭਰਜਾਈ ਦੇ ਸ਼ਬਦ 'ਸੁੱਖਾਂ ਸ਼ਾਮਲਿਆ’ ਵੀ ਇਸੇ ਰਿਸ਼ਤੇ ਦੀ ਸੂਚਨਾ ਦਿੰਦੇ ਹਨ। ਪਰ ਦਿਉਰ 'ਸੂਹਿਆਂ ਵਾਲੀ’ ਤੇ 'ਹਾਣ ਦੀ’ ਦੇ ਵਿਚਕਾਰ ਫਸਿਆ ਵਿਖਾਈ ਦੇ ਰਿਹਾ ਹੈ। ਉਸ ਦੀ ਇਹ ਸਥਿਤੀ ਅਗਲੀਆਂ ਪੰਗਤੀਆਂ ਵਿਚ ਵੀ ਬਰਕਰਾਰ ਰਹਿੰਦੀ ਹੈ।

ਲੱਪ ਸੁਰਮਾ ਡੁਲ੍ਹਾ ਵਿਚ ਵਿਹੜੇ।।2।।
ਵੇ ਦਿਉਰਾ ਉਹੋ ਹੂੰਝ ਲਿਆ ਦੇ।।2।।
ਸਾਡੇ ਹਾਣ ਦਿਆ।
ਲੱਪ ਸੂਰਮਾ ਡੁਲ੍ਹਾ ਵਿਚ ਵਿਹੜੇ।।2।।
ਨੀ ਭਾਬੋ ਹੂੰਝ ਗਈਉ ਸੂਹਿਆਂ ਵਾਲੀ।।2।।
ਸਾਡੇ ਹਾਣ ਦੀਏ।

ਫੁੱਲ ਤੇ ਸੁਰਮਾ ਸ਼ਿੰਗਾਰ ਦੀਆਂ ਚੀਜ਼ਾਂ ਹਨ, ਪਰ ਪੰਜਾਬੀ ਸਭਿਆਚਾਰ ਵਿਚ ਕੇਵਲ ਸ਼ਿੰਗਾਰ ਦੀਆਂ ਵਸਤਾਂ ਨਾ ਰਹਿ ਕੇ ਇਹ ਸਭਿਆਚਾਰਕ ਸੁਹਜ ਦਾ ਅੰਗ ਵੀ ਬਣ ਗਈਆਂ ਹਨ। ਇਹੀ ਫੁੱਲ ਮੁੰਡੇ ਦੇ ਵਿਆਹ ’ਤੇ ਮਾਲਣ ਲੈ ਕੇ ਆਉਂਦੀ ਹੈ ਤੇ ਆਪਣਾ ਲਾਗ ਲੈਂਦੀ ਹੈ। ਸੁਰਮਾ ਮੁੰਡੇ ਦੇ ਵਿਆਹ ’ਤੇ ਭਰਜਾਈ ਦਿਉਰ ਨੂੰ ਪਾਉਂਦੀ ਹੈ। ਇਹ ਰਸਮ ਨਿਭਾਏ ਬਗ਼ੈਰ ਕੁਝ ਘਾਟ ਮਹਿਸੂਸ ਕੀਤੀ ਜਾਂਦੀ ਹੈ।

ਸਕੀ ਭਰਜਾਈ ਨਾ ਹੋਵੇ ਤਾਂ ਇਹ ਰਸਮ ਤਾਏ/ਚਾਚਿਉਂ ਲੱਗਦੀਆਂ ਭਰਜਾਈਆਂ ਪੂਰੀਆਂ ਕਰਦੀਆਂ ਹਨ। ਜਵਾਨ ਔਰਤ ਦੀ ਪਤੀ ਤੋਂ ਪਹਿਲਾਂ ਸੁਹਾਗਣ ਦੇ ਰੂਪ ਵਿਚ ਮੌਤ ਹੋ ਜਾਏ ਤਾਂ ਹੋਰ ਹਾਰ-ਸ਼ਿੰਗਾਰ ਦੇ ਨਾਲ ਉਸ ਨੂੰ ਅੰਤਿਮ ਸਮੇਂ ਸੁਰਮਾ ਵੀ ਜ਼ਰੂਰ ਪੁਆਇਆ ਜਾਂਦਾ ਹੈ। ਇਸੇ ਲਈ ਮੈਂ ਕਿਹਾ ਹੈ ਕਿ ਸੁਰਮਾ ਕੇਵਲ 'ਚੀਜ਼’ ਨਹੀਂ ਹੈ।

ਚਿੱਟੜੇ ਚਾਵਲ ਦੁੱਧ ਮਲਾਈਆਂ।।2।।
ਵੇ ਦੇਰਾਂ ਆ ਜਾ ਰਸੋਈ ਘਰ ਮੇਰੇ।।2।।
ਸਾਡੇ ਹਾਣ ਦਿਆ।

ਇੱਥੇ ਦਿਖਾਈ ਦਿੰਦੀ ਹੈ ਪੰਜਾਬੀ ਜੀਵਨ ਦੀ ਪ੍ਰਾਹੁਣਾਚਾਰੀ। ਘਰ ਕੁਝ ਹੋਵੇ ਜਾਂ ਨਾ ਪਰ ਪ੍ਰਾਹੁਣਿਆਂ ਲਈ ਚਿੱਟੇ ਚਾਉਲ, ਦੁੱਧ ਮਲਾਈਆਂ। ਇਹ ਪ੍ਰਾਹੁਣਾਚਾਰੀ ਇਸ ਲਈ ਵੀ ਹੈ ਕਿ ਦਿਉਰ ਨਾਲ ਭਾਵੁਕ ਸਾਂਝ ਵੀ ਹੈ। ਪਰ ਅਗਲੀਆਂ ਪੰਗਤੀਆਂ ਤੋਂ ਲੱਗਦਾ ਹੈ ਕਿ ਦਿਉਰ ਜਾਂ ਤਾਂ ਨੌਕਰ ਹੈ ਰਾਜੇ ਦਾ, ਜਾਂ ਫਿਰ ਉਹ ਕੋਈ ਬਹਾਨਾ ਕਰਦਾ ਹੈ।

ਅੱਜ ਰਸੋਈ ਮੈਨੂੰ ਰਾਜੇ ਦੇ ਵਿਹੜੇ।।2।।
ਨੀ ਭਾਬੋ ਭਲਕੇ ਖਾਵਾਂ ਘਰ ਤੇਰੇ।।2।।
ਸਾਡੇ ਹਾਣ ਦੀਏ।
ਰੱਤੜਾ ਪਲੰਘ ਚਿੱਟੜਾ ਵਛੌਣਾ।।2।।
ਵੇ ਦੇਰਾ ਅੱਜ ਸੌਵੀਂ ਘਰ ਮੇਰੇ,
ਸਾਡੇ ਹਾਣ ਦਿਆ।
ਅੱਜ ਤਾਂ ਸੌਣਾ ਮੈਂ ਰਾਜੇ ਦੇ ਡੇਰੇ।।2।।
ਨੀ ਭਾਬੋ ਭਲਕੇ ਸੌਵਾਂ ਘਰ ਤੇਰੇ।।2।।
ਸਾਡੇ ਹਾਣ ਦੀਏ।

ਦੇਖਣ ਵਾਲੀ ਗੱਲ ਇਹ ਹੈ ਕਿ ਭਰਜਾਈ ਨੇ ਦੋ ਕੰਮ ਕਰਨ ਲਈ ਕਹੇ-ਫੁੱਲ ਲਿਆਉਣ ਅਤੇ ਸੁਰਮਾ ਮੰਗਵ-ਾਉਣ ਦੇ। ਦੋਨਾਂ ਤੋਂ ਬਹਾਨੇ ਨਾਲ ਦਿਉਰ ਸੂਹਿਆਂ ਵਾਲੀ ਦਾ ਬਹਾਨਾ ਪਾ ਕੇ ਨਿਕਲ ਗਿਆ। ਇੱਥੇ ਫਿਰ ਦੋ ਕੰਮ/ਮੰਗਾਂ ਕਹੇ-ਘਰ ਖਾਣਾ ਖਾਣ ਲਈ ਤੇ ਆ ਕੇ ਸਉਣ ਲਈ। ਦੋਨੋਂ ਮੰਗਾਂ ਟਾਲ ਦਿੱਤੀਆਂ ਰਾਜੇ ਦਾ ਬਹਾਨਾ ਕਰਕੇ। ਇਸੇ ਲਈ ਅਗਲੀ ਪ੍ਰਤਿਕਿਰਿਆ ਬੜੀ ਤਿੱਖੀ ਹੈ, ਪਰ ਅਸੁਭਾਵਕ ਨਹੀਂ।

ਟੁੱਟੜੀ ਮੰਜੜੀ ਬਾਣ ਪੁਰਾਣਾ।।2।।
ਵੇ ਦੇਰਾ ਸਿੱਟ ਛੱਡਾਂ ਪਛਵਾੜੇ।।2।।
ਸਾਡੇ ਹਾਣ ਦਿਆ।

'ਰੱਤੜਾ ਪਲੰਘ, ਚਿੱਟੜਾ ਵਛੌਣਾ’ ਦੀ ਥਾਂ ਗੁੱਸੇ ਵਿਚ 'ਟੁੱਟੜੀ ਮੰਜੜੀ ਪੁਰਾਣੇ ਬਾਣ’ ਵਾਲੀ ਮਿਲੇਗੀ। ਬਦਲੇ ਦੀ ਭਾਵਨਾ ਨੇ ਸਭ ਕੁਝ ਉਲਟ-ਪੁਲਟ ਦਿੱਤਾ ਹੈ।

ਪਰ ਅਜੇ ਤਾਂ ਨਾਟਕ ਦਾ ਬਹੁਤ ਮਹੱਤਵਪੂਰਨ ਦ੍ਰਿਸ਼ ਸਾਹਮਣੇ ਆਉਣਾ ਹੈ। ਲੋਕ ਗੀਤ ਖ਼ਾਸ ਤੌਰ ਤੇ ਬਿਰਤਾਂਤਕ ਲੋਕ ਗੀਤਾਂ ਵਿਚ ਦ੍ਰਿਸ਼ ਬਦਲਦੇ ਹਨ, ਵਾਰਤਾਲਾਪ ਬਦਲਦੀ ਹੈ। ਭਾਵਨਾਵਾਂ ਅਨੁਸਾਰ ਸ਼ਬਦ ਮਿਠਾਸ ਗ੍ਰਹਿਣ ਕਰਦੇ ਹਨ, ਅੱਗ ਵਰ੍ਹਾਉਂਦੇ ਹਨ, ਘ੍ਰਿਣਾ ਦੀ ਮੂਰਤੀ ਬਣਦੇ ਹਨ, ਵਿਅੰਗ ਬਾਣ ਕੱਸਦੇ ਹਨ ਤੇ ਇਉਂ ਇਕ ਨਾਟਕ ਰਚਦੇ ਹਨ। ਇੱਥੇ ਵੀ ਇਉਂ ਹੀ ਹੋ ਰਿਹਾ ਹੈ।

ਅੱਧੀ ਰਾਤੀਂ ਕੋਈ ਪਿਛਲੇ ਪਹਿਰੇ।।2।।
ਵੇ ਦੇਰਾਂ ਕੁੰਡੜਾ ਕਿੰਨ ਖੜਕਾਇਆ।।2।।
ਸਾਡੇ ਹਾਣ ਦਿਆ।
ਅੱਧੀ ਅੱਧੀ ਰਾਤੀਂ ਕੋਈ ਪਿਛਲੇ ਪਹਿਰੇ।।2।।
ਭਾਬੋ ਕੁੰਡੜਾ ਮੈਂ ਖੜਕਾਇਆ।।2।।
ਸਾਡੇ ਹਾਣ ਦੀਏ।

ਉਪਰਲੀਆਂ ਏਨੀਆਂ ਅਵੱਗਿਆਵਾਂ ਤੋਂ ਬਾਅਦ ਵੀ ਜਦੋਂ ਦਿਉਰ ਭਰਜਾਈ ਦਾ ਕੁੰਡਾ ਖੜਕਾਏਗਾ ਤਾਂ ਕੀ ਵਾਪਰ ਸਕਦਾ ਹੈ ਉਸ ਬਾਰੇ ਸ੍ਰੋਤਾ ਮੁਸਕੜੀਏਂ ਹੱਸਦਾ ਹੈ।




ਨਾਟਕ ਦਾ ਰਸੀਲਾ ਸੀਨ ਦੇਖਣ ਲਈ।

ਪੈਰ ਮੇਰੇ ਬਨਾਰਸੀ ਸੀ ਜੋੜਾ।।2।।
ਵੇ ਦੇਰਾ ਲਾਹੇ ਮਾਰਾਂ ਸਿਰ ਤੇਰੇ।।2।।
ਕਿ ਸਾਡੇ ਹਾਣ ਦਿਆ।
ਹੱਥ ਮੇਰੇ ਰੰਗੀਲ ਸੀ ਸੋਟੀ।।2।।
ਭਾਬੋ ਲਾਹੇ ਸੁੱਟਾ ਪਾਸੇ ਤੇਰੇ।।2।।
ਸਾਡੇ ਹਾਣ ਦੀਏ।

ਸਰੋਤੇ ਨੇ ਸ਼ਾਇਦ ਇਹ ਨਹੀਂ ਸੀ ਸੋਚਿਆ ਕਿ ਗੱਲ ਜੁੱਤੀਆਂ (ਬਨਾਰਸੀ) ਤੇ ਡੰਡਿਆਂ (ਰੰਗੀਲ) ਤੱਕ ਪਹੁੰਚ ਜਾਵੇਗੀ, ਪਰ ਸਥਿਤੀ ਗੁਦਗੁਦਾਉਣ ਵਾਲੀ ਤਾਂ ਸੀ ਹੀ। ਇਸੇ ਲਈ ਇੱਥੇ ਆ ਕੇ ਨਾਨੀ ਲਾਭੀ ਤੇ ਮਾਮੀ ਕਿਸ਼ਨੀ ਗਾਉਣ ਦੇ ਨਾਲ-ਨਾਲ ਹੱਸ ਵੀ ਰਹੀਆਂ ਸਨ। ਜੁੱਤੀਆਂ ਡੰਡੇ ਚੱਲੇ ਨਹੀਂ। ਸਥਿਤੀ ਨਵੇਂ ਮੋੜ ’ਤੇ ਪਹੁੰਚ ਗਈ।

ਹੱਥ ਮੇਰੇ ਕੋਈ ਸੋਨੇ ਦੀਆਂ ਛਾਪਾਂ।।2।।
ਵੇ ਦੇਰਾ ਲਾਹੇ ਮਾਰਾਂ ਅੱਗੇ ਤੇਰੇ।।2।।
ਸਾਡੇ ਹਾਣ ਦਿਆ।

ਇਉਂ ਤੋੜ ਵਿਛੋੜੇ ਨਾਲ ਗੀਤ ਖ਼ਤਮ ਹੋ ਜਾਂਦਾ ਹੈ। ਸਰੋਤਾ ਇਕ ਪਾਸੇ ਗੀਤ ਦੀ ਲੈਅ ਵਿਚ ਗੜੂੰਦ ਹੁੰਦਾ ਹੈ ਤੇ ਦੂਜੇ ਪਾਸੇ ਉਹ ਰਿਸ਼ਤਿਆਂ ਦੀ ਗਰਮੀ ਮਹਿਸੂਸ ਕਰਦਾ ਹੈ ਤੇ ਤੀਜੇ ਉਹ ਆਪਣੇ ਸਾਹਮਣੇ ਹੁਣੇ ਨਾਟਕ ਹੁੰਦਿਆਂ ਦੇਖ ਕੇ ਹੱਟਿਆ ਹੈ। ਇਸੇ ਲਈ ਉਹ ਗੀਤ ਕਦੇ ਨਹੀਂ ਭੁੱਲ ਸਕਦਾ। ਲਿਖਤੀ ਰੂਪ ਵਿਚ ਮੈਂ ਦੇਖਿਆ ਹੈ ਕਿ ਇਸ ਗੀਤ ਨੇ ਕਿਸੇ ਦਾ ਧਿਆਨ ਨਹੀਂ ਖਿੱਚਿਆ। ਪਰ ਮੈਂ ਇਸ ਨੂੰ ਕਦੇ ਵੀ ਭੁੱਲ ਨਹੀਂ ਸਕਦਾ ਕਿਉਂਕਿ ਮੇਰੇ ਬੁਲ੍ਹਾਂ ’ਤੇ ਬਦੋ-ਬਦੀ ਇਸ ਦੀ ਲੈਅ ਖੇਡਣ ਲੱਗ ਪੈਂਦੀ ਹੈ।

ਨਾਗਰ ਵੇਲ ਫੁੱਲੀ ਵਿਚ ਵਿਹੜੇ।...

## "ਕਥਾਵਾਂ ਬਿਸਤ ਦੁਆਬ ਦੀਆਂ’’ ਦੀ ਤੀਜੀ ਕਿਸ਼ਤ




### ਪੇਸ਼ਾਵਰ ਡੁੱਬਦਾ

ਇਕ ਗੁਜਰੀ ਰੋਜ ਸ਼ਹਿਰ ਨੂੰ ਦੁੱਧ ਵੇਚਣ ਆਉਂਦੀ ਹੁੰਦੀ ਸੀ। ਰਸਤੇ ਵਿਚ ਇਕ ਦਰਿਆ ਪੈਂਦਾ ਸੀ। ਉਸਨੇ ਰੋਜ ਬੜੀ ਮੁਸ਼ਕਲ ਨਾਲ ਦਰਿਆ ਪਾਰ ਕਰਕੇ ਆਉਣਾ। ਦਰਿਆ ਕਿਨਾਰੇ ਕਈ ਕਈ ਘੰਟੇ ਬੈਠੀ ਰਹਿਣਾ। ਜਦੋਂ ਪਾਣੀ ਹੱਲ੍ਹਾ ਹੋਣਾ ਫਿਰ ਦਰਿਆ ਪਾਰ ਕਰਨਾ।

ਇਕ ਦਿਨ ਦੁੱਧ ਲੈ ਕੇ ਆਉਂਦੀ ਗੁਜਰੀ ਜਦੋਂ ਮੰਦਰ ਕੋਲੋਂ ਲੰਘਣ ਲੱਗੀ ਤਾਂ ਪੰਡਿਤ ਦੇ ਦੋ ਬੋਲ ਉਸਦੇ ਕੰਨੀਂ ਪੈ ਗਏ ਕਿ ਰਾਮ ਦੇ ਭਰੋਸੇ ਬੰਦਾ ਭਵਸਾਗਰ ਤਰ ਜਾਂਦਾ।

ਇਹੀ ਗੱਲ ਗੁਜਰੀ ਦੇ ਮਨ ਵਿਚ ਵਸਗੀ। ਦੁੱਧ ਵੇਚ ਕੇ ਵਾਪਸ ਆਉਂਦਿਆਂ ਗੁਜਰੀ ਨੇ ਰਾਮ ਦਾ ਨਾਂ ਲੈਣਾ ਸ਼ੁਰੂ ਕਰ ਦਿੱਤਾ। ਮਨ ਵਿਚ ਪੱਕਾ ਵਿਸ਼ਵਾਸ ਬਣਾ ਲਿਆ। ਗੁਜਰੀ ਰਾਮ ਦਾ ਨਾਂ ਲੈ ਕੇ ਦਰਿਆ ਵਿਚ ਠਿੱਲ੍ਹ ਪਈ। ਉਸਦਾ ਯਕੀਨ ਇੰਨਾ ਕਾਮਯਾਬ ਨਿਕਲਿਆ, ਪਾਣੀ ਗੋਡਿਆਂ ਤੋਂ ਉਤਾਂਹ ਨਾ ਗਿਆ ਠਹਾਂ ਹੀ ਰਿਹਾ।

ਗੁਜਰੀ ਨੇ ਇਸੇ ਤਰ੍ਹਾਂ ਰੋਜ਼ ਰਾਮ ਨਾਮ ਦਾ ਜਾਪ ਕਰਦਿਆਂ ਦਰਿਆ ਦੇ ਪਾਣੀ ਉੱਪਰ ਦੀ ਸ਼ਹਿਰ ਦੁੱਧ ਵੇਚਣ ਆਉਣਾ ਤੇ ਵੇਚ ਕੇ ਵਾਪਸ ਚਲੇ ਜਾਣਾ। ਸਵਾ ਮਹੀਨਾ ਇਸੇ ਤਰ੍ਹਾਂ ਲੰਘ ਗਿਆ। ਇਕ ਦਿਨ ਗੁਜਰੀ ਦੇ ਮਨ ਵਿਚ ਆਈ ਕਿ ਜਿਹਦੀ ਕਿਰਪਾ ਸਦਕਾ ਮੈਂ ਦਰਿਆ ਪਾਰ ਕਰਦੀ ਆਂ ਮੈਨੂੰ ਉਸਦਾ ਧੰਨਵਾਦ ਕਰਨਾ ਚਾਹੀਦਾ। ਇਹ ਸੋਚ ਕੇ ਗੁਜਰੀ ਪੰਡਿਤ ਕੋਲ ਗਈ ਤੇ ਕਿਹਾ, "ਗੁਰੂ ਜੀ ਤੁਹਾਨੂੰ ਮੇਰੇ ਘਰੇ ਨੇਂਦਾ।’’

ਨੇਂਦਾ ਸੁਣ ਕੇ ਪੰਡਿਤ ਬੜਾ ਖੁਸ਼ ਹੋਇਆ। ਗੁਜਰੀ ਨੂੰ ਪੁੱਛਣ ਲੱਗਾ ਕਿ ਕੀ ਕੰਮ ਕਰਦੇ ਹੋ ਤੁਸੀਂ। ਗੁਜਰੀ ਕਹਿੰਦੀ, "ਅਸੀਂ ਤਾਂ ਗੁੱਜਰ ਹਾਂ। ਦੁੱਧ ਵੇਚ ਕੇ ਆਪਣਾ ਗੁਜਾਰਾ ਕਰਦੇ ਹਾਂ।’’ ਪੰਡਿਤ ਨੱਕ ਚਾੜਦਿਆਂ ਬੋਲਿਆ, "ਫਿਰ ਤੁਸੀਂ ਤਾਂ ਨੀਚ ਹੋ। ਸਾਨੂੰ ਤੁਹਾਡੇ ਘਰ ਜਾਣ ਦਾ ਹੁਕਮ ਨਹੀਂ।’’

ਗੁਜਰੀ ਕਹਿੰਦੀ, "ਮਹਾਰਾਜ ਮੇਰੇ ਤੇ ਤੁਹਾਡੀ ਕਿਰਪਾ ਹੋਈ ਏ। ਮੈਂ ਤੁਹਾਡੀ ਕਿਰਪਾ ਨਾਲ ਹੀ ਦਰਿਆ ਪਾਰ ਕਰਕੇ ਦੁੱਧ ਵੇਚਣ ਆਉਂਦੀ ਹਾਂ। ਇਸੇ ਕਮਾਈ ’ਚੋਂ ਮੈਂ ਥੋੜ੍ਹੇ ਪੈਸੇ ਬਚਾ ਕੇ ਰੱਖੇ ਹਨ, ਉਹ ਤੁਹਾਨੂੰ ਭੇਟਾ ਕਰਨੇ ਹਨ। ਇਸ ਲਈ ਤੁਸੀਂ ਜ਼ਰੂਰ ਚੱਲੋ।’’ ਪੈਸੇ ਭੇਟਾ ਦੀ ਗੱਲ ਸੁਣ ਕੇ ਪੰਡਿਤ ਨੂੰ ਜਾਤੀ ਦਾ ਵੀ ਚੇਤਾ ਭੁੱਲ ਗਿਆ ਤੇ ਗੁਜਰੀ ਨਾਲ ਜਾਣ ਲਈ ਰਾਜੀ ਹੋ ਗਿਆ। ਪੰਡਿਤ ਕਹਿੰਦਾ, "ਮੈਂ ਚੱਲ ਤਾਂ ਪੈਂਦਾ ਪਰ ਦਰਿਆ ਕਿੱਦਾਂ ਪਾਰ ਕਰੂੰਗਾ।’’ ਗੁਜਰੀ ਕਹਿੰਦੀ, "ਮਹਾਰਾਜ ਇਹ ਕਿਹੜੀ ਗੱਲ ਆ। ਮੈਂ ਤੁਹਾਡੇ ਕੋਲੋਂ ਈ ਸਿੱਖਿਆ। ਮੂਹਰੇ ਮੂਹਰੇ ਮੈਂ ਹੋਣਾ ਪਿੱਛੇ ਪਿੱਛੇ ਤੁਸੀਂ ਆਈ ਜਾਇਓ।’’

ਸ਼ਹਿਰ ਵਿਚ ਦੁੱਧ ਵੇਚ ਕੇ ਵਾਪਸ ਮੁੜਦੀ ਹੋਈ ਗੁਜਰੀ ਪੰਡਿਤ ਹੁਰਾਂ ਨੂੰ ਨਾਲ ਲੈ ਕੇ ਦਰਿਆ ਪਾਰ ਕਰਨ ਲੱਗ ਪਈ। ਜਦੋਂ ਅੱਧ ਵਿਚਕਾਰ ਪਹੁੰਚ ਗਏ, ਗੁਜਰੀ ਦੇ ਤਾਂ ਗੋਡਿਆਂ ਤੋਂ ਥੱਲੇ ਪਾਣੀ ਤੇ ਪੰਡਿਤ ਹੁਰਾਂ ਦੇ ਗ਼ਲ-ਗ਼ਲ ਪਾਣੀ ਆ ਗਿਆ। ਪੰਡਿਤ ਹੋਰੀਂ ਲੱਗੇ ਵਿਲਕਣ। ਰੌਲ਼ਾ ਪਾਉਣ ਲੱਗ ਪਏ ਕਿ ਮੈਨੂੰ ਬਚਾ ਲੈ ਮੈਂ ਤਾਂ ਲੱਗਾ ਡੁੱਬਣ।

ਗੁਜਰੀ ਨੇ ਉਸੇ ਵਕਤ ਸੱਚੇ ਮਨ ਪ੍ਰਮਾਤਮਾ ਨੂੰ ਯਾਦ ਕੀਤਾ ਕਿ ਹੇ ਪ੍ਰਮਾਤਮਾ! ਇਹਨਾਂ ਨੂੰ ਬਚਾ ਲੈ। ਇਹ ਮੇਰੇ ਗੁਰੂ ਹਨ। ਇਸ ਤਰ੍ਹਾਂ ਗੁਜਰੀ ਨੇ ਪੰਡਿਤ ਦੀ ਬਾਂਹ ਫੜ ਕੇ ਉਸਨੂੰ ਦਰਿਆ ਪਾਰ ਕਰਵਾਇਆ।

### ਅਮਲ

ਪੁਰਾਣੇ ਸਮੇਂ ਦੇ ਵਿਆਹਾਂ ਅਤੇ ਤਿੱਥ ਤਿਉਹਾਰਾਂ ਤੇ ਮਾਹੌਲ ਅੱਜ ਵਰਗਾ ਨਹੀਂ ਸੀ। ਲੋਕਾਂ ਵਿਚ ਬੜੀ ਅਪਣੱਤ ਅਤੇ ਇਤਫ਼ਾਕ ਸੀ। ਵਿਆਹਾਂ ਸ਼ਾਦੀਆਂ ਤੇ ਬਾਕੀ ਦੇ ਲੋਕ ਤਦ ਜਾਂਦੇ ਸੀ ਜੇਕਰ ਪਹਿਲਾਂ ਘਰ ਦੇ ਸਾਰੇ ਇਕੱਠੇ ਹੋਣ। ਜੇ ਕੋਈ ਨਹੀਂ ਵੀ ਮੰਨਦਾ ਸੀ ਤਾਂ ਆਂਢ-ਗੁਆਂਢ ਦੇ ਸਿਆਣੇ ਬੁੜੇ ਉਸਦੇ ਘਰ ਡੇਰਾ ਜਮਾ ਦਿੰਦੇ ਸਨ ਅਤੇ ਕਿਸੇ ਨਾ ਕਿਸੇ ਤਰ੍ਹਾਂ ਸਮਝਾ ਬੁਝਾ ਕੇ ਉਸਨੂੰ ਦਿਨ ਬੰਨ੍ਹਣ ਸਮੇਂ ਲੈ ਹੀ ਆਉਂਦੇ ਸਨ।

ਇਕ ਵਾਰ ਇਸੇ ਤਰ੍ਹਾਂ ਇਕ ਸ਼ਖ਼ਸ ਨੇ ਆਪਣੇ ਪੁੱਤਰ ਦਾ ਵਿਆਹ ਰੱਖ ਲਿਆ। ਸਾਰੇ ਸਾਕ ਸਬੰਧੀਆਂ ਨੂੰ ਗੰਡਾਂ ਭੇਜ ਦਿੱਤੀਆਂ। ਪਰ ਉਸਦਾ ਭਰਾ ਨਾ ਵਿਆਹ ਵਿਚ ਆਉਣ ਲਈ ਮੰਨਿਆ। ਬਥੇਰੀਆਂ ਮਿੰਨਤਾਂ ਤਰਲੇ ਕੀਤੇ ਪਰ ਉਸਨੇ ਹਾਮੀ ਨਾ ਭਰੀ। ਕਿਸੇ ਸਿਆਣੇ ਬੰਦੇ ਨੇ ਸਲਾਹ ਦਿੱਤੀ ਕਿ ਇਸ ਤਰ੍ਹਾਂ ਕਰ ਇਹ ਜਾਂਦਾ ਵਾਰ ਐਤਵਾਰ ਸਤਸੰਗ ਸੁਣਨ। ਹੋਵੇ ਨਾ ਤਾਂ ਉਹਨਾਂ ਮਹਾਂਪੁਰਖਾਂ ਨਾਲ ਗੱਲਬਾਤ ਕਰ ਕੇ ਵੇਖ। ਉਸਨੇ ਇਸੇ ਤਰ੍ਹਾਂ ਕੀਤਾ। ਐਤਵਾਰ ਨੂੰ ਮਹਾਂਪੁਰਖਾਂ ਦੇ ਡੇਰੇ ਪਹੁੰਚ ਗਿਆ। ਸਤਸੰਗ ਖਤਮ ਹੋਇਆ। ਵਚਨ ਵਲਾਸ ਸ਼ੁਰੂ ਹੋ ਗਏ। ਮਹਾਂਪੁਰਖਾਂ ਨੇ ਨਵਾਂ ਬੰਦਾ ਦੇਖ ਕੇ ਆਖਿਆ, "ਹਾਂ ਬਈ ਭਗਤਾ ਤੂੰ ਦੱਸ ਕਿਸ ਤਰ੍ਹਾਂ ਆਇਆ।’’

"ਮਹਾਰਾਜ ਆਉਣਾ ਕਿਸ ਤਰ੍ਹਾਂ। ਹਾਅ ਮੇਰਾ ਭਰਾ ਏ। ਮੈਂ ਆਪਣੇ ਪੁੱਤਰ ਦਾ ਵਿਆਹ ਰੱਖਿਆ ਪਰ ਇਹ ਵਿਆਹ ਵਿਚ ਆਉਣ ਨੂੰ ਨਹੀਂ ਮੰਨਦਾ।’’ ਮਹਾਂਪੁਰਖ ਉਸਦੇ ਭਰਾ ਵੱਲ ਦੇਖਦੇ ਹੋਏ ਪੁੱਛਣ ਲੱਗੇ, "ਕਿਉਂ ਬਈ, ਕੀ ਗੱਲ ਆ। ਤੂੰ ਕਿਉਂ ਨਹੀਂ ਜਾ ਰਿਹਾ ਵਿਆਹ।’’



- ਡਾ. ਜਸਵੰਤ ਰਾਏ
91-98158-25999

"ਮਹਾਰਾਜ ਇਹਨੇ ਮੈਨੂੰ ਬਹੁਤ ਗਾਲਾਂ ਕੱਢੀਆਂ ਸੀ।’’

"ਕਿੰਨਾ ਕੁ ਚਿਰ ਹੋ ਗਿਆ।’’

"ਜੀ 10-12 ਸਾਲ ਹੋ ਗਏ।’’

ਮਹਾਂਪੁਰਖ ਬੜੇ ਸਿਆਣੇ ਸੀ। ਉਹਨਾਂ ਨੇ ਇਹ ਸਾਰੀ ਗੱਲਬਾਤ ਇਕ ਪਾਸੇ ਕਰ ਦਿੱਤੀ ਤੇ ਸਤਿਸੰਗੀ ਭਰਾ ਨੂੰ ਪ੍ਰਸ਼ਨ ਕੀਤਾ, "ਅੱਜ ਦਾ ਸਤਸੰਗ ਤੂੰ ਸੁਣਿਆਂ?’’ ਕਹਿੰਦਾ, "ਜੀ ਸੁਣਿਆ।’’ "ਅੱਛਾ! ਕਿਸ ਤਰ੍ਹਾਂ ਦਾ ਸੀ।’’

"ਜੀ ਬਹੁਤ ਵਧੀਆ। ਬੜੀ ਚੈਨ ਆਈ ਸੁਣ ਕੇ। ਬੜਾ ਆਲ੍ਹਾ ਸੀ।’’ ਮਹਾਂਪੁਰਖ ਕਹਿੰਦੇ, "ਕੀ ਕਿਹਾ ਸੀ ਸਤਸੰਗ ਵਿਚ? ਕਾਹਦੇ ਤੇ ਬੋਲੇ ਸਨ?’’ ਸਤਸੰਗੀ ਭਰਾ ਘਬਰਾ ਗਿਆ ਕਹਿਣ ਲੱਗਾ, "ਜੀ ਚੇਤਾ ਈ ਨੀਂ।’’ ਮਹਾਂਪੁਰਖ ਬੋਲੇ, "ਜਿਹੜੀ ਚੀਜ਼ ਸੁਣ ਕੇ ਚੇਤਾ ਈ ਨੀਂ। ਫਿਰ ਅਮਲ ਕਿੱਦਾਂ ਕਰੂੰਗਾ। ਅਮਲ ਕਾਹਦੇ ਤੇ ਕਰੇਂਗਾ। ਹਾਲੇ ਇਕ ਘੰਟਾ ਹੋਇਆ ਸਤਸੰਗ ਕੀਤੇ ਨੂੰ, ਤੂੰ ਕਹਿੰਦਾ ਭੁੱਲ ਗਿਆ। ਫਿਰ ਬਾਰਾਂ ਸਾਲਾਂ ਦੀਆਂ ਗਾ਼ਲਾਂ ਕਿਸ ਤਰ੍ਹਾਂ ਤੈਨੂੰ ਚੇਤੇ ਰਈਆਂ।’’

ਮਹਾਂਪੁਰਖਾਂ ਦੀਆਂ ਗੱਲਾਂ ਦਾ ਉਹਦੇ ਤੇ ਬੜਾ ਅਸਰ ਹੋਇਆ। ਉੱਠ ਕੇ ਚਰਨੀਂ ਡਿੱਗ ਪਿਆ ਤੇ ਉਸੇ ਪਲ ਆਪਣੇ ਭਰਾ ਨਾਲ ਵਿਆਹ ਵਿਚ ਸ਼ਾਮਿਲ ਹੋਣ ਲਈ ਤੁਰ ਪਿਆ।

# ਸਾਹਿਤਕ ਪੈੜਾਂ

# ਅਮਰੀਕਾ ਦੀ ਚੋਣਵੀਂ ਪੰਜਾਬੀ ਗ਼ਜ਼ਲ

ਸੰਪਾਦਕ
ਸੁਰਿੰਦਰ ਸੋਹਲ/ ਇੰਦਰਜੀਤ ਪੁਰੇਵਾਲ

## ਗ਼ਜ਼ਲ

### ਆਜ਼ਾਦ ਜਲੰਧਰੀ

ਮੈਂ ਹੱਮਦਮ ਗਰੀਬਾਂ ਦੀਆਂ ਬਸਤੀਆਂ ਦਾ।
ਮੈਂ ਵਾਸੀ ਹਾਂ ਖ਼ਾਮੋਸ਼ ਕੱਚਿਆਂ ਘਰਾਂ ਦਾ।

ਹੈ ਅੱਜ ਭੀ ਸਮੱਸਿਆ ਏ ਰੋਟੀ ਦੀ ਜਿੱਥੇ,
ਹੈ ਸਾਇਆ ਅਜੇ ਭੀ ਏ ਤੰਗਦਸਤੀਆਂ ਦਾ।

ਕਦੇ ਮੈਂ ਸੰਵਾਰੇ ਸੀ ਧਰਤੀ ਦੇ ਗੇਸੂ,
ਹੈ ਚੇਤਾ ਅਜੇ ਭੀ ਉਹ ਬੀਤੇ ਪਲਾਂ ਦਾ।

ਮੇਰੇ ਖੇਤ ਜੂਹਾਂ ਨੇ ਰੂਹ ਵਿਚ ਸਮਾਏ,
ਮੈਂ ਵਾਕਿਫ਼ ਹਾਂ ਖੂਹਾਂ, ਸੁਹਾਗੇ, ਹਲਾਂ ਦਾ।

ਮੈਂ ਚੜਸਾਂ ਤੇ ਹਲਟਾਂ ਦੇ ਪਾਣੀ ’ਚ ਤੱਕਿਆ,
ਸ਼ਹਿਰ ਦਾ ਮੁਕੱਦਰ ਪਸੀਨਾਂ ਗਰਾਂ ਦਾ।
ਸਦਾ ਤਨ ’ਤੇ ਓੜੀ ਏ ਮੈਂ ਧੁੱਪ ਦੀ ਚਾਦਰ,
ਮੈਂ ਸੁੱਖ ਮਾਣਿਆ ਨਈਂ ਏ ਰੁੱਖਾਂ ਦੀ ਛਾਂ ਦਾ।

ਹੈ ਵਸਦੀ ਲਹੂ ਵਿਚ ਮੇਰੇ ਬੋਲੀ ਮੇਰੀ,
ਮੈਂ ਜਾਇਆ ਹਾਂ ਖ਼ੁੱਦਦਾਰ ਪੰਜਾਬੀ ਮਾਂ ਦਾ।

ਜੋ ਸਾਹਿਤ ਦੇ ਵਾਰਿਸ ਤੇ ਭਾਸ਼ਾ ਦੇ ਰਾਖੇ,
ਮੈਂ ਖ਼ਾਦਿਮ ਹਾਂ ਯਾਰੋ ਉਹਨਾਂ ਦੋਸਤਾਂ ਦਾ।

ਇਹ ਗੁੰਮਨਾਮ ਸ਼ਾਇਰੀ ਨੂੰ ’ਆਜ਼ਾਦ’ ਮੇਰੀ,
ਸਹਾਰਾ ਏ ਨਾਨਕ ਤੇ ਬੁੱਲ੍ਹੇ ਦੇ ਨਾਂ ਦਾ।

## ਗ਼ਜ਼ਲ

### ਹਰਭਜਨ ਸਿੰਘ ਬੈਂਸ

ਦਾਨਿਸ਼ਵਰਾਂ ਤੋਂ ਸੁਣਦੇ ਆਏ ਹਾਂ ਆਮ ਕਰਕੇ।
ਘਰ ਦੀ ਪਛਾਣ ਬਣਦੀ ਘਰ ਦੇ ਨਿਜ਼ਾਮ ਕਰਕੇ।

ਗੁਮਨਾਮੀਆਂ ਦੇ ਸਿਰ ’ਤੇ ਧਰਦਾ ਜੋ ਨਾਮਵਰੀਆਂ,
ਚਾਹੇ ਤਾਂ ਤੋਰ ਸਕਦਾ ਨਾਮੋਂ-ਬਿਨਾਮ ਕਰਕੇ।

ਅੱਜ ਦਾ ਬਾਰੂਦਵਾਦੀ ਕਿੰਨਾ ਗ਼ਰੂਰਿਆ ਏ,
ਹੂਬਦੈ, ਮਸੂਮ ਜਗਦਾ ਜਿਊਣਾ ਹਰਾਮ ਕਰਕੇ।

ਚਾਹੁੰਦਾ ਬੇਸਮਝ ਬੰਦਾ, ਮਮਤਾ ਦਾ ਸੀਰ ਸਿੰਮੇ,
ਮਾਈਨਾਂ ਦੇ ਨਾਲ ਇਕ ਇਕ ਜ਼ਖਮੀਂ ਮਸਾਮ ਕਰਕੇ।

ਇਹ ਨਾਅਰਿਆਂ ਦੀ ਹਿਕਮਤ ਤੇ ਲਾਰਿਆਂ ਦੀ ਸੱਭਿਅਤਾ,
ਮਾਫ਼ਿਕ ਬੜੀ ਏ ਅੱਜ-ਕੱਲ੍ਹ ਗ਼ਾਫਿਲ ਅਵਾਮ ਕਰਕੇ।

ਹੈਂਕੜ ਤੇ ਦਬ-ਦਬਾਅ ਦਾ ਭੁੱਖਾ ਏ ਮਰਦ ਕਿੰਨਾ,
’ਮਾਂ’ ਦੇ ਸਮਾਜ ਨੂੰ ਵੀ ਰੱਖਦੈ ਗ਼ੁਲਾਮ ਕਰਕੇ।

’ਗੁਮਨਾਮ’ ਤਾਈਂ ਮੈਨੂੰ ਕੋਈ ਨਾ ਜਾਣਦਾ ਸੀ,
’ਪ੍ਰਭ ਜੀ’! ਪਛਾਣ ਬਣ ਗਈ ਬਖ਼ਸ਼ੇ ਕਲਾਮ ਕਰਕੇ।

## ਗ਼ਜ਼ਲ

### ਹਰਜਿੰਦਰ ਕੰਗ

ਕਦੋਂ ਮੈਂ ਮਾਲੀਆਂ ਨੂੰ ਹੁਣ ਖਿੜੀ ਗੁਲਜ਼ਾਰ ਦੀ ਚਿੰਤਾ।
ਖ਼ੁਦਾ ਨੂੰ ਵੀ ਨਹੀਂ ਹੈ ਆਪਣੇ ਸੰਸਾਰ ਦੀ ਚਿੰਤਾ।

ਕਹੋ ਹੁਣ ਏਸ ਨੂੰ ਹੈਵਾਨ ਭਾਵੇਂ ਜੰਗਲੀ ਖ਼ੂਨੀ,
ਨਹੀਂ ਹੈ ਆਦਮੀ ਨੂੰ ਆਪਣੇ ਕਿਰਦਾਰ ਦੀ ਚਿੰਤਾ।

ਸਿਰਾਂ ’ਤੇ ਬੰਨ੍ਹ ਕੇ ਕੱਫ਼ਨ ਸਿਰਾਂ ਦੀ ਖੇਡ ਜੋ ਖੇਡਣ,
ਦਿਲਾਂ ਵਿਚ ਪਾਲਦੇ ਨੇ ਉਹ ਕਦੋਂ ਫਿਰ ਹਾਰ ਦੀ ਚਿੰਤਾ।

ਬਨੇਰੇ ’ਤੇ ਸਜਾਉਣੇ ਸੀ ਅਸੀਂ ਵੀ ਰਾਂਗਲੇ ਗਮਲੇ,
ਕਿਸੇ ਵਿਧ ਮੁੱਕ ਜਾਂਦੀ ਜੇ ਕਿਤੇ ਰੁਜ਼ਗਾਰ ਦੀ ਚਿੰਤਾ।

ਘਰੋਂ ਬਾਹਰ ਗਿਆਂ ਦੀ ਮੰਗਦੇ ਨੇ ਸੁੱਖ ਘਰ ਵਾਲੇ,
ਘਰੋਂ ਬਾਹਰ ਗਿਆਂ ਨੂੰ ਹੁਣ ਰਹੇ ਘਰ-ਬਾਰ ਦੀ ਚਿੰਤਾ।

ਹੈ ਚਿੰਤਾ ਆਪਣੀ ਕੁਰਸੀ ਦੀ ਹੁਣ ਸਰਕਾਰ ਨੂੰ ਯਾਰੋ,
ਤੇ ਲੋਕਾਂ ਨੂੰ ਹੈ ਆਪੋ ਆਪਣੇ ਅਧਿਕਾਰ ਦੀ ਚਿੰਤਾ

ਮੈਂ ਤਰ ਚੁੱਕਾ ਹਾਂ ਪਹਿਲਾਂ ਹੀ ਸਮੁੰਦਰ ਇਹ ਕਈ ਵਾਰੀ,
ਬਚਾਓ ’ਕੰਗ’ ਜੀ ਕਿਸ਼ਤੀ ਕਰੋ ਪਤਵਾਰ ਦੀ ਚਿੰਤਾ।

## ਗ਼ਜ਼ਲ

### ਈਸ਼ਰ ਸਿੰਘ ਮੋਮਨ

ਮੈਂ ਤਾਂ ਤੇਰੇ ਉੱਤੋਂ ਆਪਣਾ ਜਹਾਨ ਵਾਰਿਆ।
ਦਿਲ ਵਾਰਿਆ ਤੇ ਦਿਲੀ ਅਰਮਾਨ ਵਾਰਿਆ।

ਮੈਨੂੰ ਆਪਣੇ ਪਰਾਏ ਸਾਰੇ ਰੋਕਦੇ ਰਹੇ,
ਜਦੋਂ ਆਪਣਾ ਮੈਂ ਦੀਨ ਤੇ ਈਮਾਨ ਵਾਰਿਆ।

ਪਹਿਲਾਂ ਵਾਲੇ ਤੇਰੇ ਕੋਲ ਇਕਰਾਰ ਨਾ ਰਹੇ,
ਪਹਿਲਾਂ ਵਾਂਗ ਮੈਂ ਤਾਂ ਮਾਨ-ਸਨਮਾਨ ਵਾਰਿਆ।

ਹਰ ਵਾਰ ਤੁਸਾਂ ਆਪਣੇ ਵਿਚਾਰ ਬਦਲੇ,
ਅਸੀਂ ਆਪਣਾ ਪਿਆਰਾ ਖ਼ਾਨਦਾਨ ਵਾਰਿਆ।

ਤੁਸੀਂ ਗ਼ੈਰਾਂ ਦੇ ਇਸ਼ਾਰੇ ਉੱਤੇ ਨੱਚਦੇ ਰਹੇ,
ਅਸੀਂ ਜਾਨ ਤੋਂ ਪਿਆਰਾ ਪੁੰਨ-ਦਾਨ ਵਾਰਿਆ।

ਰੱਖੀ ਇਕ ਵੀ ਨਾ ਯਾਦ ਸਾਨੂੰ ਦਿਲੋਂ ਭੁੱਲ ਕੇ,
ਭੁੱਲ ਭੁੱਲ ਕੇ ਵੀ ਆਪਾਂ ਨੇ ਧਿਆਨ ਵਾਰਿਆ।

ਅਸੀਂ ਰੱਬ ਵਾਂਗ ਤੁਸਾਂ ਨੂੰ ਹੈ ਸਦਾ ਪੂਜਿਆ,
ਅਸੀਂ ਰੱਬ ਨਾਲੇ ਰੱਬ ਦਾ ਗਿਆਨ ਵਾਰਿਆ।

ਮੈਨੂੰ ਤੇਰੀਆਂ ਵਧੀਕੀਆਂ ਨੇ ਮਾਰ ਸੁੱਟਿਆ,
ਮਨਾ ਮੋਮਨਾ ਨੇ ਨਫ਼ਾ-ਨੁਕਸਾਨ ਵਾਰਿਆ।

## ਗ਼ਜ਼ਲ

### ਸੁਰਿੰਦਰ ਸੋਹਲ

ਇਸ ਦੇ ਦਿਲ ਅੰਦਰ ਕੋਈ ਸੰਗੀਨ ਸਾਜ਼ਿਸ਼ ਪਲ ਰਹੀ ਹੈ।
ਅੱਗ ਤਾਂ ਹੀ ਬਰਫ਼ ਦਾ ਚਿਹਰਾ ਲਗਾ ਕੇ ਜਲ ਰਹੀ ਹੈ।

ਰੱਬ ਜਾਣੇ ਮੇਰੇ ਸਾਵ੍ਹੇਂ ਆਉਣ ਤੋਂ ਕਿਉਂ ਟਲ ਰਹੀ ਹੈ।
ਚਾਨਣੀ ਬੱਦਲ ਦੇ ਓਹਲੇ ਹੋ ਕੇ ਰਸਤਾ ਵਲ ਰਹੀ ਹੈ।

ਇਕ ਤਰਫ਼ ਤਾਂ ਲੋਕ ਸਿੱਲ੍ਹਾਂ-ਪੱਥਰਾਂ ਵਿਚ ਵਟ ਰਹੇ ਨੇ,
ਇਕ ਤਰਫ਼ ਪੱਥਰ ’ਚੋਂ ਹੱਸਦੀ ਮੂਰਤੀ ਨਿੱਕਲ ਰਹੀ ਹੈ।

ਇਤਰ ਭਿੱਜੀਆਂ ਰੰਗਲੀਆਂ ਇਸ ਨੇ ਬਹਾਰਾਂ ਵਰਨੀਆਂ ਨੇ,
ਇਸੇ ਕਰਕੇ ਪੱਤਝੜ ਜੰਗਲ ਨੂੰ ਵਟਣਾ ਮਲ ਰਹੀ ਹੈ।

ਮੈਂ ਤਾਂ ਘਰ ਹੀ ਛੱਡ ਆਇਆ ਸਾਂ ਮਹਿਕ, ਜਜ਼ਬੇ ਤੇ ਰਿਸ਼ਤੇ,
ਪਰ ਸਫ਼ਰ ਵਿਚ ਪੈੜ ਕਿਸਦੀ ਨਾਲ ਮੇਰੇ ਚਲ ਰਹੀ ਹੈ।

ਮਛਲੀਆਂ ਫੜ੍ਹਦਾ ਮੈਂ ਤਟ ’ਤੇ ਸੌਂ ਗਿਆ ਕਿ ਖ਼ਾਬ ਆਇਆ,
ਕੜ੍ਹ ਰਿਹਾ ਹੈ ਤੇਲ, ਇਸ ਵਿਚ ਮਛਲੀ ਮੈਨੂੰ ਤਲ ਰਹੀ ਹੈ।

## ਗ਼ਜ਼ਲ

### ਕਮਲ ਦੇਵ ਪਾਲ

ਅਦਾਲਤ ਤੁਸੀਂ ਕੈਦ ਕੀਤੀ ਚਿਰਾਂ ਦੀ।
ਕਿ ਸ਼ਾਇਦ ਹੈ ਇਸ ਨੂੰ ਜ਼ਰੂਰਤ ਨਿਆਂ ਦੀ।

ਅਸੀਂ ਹਾਂ ਉਹਨਾਂ ਦੀ ਗੁਪਤ ਲਿਸਟ ਉਤੇ,
ਅਸੀਂ ਖ਼ੈਰ ਮੰਗੀ, ਜਿਹਨਾਂ ਦੇ ਸਿਰਾਂ ਦੀ।

ਤੁਸੀਂ ਮੁਸਕਰਾਏ ਚਮਨ ਖਿਲ ਗਿਆ ਹੈ,
ਰਹੀ ਸਲਤਨਤ ਨਾ ਕਿਤੇ ਵੀ ਖ਼ਿਜ਼ਾਂ ਦੀ।

ਸ਼ਰੀਕਾਂ ਨੂੰ ਐਵੇਂ ਹੀ ਤਕਲੀਫ਼ ਹੋਈ,
ਰਜ਼ਾਮੰਦੀ ਹੋਈ ਜਦੋਂ ਦੋ ਧਿਰਾਂ ਦੀ।

ਬਦਲਦੇ ਰਹੇ ’ਪਾਲ’ ਕੁਰਸੀ ਦੇ ਪਾਤਰ,
ਇਹ ਗਿਰਵੀ ਰਹੀ ਹੈ ਸਦਾ ਪਾਤਰਾਂ ਦੀ।

## ਗ਼ਜ਼ਲ

### ਕੁਲਵਿੰਦਰ

ਕੌਣ ਕਹਿੰਦੈ ਖ਼ਾਕ ਹੇਠਾਂ ਖਤਮ ਹੋ ਜਾਵਾਂਗਾ ਮੈਂ।
ਮੈਂ ਮਚਲਦਾ ਬੀਜ ਹਾਂ, ਮਿੱਟੀ ’ਚੋਂ ਉੱਗ ਆਵਾਂਗਾ ਮੈਂ।

ਮੈਂ ਕਦੇ ਆਕਾਸ਼, ਧਰਤੀ, ਅੱਗ, ਪਾਣੀ ਜਾਂ ਹਵਾ,
ਕੀ ਪਤਾ ਕਿਸ ਕਿਸ ਤਰ੍ਹਾਂ ਦੇ ਰੂਪ ਵਿਚ ਆਵਾਂਗਾ ਮੈਂ।

ਗ਼ਮ ਨਹੀਂ ਜੇ ਰਾਹ ’ਚ ਪੱਥਰ ਹਨ, ਕੋਈ ਵੀ ਫੁੱਲ ਨਹੀਂ,
ਪੱਥਰਾਂ ਦੀ ਨੋਕ ’ਤੇ ਤੁਰਦਾ ਵੀ ਮੁਸਕਰਾਵਾਂਗਾ ਮੈਂ।

ਮੈਂ ਕਦੇ ਸੂਰਜ, ਸ਼ਮ੍ਹਾਂ, ਜੁਗਨੂੰ, ਚਿਣਗ, ਦੀਵਾ, ਮਸ਼ਾਲ,
ਬਾਲ ਕੇ ਖ਼ੁਦ ਨੂੰ ਵੀ ਤੇਰਾ ਸ਼ਹਿਰ ਰੁਸ਼ਨਾਵਾਂਗਾ ਮੈਂ।

ਜ਼ਿੰਦਗੀ! ਲੜਨਾ ਅਜੇ ਹੈ ਸੁਰਖ ਮੌਸਮ ਵਾਸਤੇ,
ਵਕਤ ਜਦ ਹੋਇਆ ਤਾਂ ਤੇਰੀ ਜ਼ੁਲਫ਼ ਸਮਝਾਵਾਂਗਾ ਮੈਂ।

ਤੋੜ ਕੇ ਸਭ ਰਿਸ਼ਤਿਆਂ ਨੂੰ, ਚੀਰ ਕੇ ਨੀਲਾ ਖ਼ਲਾਅ,
ਇਕ ਨਾ ਇਕ ਦਿਨ ਕਹਿਕਸ਼ਾਂ ਤੋਂ ਪਾਰ ਤੁਰ ਜਾਵਾਂਗਾ ਮੈਂ।

## ਗ਼ਜ਼ਲ

### ਇੰਦਰਜੀਤ ਪੁਰੇਵਾਲ

ਰੁੱਖਾਂ ਵਾਂਗੂ ਤੱਤੀਆਂ ਠੰਡੀਆਂ, ਪਿੰਡੇ ਉੱਤੇ ਸਹਿ ਜਾਂਦਾ ਹਾਂ।
ਸੱਜਣ ਮੌਸਮ ਵਾਂਗ ਬਦਲਦੇ, ਵੇਖ ਭੁਚੱਕਾ ਰਹਿ ਜਾਂਦਾ ਹਾਂ।

ਮੇਰੇ ਮਨ ਮਸਤਕ ਦੇ ਅੰਦਰ, ਸੋਚ ਦੇ ਦੰਗਲ ਚਲਦੇ ਰਹਿੰਦੇ,
ਕਈਆਂ ਨੂੰ ਮੈਂ ਢਾਹ ਲੈਂਦਾ ਹਾਂ, ਕਈਆਂ ਕੋਲੋਂ ਢਹਿ ਜਾਂਦਾ ਹਾਂ।

ਧੁੱਪ ਦੇ ਵਾਂਗੂ ਖਿੜਿਆ ਹੋਇਆ, ਸਿਖਰ ਦੁਪਹਿਰਾ ਰੁੱਸ ਨਾ ਜਾਵੇ,
ਵੇਖ ਕੇ ਸਿਰ ’ਤੇ ਚੜ੍ਹਿਆ ਬੱਦਲ, ਹਾਉਕਾ ਭਰ ਕੇ ਰਹਿ ਜਾਂਦਾ ਹਾਂ।

ਕੰਨਾਂ ਦੇ ਵਿਚ ਅੱਜ ਵੀ ਉਸਦੇ ਮਿੱਠੇ-ਮਿੱਠੇ ਬੋਲ ਸੁਣੀਂਦੇ,
ਨਾ ਚਾਹ ਕੇ ਵੀ ਬਹੁਤੀ ਵਾਰੀ ਯਾਦਾਂ ਅੰਦਰ ਵਹਿ ਜਾਂਦਾ ਹਾਂ।

ਪੱਕੀ ਗੱਲ ਹੈ ਹੋਰਾਂ ਵਾਂਗੂ ਮੇਰੇ ਵਿਚ ਵੀ ਔਗੁਣ ਹੋਣੈਂ,
ਸਭ ਤੋਂ ਵੱਡਾ ਔਗੁਣ ਮੇਰਾ, ਮੂੰਹ ’ਤੇ ਸੱਚੀਆਂ ਕਹਿ ਜਾਂਦਾ ਹਾਂ।

ਸੱਚ ਝੂਠ ਨੂੰ ਪੁੱਛਦਾ ਸੀ ਕੱਲ ਸੱਚੋ-ਸੱਚੀ ਦੱਸੀਂ ਮੈਨੂੰ,
ਸੱਚਾ ਹੁੰਦਾ ਹੋਇਆ ਵੀ ਮੈਂ ’ਕੱਲਾ ਕਾਹਤੋਂ ਰਹਿ ਜਾਂਦਾ।

## ਗ਼ਜ਼ਲ

### ਸੁਰਿੰਦਰ ਸੀਰਤ

ਨਜ਼ਰ ਨਜ਼ਰ ’ਚ ਤਾਂ ਕਿੰਨੇ ਸਵਾਲ ਹੁੰਦੇ ਹਨ।
ਦਬੀ ਦਬੀ ਜਿਹੀ ਚਾਹ ਵਿਚ ਉਬਾਲ ਹੁੰਦੇ ਹਨ।

ਨਾ ਪੁੱਜ ਸਕੀ ਤਿਰੇ ਤੀਕਰ, ਹਵਾ ਇਬਾਦਤ ਦੀ,
ਮਿਰੇ ਤਾਂ ਹਰ ਸਮੇਂ ਪਾਵਨ ਖ਼ਿਆਲ ਹੁੰਦੇ ਹਨ।

ਇਕੱਲ ’ਚ ਮੈਂ ਰਿਹਾ ਧੁਖਦਾ, ਤਦੇ ਈ ਸਾਹ ਮੇਰੇ,
ਧੂੰਆਂ ਧੂੰਆਂ ਕਦੀ, ਧੁੰਦਲੇ ਮਲਾਲ ਹੁੰਦੇ ਹਨ।

ਕਟੀ ਤੇ ਕਟ ਗਈ ਸਾਰੀ ਈ ਉਮਰ ਪਲਾਂ ਵਿਚ,
ਜੋ ਬਿਰਹੋਂ ਵਾਲੇ ਪਲ ਹੁੰਦੇ, ਮੁਹਾਲ ਹੁੰਦੇ ਹਨ।

ਤੁਸੀਂ ਹਮੇਸ਼ ਹੀ ਕਰਦੇ ਓ ਗੱਲ ਅਕਾਸ਼ਾਂ ਦੀ,
ਮਿਰੀ ਆਗ਼ੋਸ਼ ਵਿਚ ਧਰਤੀ ਪਤਾਲ ਹੁੰਦੇ ਹਨ।

ਮਿਰੇ ਹਸਾਸ ਦੇ ਪਲਾਂ ’ਚ ਗੁੰਮ ਕਈ ਚਿਹਰੇ,
ਜਦੋਂ ਵੀ ਭਾਲਦਾ ਸਭ ਨਾਲ ਨਾਲ ਹੁੰਦੇ ਹਨ।

ਅਨੇਕ ਰਾਹ ਮਿਲੇ, ਸਾਥੀ ਮਿਲੇ ਐਪਰ ਹੁਣਤਾਂ,
ਫ਼ਕਤ ਖ਼ਿਆਲ ਹੀ ’ਸੀਰਤ’ ਦੇ ਨਾਲ ਹੁੰਦੇ ਹਨ।

## ਗ਼ਜ਼ਲ

### ਜਗਜੀਤ

ਰਹਿ ਗਏ ਪਿੱਛੇ ਜੋ ਥਾਵਾਂ, ਚਿਹਰਿਆਂ ਨੂੰ ਖ਼ਤ ਲਿਖੀਂ।
ਤਾਂਘ ਵਿਚ ਜੋ ਤੜਪਦੇ ਨੇ ਰਸਤਿਆਂ ਨੂੰ ਖ਼ਤ ਲਿਖੀਂ।

ਜਦ ਮਹਾਂਨਗਰੀ ’ਚ ਅਪਣਾ ਆਪ ਜਾਪੇ ਗੁੰਮ ਗਿਆ,
ਸੜਕ ਹੇਠਾਂ ਦਬ’ਗੀਆਂ ਪਗਡੰਡੀਆਂ ਨੂੰ ਖ਼ਤ ਲਿਖੀਂ।

ਜ਼ਿੰਦਗੀ ਦੀ ਰਮਜ਼ ਜਦ ਆਏ ਤੇਰੇ ਕੁਝ ਸਮਝ ਵਿਚ,
ਝਗੜਕੇ ਕਾਲਜ ’ਚ ਵਿਛੜੇ ਦੋਸਤਾਂ ਨੂੰ ਖ਼ਤ ਲਿਖੀਂ।

ਬਾਲ ਜਦ ਮਨ ਮਰਜ਼ੀਆਂ ਵਿਚ ਦੇਣਗੇ ਤੈਨੂੰ ਵਿਸਾਰ,
ਮਾਪਿਆਂ ਦੀ ਕਬਰੀਂ ਉਗੇ ਬੂਝਿਆਂ ਨੂੰ ਖ਼ਤ ਲਿਖੀਂ।

ਹਾਣੀਆਂ ਸੰਗ ਟਾਹਲੀਆਂ ਤੋਂ ਬੋਟ ਜੋ ਡੇਗੇ ਕਦੇ,
ਦਰਦ ਵਿਚ ਜੇ ਔਣ ਚੇਤੇ ਪੰਛੀਆਂ ਨੂੰ ਖ਼ਤ ਲਿਖੀਂ।

## ਗ਼ਜ਼ਲ

### ਇਫ਼ਤਿਖਾਰ ਨਸੀਮ

ਰੱਬਾ ਜੇਕਰ ਪਰ ਲਾ ਦੇਵੇਂ ਇਕ ਦਿਨ ਬਾਵ੍ਹਾਂ ਨਾਲ।
ਚੰਨ ਦੀ ਕਾਲਖ ਧੋ ਆਵਾਂ ਮੈਂ ਆਪਣੇ ਸਾਵ੍ਹਾਂ ਨਾਲ।

ਤੇਰੇ ਆਣ ਦੀ ਖ਼ਬਰ ਕਿਉਂ- ਦੇਵੇ ਕਾਗਾ ਸ਼ੋਰ ਮਚਾ ਕੇ,
ਮੈਂ ਵੀ ਕੰਧ ’ਤੇ ਰੱਖ ਆਇਆ ਵਾਂ ਅੱਖਾਂ ਕਾਵਾਂ ਨਾ.ਲ।

ਕਮਰੇ ਦੇ ਵਿਚ ਬੱਤੀ ਬਾ.ਲ ਕੇ ਸਿਖਰ ਦੁਪਹਿਰੇ ਸੁੱਤੇ,
ਬਾਹਰ ਘਾਹ ’ਤੇ ਨੰਗੀ ਧੁੱਪ ਸੀ ਲੇਟੀ ਛਾਵਾਂ ਨਾਲ।

ਵੇਲੇ ਡਾਕੂ ਬਣ ਕੇ ਸਾਰੀ ਉਮਰ ਕਮਾਈ ਖੋਹੀ,
ਹੁਣ ਕੀ ਵਤਨਾਂ ਵੱਲ ਤਕਨਾਂ ਏਂ ਬਹਿ ਕੇ ਰਾਵ੍ਹਾਂ ਨਾਲ।

ਆ ’ਇਫ਼ਤੀ’ ਹੁਣ ਵਾਪਸ ਚਲੀਏ ਬਰਫ਼ ਦੇ ਬਲ ਨੂੰ ਛੱਡ ਕੇ,
ਉਥੇ ਜਿੱਥੇ ਫੁੱਲ ਖਿੜਕੇ ਨੇ ਗਰਮ ਹਵਾਵਾਂ ਨਾ.ਲ।

## ਗ਼ਜ਼ਲ

### ਸੁਖਦਰਸ਼ਨ ਧਾਲੀਵਾਲ

ਫ਼ਾਸਲਾ ਦੋਹਾਂ ’ਚ ਜੋ ਸੀ, ਮਿਟ ਨਾ ਸਕਿਆ ਉਮਰ ਭਰ।
ਚੁਪ ਦਾ ਦਰਿਆ ਪਾਰ ਦੋਹਾਂ ਨੇ ਨਾ ਕਰਿਆ ਉਮਰ ਭਰ।

ਸੀ ਤਮੰਨਾ ਸੁਲਗਦੀ ਦਿਲ ਵਿਚ ਕਿ ਉਹ ਪਾਣੀ ਬਣੇ,
ਪਰ ਪਿਘਲ ਕੇ ਮੈਂ ਵੀ ਬਣ ਸਕਿਆ ਨਾ ਦਰਿਆ ਉਮਰ ਭਰ।

ਪਹੁੰਚਦੀ ਅਹਿਸਾਸ ਤੀਕਣ ਕਿੰਝ ਮੇਰੀ ਆਰਜ਼ੂ,
ਸੀ ਜੋ ਦਿਲ ਮੇਰੇ ’ਚ, ਉਹ ਮੈਂ ਕਹਿ ਨਾ ਸਕਿਆ ਉਮਰ ਭਰ

ਸੋਚਦਾ ਸੀ ਮੈਂ ਕਿ ਉਹ ਪੱਥਰ ਹੈ ਆਪਣੀ ਸੋਚ ਵਿਚ,
ਪਰ ਮੈਂ ਵੀ ਤਾਂ ਰੂਹ ਵਿਚ ਸ਼ੀਸ਼ਾ ਨਾ ਬਣਿਆ ਉਮਰ ਭਰ।

ਹਰ ਕਰਮ ਰੌਸ਼ਨ ਹੋ ਸਕਦਾ ਸੀ ਮੁਹੱਬਤ ਨਾਲ ਪਰ,
ਜਜ਼ਬਿਆਂ ਵਿਚ ਦਰਦ ਦਾ ਸੂਰਜ ਨਾ ਚੜ੍ਹਿਆ ਉਮਰ ਭਰ।

# ਯੂਬਾ ਸਿਟੀ 'ਚ ਭਗਵਾਨ ਵਾਲਮੀਕ ਜੀ ਦੀ ਮੂਰਤੀ ਸਥਾਪਨਾ









**ਯੂਬਾ ਸਿਟੀ–** ਬੀਤੀ 27, 28 ਫਰਵਰੀ ਅਤੇ 1 ਮਾਰਚ ਨੂੰ ਮਹਾਂਰਿਸ਼ੀ ਵਾਲਮੀਕ ਸਭਾ ਯੂਬਾ ਸਿਟੀ ਵੱਲੋਂ ਪਰੇਸੀ ਐਵੇਨਿਊ ਯੂਬਾ ਸਿਟੀ ਵਿਖੇ ਭਗਵਾਨ ਵਾਲਮੀਕ ਮੰਦਰ ਵਿਖੇ ਭਗਵਾਨ ਵਾਲਮੀਕ ਜੀ ਦੀ ਮੂਰਤੀ ਸ਼ਰਧਾ ਪੂਰਵਕ ਸਕਾਪਤ ਕੀਤੀ ਗਈ, ਜਿਸ ਦਾ ਵਿਧੀ ਵਿਧਾਨ ਅਨੁਸਾਰ ਪੰਡਤ ਰਾਮ ਵਿਲਾਸ ਪਾਂਡੇ (ਸੈਕਰਾਮੈਂਟੋਂ ਵਾਲੇ) ਨੇ ਬੜੇ ਹੀ ਸਤਿਕਾਰ ਨਾਲ ਪੂਜਾ ਅਤੇ ਹਵਨ ਸਮਾਪਨ ਕੀਤਾ।

ਇਹਨਾਂ ਤਿੰਨਾਂ ਦਿਨਾਂ ਵਿਚ ਭਾਰੀ ਗਿਣਤੀ 'ਚ ਸੰਗਤਾਂ ਨੇ ਮੰਦਰ ਪਹੁੰਚ ਕੇ ਭਗਵਾਨ ਵਾਲਮੀਕ ਜੀ ਦੀ ਮੂਰਤੀ ਦੇ ਦਰਸ਼ਨ ਕੀਤੇ ਅਤੇ ਆਪਣੇ ਜੀਵਨ ਨੂੰ ਸਫਲ ਬਣਾਉਣ ਲਈ ਪ੍ਰਾਰਥਨਾ ਕੀਤੀ।

ਮੂਰਤੀ ਸਥਾਪਨਾ ਦਿਵਸ ਦੇ ਆਖਰੀ ਦਿਨ ਪੰਡਤ ਰਾਮ ਵਿਲਾਸ ਪਾਂਡੇ ਨੇ ਭਗਵਾਨ ਵਾਲਮੀਕ ਜੀ ਦੇ ਜੀਵਨ ਬਾਰੇ ਵਿਸਥਾਰ ਨਾਲ ਵਿਆਖਿਆ ਕੀਤੀ ਅਤੇ ਗੁਣਗਾਨ ਕੀਤਾ। ਉਹਨਾਂ ਨੇ ਭਗਵਾਨ ਵਾਲਮੀਕ ਜੀ ਬਾਰੇ ਦੱਸਿਆ ਕਿ ਇਹਨਾਂ ਨੇ ਰਾਮ ਜਨਮ ਤੋਂ 10 ਹਜ਼ਾਰ ਸਾਲ ਪਹਿਲਾਂ ਰਮਾਇਣ ਦੀ ਰਚਨਾ ਕੀਤੀ ਅਤੇ ਜਦੋਂ ਸ੍ਰੀ ਰਾਮ ਨੇ ਸੀਤਾ ਮਾਤਾ ਦਾ ਪਰਤਿਆਗ ਕੀਤਾ ਤਾਂ ਉਸ ਵੇਲੇ ਭਗਵਾਨ ਵਾਲਮੀਕ ਜੀ ਨੇ ਸੀਮਾ ਮਾਤਾ ਨੂੰ ਸ਼ਰਨ ਵਿਚ ਲਿਆ ਜਦੋਂ ਕਿ ਉਹ ਗਰਭਵਤੀ ਸੀ। ਬਾਅਦ ਵਿਚ ਸੀਤਾ ਮਾਤਾ ਦੇ ਬੱਚਿਆਂ ਲਵ ਅਤੇ ਕੁਸ਼ ਦਾ ਪਾਲਣ ਪੋਸ਼ਣ ਕੀਤੀ ਅਤੇ ਉਹਨਾਂ ਨੂੰ ਅਸ਼ਤਰ ਅਤੇ ਸ਼ਸਤਰ ਦੀ ਵਿੱਦਿਆ ਪ੍ਰਦਾਨ ਕੀਤੀ।

ਭਗਵਾਨ ਵਾਲਮੀਕ ਜੀ ਦੀ ਕਿਰਪਾ ਨਾਲ ਚਾਹ ਪਾਣੀ ਅਤੇ ਲੰਗਰ ਦਾ ਸਾਰੀਆਂ ਸੰਗਤਾਂ ਵੱਲੋਂ ਖਾਸ ਪ੍ਰਬੰਧ ਸੀ, ਜਿਹੜਾ ਕਿ ਤਿੰਨ ਦਿਨ ਅਤੁੱਟ ਚਲਦਾ ਰਿਹਾ। ਇਹ ਜਾਣਕਾਰੀ ਪ੍ਰੇਮ ਲਾਲ ਸੌਂਧੀ ਪ੍ਰਧਾਨ ਵੱਲੋਂ ਮੀਡੀਆ ਨੂੰ ਜਾਰੀ ਕੀਤੀ ਗਈ। ਹੋਰ ਜਾਣਕਾਰੀ ਲਈ 530-301-7700 ਜਾਂ 530-751-3887 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦਾ ਸਥਾਪਨਾ ਦਿਵਸ ਮਨਾਇਆ ਗਿਆ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦਾ ਸਥਾਪਨਾ ਦਿਵਸ 15 ਮਾਰਚ ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਬੰਧਤ ਅਖੰਡ ਪਾਠ ਸਾਹਿਬ 13 ਮਾਰਚ ਨੂੰ ਸਵੇਰੇ 11 ਵਜੇ ਆਰੰਭ ਕੀਤੇ ਗਏ। 15 ਮਾਰਚ ਨੂੰ ਪੰਥ ਦੇ ਪ੍ਰਸਿੱਧ ਰਾਗੀ- ਪ੍ਰਚਾਰਕ ਜਥਿਆਂ ਨੇ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤੇ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।









# ਸ੍ਰੀ ਗੁਰੂ ਰਵਿਦਾਸ ਸਭਾ ਸੇਲਮਾ (ਕੈਲੀਫੋਰਨੀਆ) ਵੱਲੋਂ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ































Pictures by: Prem K. Chumber & Desraj Bangar

## ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਅਛੂਤ ਦਾ ਸਵਾਲ ਅਤੇ ਅਮਰ ਸ਼ਹੀਦ ਭਗਤ ਸਿੰਘ



ਡਾ. ਜੀ.ਸੀ. ਕੌਲ,
ਐਮ.ਏ., ਪੀ. ਐਚ. ਡੀ.,
ਮੋਬ. 94632-23223

ਭਾਰਤ ਵਿਚ ਆਰੀਅਨ ਦੇ ਪ੍ਰਵੇਸ਼ ਨਾਲ ਹੀ ਸੁੱਚ,ਭਿੱਟ, ਸੂਤਕ, ਕਰਮ-ਕਾਂਡ, ਵਰਨ-ਵੰਡ, ਛੂਤ-ਅਛੂਤ, ਅੰਧ-ਵਿਸ਼ਵਾਸ, ਬਹੁ-ਦੇਵਵਾਦ ਵਰਗੇ ਅਪ੍ਰਕ੍ਰਿਤਕ, ਅਤਾਰਕਿਕ, ਅਣਮਨੁੱਖੀ ਅਤੇ ਅਸਮਾਨਤਾ ਭਰੇ ਵਰਤਾਰਿਆਂ ਦੀ ਸ਼ੁਰੂਆਤ ਵੀ ਹੋ ਜਾਂਦੀ ਹੈ। ਆਰੀਅਨ ਨੇ ਇਸ ਦੇਸ਼ ਵਿਚ ਪ੍ਰਭੂਸੱਤਾ ਕਾਇਮ ਕਰਨ ਲਈ ਚਾਰ ਵੇਦਾਂ, ਅਨੇਕ ਸਿਮ੍ਰਿਤੀਆਂ, ਸ਼ਾਸਤਰਾਂ ਅਤੇ ਅਖੌਤੀ ਧਾਰਮਿਕ ਗ੍ਰੰਥਾਂ ਦੀ ਰਚਨਾ ਦੁਆਰਾ ਇਕ ਅਜਿਹਾ ਰਾਜਨੀਤਕ, ਅਧਿਆਤਮਿਕ, ਸਮਾਜਿਕ ਅਤੇ ਆਰਥਿਕ ਸਿਸਟਮ ਉਸਾਰ ਲਿਆ ਕਿ ਸਦੀਆਂ ਬੀਤ ਜਾਣ ਉਪਰੰਤ ਅਜੋਕੇ ਵਿਗਿਆਨਕ ਯੁੱਗ ਵਿਚ ਵੀ ਹਜ਼ਾਰਾਂ ਜਾਤਾਂ ਵਿਚ ਵੰਡੇ ਹੋਏ ਭਾਰਤੀ ਆਪਣੀ ਜਾਤੀ ਸ੍ਰੇਸ਼ਟਤਾ ਅਤੇ ਧਾਰਮਿਕ ਉੱਚਤਾ ਦੇ ਵਿਚਾਰ ਅਧੀਨ ਆਪਣੇ ਹੀ ਦੇਸ਼ ਵਾਸੀਆਂ ਨੂੰ ਘ੍ਰਿਣਾ ਅਤੇ ਹਿਕਾਰਤ ਭਰੀ ਨਜ਼ਰ ਨਾਲ ਦੇਖਦੇ ਹਨ।

1923 ਵਿਚ ਕਾਕੀਨਾੜਾ (ਆਂਧਰਾ ਪ੍ਰਦੇਸ਼) ਵਿਚ ਕਾਂਗਰਸ ਦੇ ਸਾਲਾਨਾ ਅਜਲਾਸ ਵਿਚ ਮੁਹੰਮਦ ਅਲੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਭਾਰਤ ਦੇ ਅਛੂਤਾਂ ਨੂੰ ਹਿੰਦੂ, ਮੁਸਲਮਾਨ ਅਤੇ ਈਸਾਈ ਮਿਸ਼ਨਰੀ ਸੰਸਥਾਵਾਂ ਵਿਚ ਵੰਡ ਦੇਣ ਦਾ ਸੁਝਾਅ ਪੇਸ਼ ਕੀਤਾ। ਅਰਥਾਤ ਅਛੂਤਾਂ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਅਤੇ ਤਿੰਨਾਂ ਹੀ ਧਰਮਾਂ ਵਿਚ ਸ਼ਾਮਿਲ ਕਰਕੇ ਇਨ੍ਹਾਂ ਨੂੰ ਪੱਕੇ ਤੌਰ 'ਤੇ ਗੁਲਾਮ ਬਣਾਏ ਜਾਣ ਦੀ ਸਾਜਿਸ਼ ਰਚੀ ਜਾਣ ਲੱਗੀ। ਇਨ੍ਹਾਂ ਦੀ ਇਸ ਸੋਚ ਵਿਰੁੱਧ ਹੀ ਭਾਰਤ ਦੇ ਵਿਭਿੰਨ ਖੇਤਰਾਂ ਵਿਚ ਆਦਿ ਧਰਮੀ, ਆਦਿ ਹਿੰਦੂ ਅਤੇ ਆਦਿ ਦ੍ਰਾਵਿੜ ਵਰਗੇ ਵੱਖੋ-ਵੱਖਰੇ ਅੰਦੋਲਨ ਦਲਿਤ ਅਥਵਾ ਅਛੂਤਾਂ ਵਿਚ ਆਰੰਭ ਹੁੰਦੇ ਹਨ। ਪੰਜਾਬ ਵਿਚ ਬਾਬੂ ਮੰਗੂ ਰਾਮ ਮੁੱਗੋਵਾਲ ਦੀ ਅਗਵਾਈ ਹੇਠ 11-12 ਜੂਨ 1926 ਨੂੰ ਆਦਿ ਧਰਮੀਆਂ ਦੇ ਅਸਤਿਤਵ ਦੀ ਲੜਾਈ ਲੜਨ ਅਤੇ ਇਨ੍ਹਾਂ ਦੇ ਮਾਨਵੀ ਅਧਿਕਾਰਾਂ ਦੀ ਸੁਰੱਖਿਆ ਲਈ ਆਦਿ ਧਰਮ ਮੰਡਲ ਦੀ ਸਥਾਪਨਾ ਹੁੰਦੀ ਹੈ।

ਭਾਰਤੀ ਸਮਾਜ ਦੀ ਇਸ ਸਮਾਜਿਕ ਸੰਰਚਨਾ ਅਧੀਨ ਇਥੋਂ ਦੇ ਆਦਿਵਾਸੀ ਮਿਹਨਤਕਸ਼ ਸ਼ਿਲਪਕਾਰਾਂ ਨੂੰ ਅਛੂਤ ਬਣਾਏ ਜਾਣ ਉਪਰੰਤ ਉਨ੍ਹਾਂ ਦੀ ਹੋ ਰਹੀ ਖਰੀਦੋ-ਫਰੋਖਤ, ਨਿਰਾਦਰੀ ਅਤੇ ਦੁਰਦਸ਼ਾ ਬਾਰੇ ਪੰਜਾਬ ਦੇ ਅਮਰ ਸ਼ਹੀਦ ਇਨਕਲਾਬੀ ਨੌਜਵਾਨ ਭਗਤ ਸਿੰਘ ਦੁਆਰਾ 'ਕਿਰਤੀ' ਜੂਨ 1928 ਦੇ ਅਖ਼ਬਾਰ ਵਿਚ 'ਅਛੂਤ ਦਾ ਸਵਾਲ' ਸਿਰਲੇਖ ਅਧੀਨ ਇਕ ਇਤਿਹਾਸਕ ਲੇਖ ਲਿਖਿਆ ਗਿਆ। ਇਸ ਲੇਖ ਵਿਚ ਉਨ੍ਹਾਂ ਨੇ ਭਾਰਤ ਦੇ ਅਖੌਤੀ ਉੱਚ ਵਰਗ ਦੀ ਗ੍ਰਹਿਣੀ ਹੋਈ ਕਲੰਕਿਤ ਸੋਚ ਦੀਆਂ ਧੱਜੀਆਂ ਉਡਾਈਆਂ ਹਨ। ਉਨ੍ਹਾਂ ਨੇ ਹਿੰਦੂਆਂ ਵਲੋਂ ਅਛੂਤਾਂ ਨਾਲ ਕੀਤੇ ਜਾਂਦੇ ਅਣਮਨੁੱਖੀ ਵਰਤਾਰੇ ਦੇ ਕਈ ਧਾਰਮਿਕ ਸ਼ਾਬਦਿਕ ਚਿੱਤਰ ਇਸ ਲੇਖ ਵਿਚ ਉਲੀਕੇ ਹਨ। ਅਛੂਤਾਂ ਨਾਲ ਛੂਹੇ ਜਾਣ 'ਤੇ ਭ੍ਰਿਸ਼ਟੇ ਜਾਂਦੇ ਧਰਮ, ਮੰਦਿਰ ਪ੍ਰਵੇਸ਼ 'ਤੇ ਦੇਵਤਿਆਂ ਦੀ ਨਾਰਾਜ਼ਗੀ ਅਤੇ ਅਛੂਤਾਂ ਵਲੋਂ ਖੂਹ ਤੋਂ ਪਾਣੀ ਕੱਢ ਲੈਣ ਉਪਰੰਤ ਭਿੱਟੇ ਜਾਂਦੇ ਖੂਹ ਆਦਿ ਦੇ ਦਕੀ-ਆਨੂਸੀ ਵਿਚਾਰਾਂ 'ਤੇ ਤਿੱਖੇ ਵਿਅੰਗ ਇਸ ਲੇਖ ਵਿਚ ਕੀਤੇ ਗਏ ਹਨ। ਸ਼ਹੀਦ ਭਗਤ ਸਿੰਘ ਲਿਖਦੇ ਹਨ_

"ਸਾਡੇ ਮੁਲਕ ਜਿੰਨੀ ਭੈੜੀ ਹਾਲਤ ਕਿਸੇ ਹੋਰ ਮੁਲਕ ਦੀ ਨਹੀਂ। ਇਥੇ ਅਜੀਬ ਤੋਂ ਅਜੀਬ ਸਵਾਲ ਪੈਦਾ ਹੋਏ ਹੁੰਦੇ ਹਨ, ਜਿਨ੍ਹਾਂ ਨੂੰ ਸੁਣਦਿਆਂ ਹੀ ਸ਼ਰਮ ਆਉਂਦੀ।"

ਭਾਰਤ ਦੇ ਅਧਿਆਤਮਵਾਦੀ ਫਲਸਫੇ ਦੇਸ਼ ਹੋਣ ਅਤੇ ਅੰਗਰੇਜ਼ਾਂ ਤੋਂ ਬਰਾਬਰੀ ਦੇ ਅਧਿਕਾਰ ਮੰਗੇ ਜਾਣ 'ਤੇ ਵੀ ਭਗਤ ਸਿੰਘ ਹੋਰਾਂ ਨੇ ਤਿੱਖਾ ਕਟਾਖਸ਼ ਕੀਤਾ ਹੈ। ਅਛੂਤ ਦੇ ਸਵਾਲ 'ਤੇ ਆਪਦਾ ਮੱਤ ਸੀ ਕਿ ਭਾਰਤ ਦੀ ਰੂਹਾਨੀਅਤ ਨਾਲੋਂ ਮਾਇਆਵਾਦੀ ਯੋਰਪ ਤੇ ਅਮਰੀਕਾ ਚੰਗੇ ਹਨ, ਜੋ ਕਈ ਸਦੀਆਂ ਤੋਂ ਨਸਲੀ ਭਿੰਨ ਭੇਦ ਮਿਟਾ ਕੇ ਬਰਾਬਰੀ ਦੇ ਸਿਧਾਂਤ ਉਪਰ ਚੱਲਣ ਦੀ ਵਕਾਲਤ ਕਰਦੇ ਹਨ। ਪਰ ਰੱਬ ਦੀ ਗੱਲ ਕਰਨ ਵਾਲੇ ਅਛੂਤਾਂ ਨੂੰ ਬਰਾਬਰੀ ਦਾ ਹੱਕ ਦੇਣ ਨੂੰ ਤਿਆਰ ਨਹੀਂ ਹਨ। ਇਨ੍ਹਾਂ ਅਨੁਸਾਰ ਅਛੂਤ ਦੇ ਮੰਦਿਰ-ਪ੍ਰਵੇਸ਼ ਨਾਲ ਰੱਬ ਨਾਰਾਜ਼ ਤੇ ਪਲੀਤ ਹੁੰਦਾ ਹੈ। ਇਨਕਲਾਬੀ ਭਗਤ ਸਿੰਘ ਵਲੋਂ ਇਸ ਲੇਖ ਵਿਚ ਅੰਕਿਤ ਨਿਮਨ-ਲਿਖਤ ਦ੍ਰਿਸ਼ਟਾਂਤ ਤੇ ਸਤਰਾਂ ਵਾਚਣਯੋਗ ਹਨ_

(ੳ) ਅਸੀਂ ਸਦਾ ਹੀ ਆਤਮਾ ਪਰਮਾਤਮਾ ਦੇ ਰੋਣੇ ਰੋਣ ਵਾਲੇ ਅੱਜ ਵੀ ਇਸ ਗੱਲ 'ਤੇ ਜ਼ੋਰ ਨਾਲ ਬਹਿਸ ਕਰਦੇ ਹਾਂ ਕਿ ਅਛੂਤਾਂ ਨੂੰ ਜਨੇਊ ਦੇ ਦਿੱਤਾ ਜਾਵੇਗਾ ? ਕੀ ਉਹ ਵੇਦ ਸ਼ਾਸਤਰ ਪੜ੍ਹਨ ਦੇ ਹੱਕਦਾਰ ਹਨ, ਕਿ ਨਹੀਂ। ਅਸੀਂ ਨਾ-ਮਨਜ਼ੂਰ ਕਰ ਦਿੰਦੇ ਹਾਂ ਅਤੇ ਸਾਨੂੰ ਸ਼ਿਕਾਇਤ ਇਹ ਹੈ ਕਿ ਦੂਜੇ ਮੁਲਕਾਂ ਵਿਚ ਸਾਡੇ ਨਾਲ ਚੰਗਾ ਸਲੂਕ ਨਹੀਂ ਹੁੰਦਾ। ਗੋਰੇਸ਼ਾਹੀ ਵਿਚ ਗੋਰੇ ਦੇ ਬਰਾਬਰ ਨਹੀਂ ਸਮਝਿਆ ਜਾਂਦਾ ਹੈ, ਸਾਨੂੰ ਇਹ ਸ਼ਿਕਾਇਤ ਕਰਨ ਦਾ ਹੱਕ ਹੀ ਕੀ ਹੈ ?

(ਅ) ਪਟਨਾ ਹਿੰਦੂ ਮਹਾਂ ਸਭਾ ਹੋਈ।....ਬੜੀ ਬਹਿਸ ਛਿੜੀ, ਗਰਮਾ-ਗਰਮ ਝੜਪਾਂ ਹੋਈਆਂ, ਮਾਮਲਾ ਇਹ ਦਰਪੇਸ਼ ਸੀ, ਕਿ ਕੀ ਅਛੂਤਾਂ ਨੂੰ ਯਗੋ-ਪਵੀਤ (ਜਨੇਊ) ਪਾਉਣ ਦਾ ਹੱਕ ਹੈ ? ਤੇ ਕੀ ਉਨ੍ਹਾਂ ਨੂੰ ਵੇਦ ਸ਼ਾਸਤਰ ਪੜ੍ਹਨ ਦਾ ਹੱਕ ਹੈ ?... ਕੁੱਤਾ ਸਾਡੀ ਗੋਦ ਵਿਚ ਬੈਠ ਸਕਦਾ ਹੈ, ਸਾਡੇ ਚੌਂਕੇ ਵਿਚ ਨਿਸ਼ੰਗ ਫਿਰਦਾ ਹੈ, ਪਰ ਇਕ ਆਦਮੀ ਸਾਡੇ ਨਾਲ ਛੂਹ ਜਾਵੇ ਤਾਂ ਬਸ ਧਰਮ ਖ਼ਰਾਬ ਹੋ ਜਾਂਦਾ ਹੈ, ਫੇਰ ਤਾਂ ਪੰਡਿਤ ਮਾਲਵੀਆ ਜੀ ਜੈਸੇ ਬੜੇ ਸਮਾਜ ਸੁਧਾਰਕ, ਅਛੂਤਾਂ ਦੇ ਬੜੇ ਪ੍ਰੇਮੀ ਹੋਰ ਵੀ ਨਾ ਜਾਣੇ ਕੀ-ਕੀ ਪਹਿਲੋਂ ਇਕ ਸਵੀਪਰ ਦੇ ਹੱਥੋਂ ਹਾਰ ਪੁਆ ਲੈਂਦੇ ਹਨ, ਪਿਛੋਂ ਕੱਪੜਿਆਂ ਸਮੇਤ ਇਸ਼ਨਾਨ ਕੀਤਿਆਂ ਬਿਨਾਂ ਆਪਣੇ ਆਪ ਨੂੰ ਅਸ਼ੁਧ ਸਮਝਦੇ ਹਨ। ਕਿਆ ਖੂਬ ਇਹ ਚਾਲ ਹੈ।

(ੲ) ਸਭ ਨੂੰ ਪਿਆਰ ਕਰਨ ਵਾਲਾ ਰੱਬ। ਉਸ ਦੀ ਪੂਜਾ ਕਰਨ ਵਾਸਤੇ ਮੰਦਿਰ ਬਣਿਆ ਹੈ, ਉਥੇ ਉਹ ਗਰੀਬ ਜਾ ਵੜੇ ਤਾਂ ਮੰਦਿਰ ਪਲੀਤ ਹੋ ਜਾਂਦਾ ਹੈ, ਰੱਬ ਨਾਰਾਜ਼ ਹੋ ਜਾਂਦਾ ਹੈ।

(ਸ) ਜਾਨਵਰਾਂ ਦੀ ਪੂਜਾ ਕਰ ਸਕਦੇ ਹਾਂ, ਪਰ ਇਨਸ਼ਾਨ ਨੂੰ ਕੋਲ ਵੀ ਨਹੀਂ ਬਿਠਾ ਸਕਦੇ ?

ਸ਼ਹੀਦ ਭਗਤ ਸਿੰਘ ਦਾ ਇਹ ਸਪੱਸ਼ਟ ਮੱਤ ਸੀ ਕਿ ਭਾਰਤ ਦੇ ਆਦਿਵਾਸੀ, ਆਦਿ ਧਰਮੀ ਸ਼ਿਲਪਕਾਰਾਂ ਨੂੰ ਸਦੀਵੀ ਗੁਲਾਮ ਬਣਾਉਣ ਲਈ ਆਰੀਅਨ ਨੇ ਅਧਿਆਤਮਵਾਦੀ ਫਲਸਫੇ ਅਧੀਨ ਪੁਨਰ ਜਨਮ ਦਾ ਪ੍ਰਪੰਚ ਰਚਿਆ ਹੈ। ਅਛੂਤਾਂ ਦੀ ਭੁੱਖ, ਨੰਗ, ਗੁਰਬਤ ਅਤੇ ਕਾਇਮ ਕੀਤੀ ਗਈ ਜਾਤ-ਪਾਤ ਦੀ ਵਿਵਸਥਾ ਨੂੰ ਆਰੀਅਨ ਨੇ ਮਿੱਥ ਕਥਾਵਾਂ ਘੜ ਕੇ ਪੁਰਾਣੇ ਜਨਮਾਂ ਦੇ ਪਾਪਾਂ ਨਾਲ ਜੋੜ ਦਿੱਤਾ। ਦਰਅਸਲ ਇਹ ਸਾਰਾ ਆਡੰਬਰ ਆਰੀਅਨ ਨੇ ਅਛੂਤਾਂ ਨੂੰ ਸਦੀਵੀ ਗੁਲਾਮ ਬਣਾਈ ਰੱਖਣ ਲਈ ਹੀ ਸਿਰਜਿਆ। ਇਥੇ ਅਮਰ ਸ਼ਹੀਦ ਦੇ ਇਹ ਸ਼ਬਦ ਜ਼ਿਕਰਯੋਗ ਹਨ_

"ਇਨ੍ਹਾਂ ਵਰਗਿਆਂ ਆਦਮੀਆਂ ਨਾਲ ਜਦੋਂ ਸਾਡੇ ਬਜ਼ੁਰਗ ਆਰੀਅਨ ਲੋਕਾਂ ਨੇ ਇਹ ਜ਼ੁਲਮ ਕੀਤਾ ਅਤੇ ਉਨ੍ਹਾਂ ਨੂੰ ਨੀਚ ਕਹਿਕੇ ਪਰੇ ਕਰ ਦਿੱਤਾ ਅਤੇ ਨੀਚ ਕੰਮ ਕਰਾਉਣ ਲੱਗ ਪਏ ਤੇ ਨਾਲ ਹੀ ਇਹ ਵੀ ਫਿਕਰ ਪਿਆ ਕਿ ਇਹ ਬਗਾਵਤ ਨਾ ਕਰ ਦੇਣ, ਤਦੋਂ ਪੁਨਰ ਜਨਮ ਦੀ ਫਿਲਾਸਫੀ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ। ਇਹ ਤੁਹਾਡੇ ਪੁਰਾਣੇ ਜਨਮ ਦੇ ਪਾਪਾਂ ਦਾ ਫਲ ਹੈ। ਕੀ ਹੋ ਸਕਦਾ ਹੈ ? ਚੁੱਪ ਕਰਕੇ ਗੁਜ਼ਾਰਾ ਕਰੋ।"

ਅਮਰ ਸ਼ਹੀਦ ਭਗਤ ਸਿੰਘ ਨੇ ਉਸ ਸਮੇਂ ਅਛੂਤਾਂ ਨਾਲ ਹੋ ਰਹੀਆਂ ਬੇਇਨਸਾਫ਼ੀਆਂ ਅਤੇ ਜ਼ੁਲਮਾਂ ਨੂੰ ਆਪਣੇ ਇਸ ਲੇਖ ਵਿਚ ਬੜੀ ਹੀ ਬੇਬਾਕੀ ਨਾਲ ਪ੍ਰਸਤੁਤ ਕਰਦਿਆਂ ਨਾਲ ਹੀ ਸੁਝਾਅ ਵੀ ਪੇਸ਼ ਕੀਤੇ ਹਨ। ਆਦਿ ਧਰਮ ਮੰਡਲ ਦੇ ਅੰਦੋਲਨ ਸਬੰਧੀ ਆਪ ਨੇ ਬੜੇ ਉਸਾਰੂ ਵਿਚਾਰ ਪੇਸ਼ ਕੀਤੇ ਹਨ। ਉਹ ਲਿਖਦੇ ਹਨ_

(ੳ) "ਇਧਰ ਜਦ ਅਛੂਤਾਂ ਦੇਖਿਆ ਕਿ ਸਾਡੀ ਖਾਤਰ ਇਨ੍ਹਾਂ ਵਿਚ ਫਸਾਦ ਹੋ ਰਿਹਾ ਹੈ ਅਤੇ ਸਾਨੂੰ ਹਰ ਕੋਈ ਆਪਣੀ ਖੁਰਾਕ ਸਮਝ ਰਿਹਾ ਹੈ ਤਾਂ ਅਸੀਂ ਜੁਦੇ ਹੀ ਕਿਉਂ ਨਾ ਸੰਗਠਤ ਹੋਈਏ। ਆਦਿ ਧਰਮ ਮੰਡਲ ਆਦਿਕ ਉਸੇ ਵਿਚਾਰ ਦੇ ਪ੍ਰਚਾਰ ਦਾ ਨਤੀਜਾ ਹਨ।

(ਅ) ਨੌਜਵਾਨ ਭਾਰਤ ਸਭਾ ਅਤੇ ਨੌਜਵਾਨ ਕਾਨਫਰੰਸ ਨੇ ਜੋ ਤਰੀਕਾ ਅਖ਼ਤਿਆਰ ਕੀਤਾ ਹੈ, ਉਹ ਡਾਢਾ ਸੁੰਦਰ ਹੈ। ਜਿਨ੍ਹਾਂ ਭਰਾਵਾਂ ਨੂੰ ਅੱਜ ਤੀਕ ਅਛੂਤ ਕਿਹਾ ਕਰਦੇ ਸਾਂ ਉਨ੍ਹਾਂ ਕੋਲੋਂ ਆਪਣੇ ਇਸ ਪਾਪ ਵਾਸਤੇ ਖ਼ਿਮਾਂ ਮੰਗਣੀ ਅਤੇ ਉਨ੍ਹਾਂ ਨੂੰ ਆਪਣੇ ਵਰਗਾ ਆਦਮੀ ਸਮਝਣਾ, ਬਿਨਾਂ ਅੰਮ੍ਰਿਤ ਛਕਾਇਆਂ, ਕਲਮਾ ਪੜ੍ਹਾਇਆਂ ਜਾਂ ਸ਼ੁੱਧ ਕੀਤਿਆਂ ਹੀ ਉਸ ਨੂੰ ਆਪਣੇ ਵਿਚ ਰਲਾ ਲੈਣਾ, ਉਸ ਦੇ ਹੱਥ ਦਾ ਪਾਣੀ ਪੀਣਾ ਇਹੋ ਠੀਕ ਤਰੀਕਾ ਹੈ।

(ੲ) ਜਦੋਂ ਪਿੰਡਾਂ ਵਿਚ ਕਿਰਤੀ ਪ੍ਰਚਾਰ ਸ਼ੁਰੂ ਹੋਇਆ ਉਦੋਂ ਜੱਟਾਂ ਨੂੰ ਸਰਕਾਰੀ ਆਦਮੀ ਇਹ ਗੱਲ ਸਮਝਾ ਕੇ ਭੜਕ-ਾਉਂਦੇ੧ਓਨ ਕਿ ਦੇਖੋ ਇਹ ਸਵੀਪਰਾਂ ਨੂੰ ਸਿਰ 'ਤੇ ਚੜ੍ਹਾ ਰਹੇ ਹਨ ਅਤੇ ਤੁਹਾਡਾ ਕੰਮ ਬੰਦ ਕਰਾਉਂਦੇ ਹਨ। ਬੱਸ ਜੱਟ ਇੰਨੇ ਵਿਚ ਹੀ ਭੂਤਰ ਪਏ। ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਨ੍ਹਾਂ ਦੀ ਹਾਲਤ ਉਨਾਂ ਚਿਰ ਨਹੀਂ ਸੁਧਰ ਸਕਦੀ ਜਿੰਨਾ ਚਿਰ ਕਿ ਉਹ ਇਨ੍ਹਾਂ ਗਰੀਬਾਂ ਨੂੰ ਕਮੀਨ ਅਤੇ ਨੀਚ ਕਹਿਕੇ ਆਪਣੇ ਪੈਰਾਂ ਹੇਠ ਦੱਬੀ ਰੱਖਣਾ ਚਾਹੁੰਦੇ ਹਨ।

(ਸ) ਕਿਹਾ ਜਾਂਦਾ ਹੈ ਕਿ ਉਹ ਸਾਫ਼ ਨਹੀਂ ਰਹਿੰਦੇ ? ਇਸ ਦਾ ਜਵਾਬ ਸਾਫ਼ ਹੈ, ਉਹ ਗਰੀਬ ਹਨ। ਗ਼ਰੀਬੀ ਦਾ ਇਲਾਜ ਕਰੋ। ਉੱਚੀਆਂ ਕੁਲਾਂ ਦੇ ਗਰੀਬ ਲੋਕੀਂ ਕੋਈ ਘੱਟ ਗੰਦੇ ਨਹੀਂ ਹੁੰਦੇ। ਗੰਦਾ ਕੰਮ ਕਰਨ ਦਾ ਬਹਾਨਾ ਵੀ ਨਹੀਂ ਲੱਗ ਸਕਦਾ। ਮਾਵਾਂ ਬੱਚਿਆਂ ਦਾ ਗੰਦ ਸਾਫ਼ ਕਰਨ ਨਾਲ ਸਵੀਪਰ ਤੇ ਅਛੂਤ ਨਹੀਂ ਹੋ ਜਾਂਦੀਆਂ।

(ਹ) ਪਰ ਇਹ ਕੰਮ ਉਨਾ ਚਿਰ ਨਹੀਂ ਹੋ ਸਕਦਾ, ਜਿੰਨਾ ਚਿਰ ਕਿ ਅਛੂਤ ਕੌਮਾਂ ਆਪਣੇ ਆਪ ਨੂੰ ਸੰਗਠਤ ਨਾ ਕਰ ਲੈਣ। ਅਸੀਂ ਤਾਂ ਸਮਝਦੇ ਹਾਂ ਕਿ ਉਨ੍ਹਾਂ ਦਾ ਆਪਣੇ-ਆਪ ਨੂੰ ਵੱਖਰਾ ਜਥੇਬੰਦ ਕਰਨਾ ਤੇ ਮੁਸਲਮਾਨਾਂ ਦੇ ਬਰਾਬਰ ਗਿਣਤੀ ਵਿਚ ਹੋਣ ਕਰਕੇ ਉਨ੍ਹਾਂ ਦੇ ਬਰਾਬਰ ਹੱਕ ਹਕੂਕ ਮੰਗਣਾ ਬੜੀ ਆਸਾ ਜਨਕ ਤਹਿਰੀਕ ਹੈ। ਜਾਂ ਤਾਂ ਫਿਰਕਾਵਾਰਾਨ ਨਿਆਬਤ ਦਾ ਟੰਟਾ ਹੀ ਮੁਕਾਉ ਨਹੀਂ ਤੇ ਉਨ੍ਹਾਂ ਦੇ ਵੱਖਰੇ ਹਕੂਕ ਉਨ੍ਹਾਂ ਨੂੰ ਦੇਵੋ। ਕੌਂਸਲਾਂ ਅਤੇ ਅਸੈਂਬਲੀਆਂ ਦਾ ਫਰਜ਼ ਹੈ ਕਿ ਸਕੂਲ, ਕਾਲਜ, ਖੂਹ ਤੇ ਸੜਕਾਂ ਦੇ ਇਸਤੇਮਾਲ ਦੀ ਪੂਰੀ ਆਜ਼ਾਦੀ ਇਨ੍ਹਾਂ ਨੂੰ ਦੁਆਉਣ। ਜ਼ਬਾਨੀ ਹੀ ਨਹੀਂ, ਬਲਕਿ ਨਾਲ ਲੈ ਜਾ ਕੇ ਉਨ੍ਹਾਂ ਨੂੰ ਖੂਹਾਂ 'ਤੇ ਚੜ੍ਹਾਉਣ, ਨਾਲ ਲੈ ਜਾ ਕੇ ਉਨ੍ਹਾਂ ਦੇ ਮੁੰਡਿਆਂ ਨੂੰ ਮਦਰੱਸਿਆਂ ਵਿਚ ਭਰਤੀ ਕਰਾਉਣ। ਇਸੇ ਕਰਕੇ ਅਸੀਂ ਕਹਿੰਦੇ ਹਾਂ ਕਿ ਉਨ੍ਹਾਂ ਦੇ ਆਪਣੇ ਨੁਮਾਇੰਦੇ ਕਿਉਂ ਨਾ ਹੋਣ ? ਉਹ ਆਪਣੀ ਵੱਖਰੀ ਤਾਦਾਦ ਕਿਉਂ ਨਾ ਮੰਗਣ ? ਅਸੀਂ ਤਾਂ ਸਾਫ ਕਹਿੰਦੇ ਹਾਂ ਕਿ ਉਠੋ। ਅਛੂਤ ਕਹਾਉਣ ਵਾਲੇ ਅਸਲੀ ਸੇਵਕੋ ਤੇ ਵੀਰੋ ਉਠੋ! ਆਪਣਾ ਇਤਿਹਾਸ ਦੇਖੋ! ਗੁਰੂ ਗੋਬਿੰਦ ਸਿੰਘ ਦੀ ਫੌਜ ਦੀ ਅਸਲੀ ਤਾਕਤ ਤੁਹਾਡੀ ਸੀ। ਸ਼ਿਵਾ ਜੀ ਤੁਹਾਡੇ ਆਸਰੇ ਹੀ ਇਹ ਸਭ ਕੁਝ ਕਰ ਸਕਿਆ, ਜਿਸ ਨਾਲ ਕਿ ਅੱਜ ਉਸ ਦਾ ਨਾਂ ਜ਼ਿੰਦਾ ਹੈ। ਤੁਹਾਡੀਆਂ ਕੁਰਬਾਨੀਆਂ ਸੋਨੇ ਦੇ ਅੱਖਰਾਂ ਵਿਚ ਲਿਖੀਆਂ ਹੋਈਆਂ ਹਨ। ਸਮਾਜਿਕ ਐਜੀਟੇਸ਼ਨ ਇਨਕਲਾਬ ਪੈਦਾ ਕਰ ਦਿਓ ਅਤੇ ਰਾਜਨੀਤਕ ਤੇ ਆਰਥਿਕ ਇਨਕਲਾਬ ਵਾਸਤੇ ਕਮਰ-ਕੱਸੇ ਕਰ ਲਵੋ।"

ਇਨਕਲਾਬੀ ਨੌਜਵਾਨ ਅਮਰ ਸ਼ਹੀਦ ਭਗਤ ਸਿੰਘ ਵਲੋਂ ਅਛੂਤਾਂ ਨੂੰ ਦਿੱਤਾ ਇਹ ਪੈਗ਼ਾਮ ਅੱਜ ਵੀ ਦਲਿਤਾਂ ਨੂੰ ਜਥੇਬੰਦ ਹੋ ਕੇ ਆਪਣੇ ਹੱਕਾਂ ਲਈ ਸੰਘਰਸ਼ ਕਰਨ ਦੀ ਵਿਦਰੋਹ ਭਰੀ ਪ੍ਰੇਰਨਾ ਦੇ ਰਿਹਾ ਹੈ। ਸੋ, ਸਾਨੂੰ ਚਾਹੀਦੈ ਕਿ ਅਸੀਂ ਅੱਜ ਲੀਰੋ-ਲੀਰ ਹੋ ਰਹੇ ਸਮਾਜ ਨੂੰ ਏਕਤਾ ਦੀ ਲੜੀ ਵਿਚ ਪ੍ਰੋਣ ਦੇ ਪੁਰਜ਼ੋਰ ਯਤਨ ਕਰੀਏ। ਨਿੱਜੀ ਸਵਾਰਥ ਅਤੇ ਚੌਧਰਾਂ ਨੂੰ ਤਿਆਗ ਕੇ ਇਕ ਮੰਚ 'ਤੇ ਇਕੱਠੇ ਹੋਈਏ, ਤਾਂ ਹੀ ਖੁੱਸੇ ਹੋਏ ਅਧਿਕਾਰਾਂ ਦੀ ਪ੍ਰਾਪਤੀ ਹੋ ਸਕਦੀ ਹੈ।

## ਦਲਿਤ ਆਗੂ ਸਵਰਗੀ ਬਾਬੂ ਕਾਂਸ਼ੀ ਰਾਮ ਦੇ ਜਨਮ ਦਿਵਸ ਲਈ ਵਿਸ਼ੇਸ਼

# ਦਲਿਤਾਂ ਦੇ ਵਿਕਾਸ ਅਤੇ ਸਮਾਜਿਕ ਵਿਤਕਰੇ ਖਿਲਾਫ ਚਲਾਏ ਅਭਿਆਨ ਲਈ ਸਦਾ ਯਾਦ ਕੀਤਾ ਜਾਵੇਗਾ ਬਾਬੂ ਕਾਂਸ਼ੀ ਰਾਮ ਨੂੰ

ਸੰਸਾਰ ਦੇ ਕਈ ਦੇਸ਼ਾਂ ਵਿੱਚ ਨਸਲ, ਰੰਗ, ਧਰਮ, ਜਾਤ ਆਦਿ ਦੇ ਅਧਾਰ ਤੇ ਲੰਬਾ ਸਮਾਂ ਵਿਤਕਰਾ ਤੇ ਭੇਦਭਾਵ ਹੁੰਦਾ ਰਿਹਾ ਹੈ। ਸਾਡੇ ਦੇਸ਼ ਭਾਰਤ ਵਿੱਚ ਵੀ ਸਦੀਆਂ ਤੱਕ ਜਾਤ ਅਧਾਰਤ ਭੇਦਭਾਵ ਕਾਇਮ ਰਿਹਾ ਹੈ। ਸਾਡਾ ਦੇਸ਼ ਲੰਬਾ ਸਮਾਂ ਵਿਦੇਸ਼ੀਆਂ ਦਾ ਗੁਲਾਮ ਰਿਹਾ ਹੈ ਪਰੰਤੂ ਦੇਸ਼ ਵਿੱਚ ਰਹਿਣ ਵਾਲੇ ਇੱਕ ਵਿਸ਼ੇਸ਼ ਵਰਣ ਦੇ ਲੋਕ ਅਪਣੇ ਹੀ ਦੇਸ਼ ਦੇ ਲੋਕਾਂ ਦੇ ਗੁਲਾਮ ਰਹੇ ਹਨ। ਇਸ ਵਰਣ ਵਿਵਸਥਾ ਅਤੇ ਜਾਤ ਅਧਾਰਤ ਵਿਤਕਰੇ ਖਿਲਾਫ ਸਮੇਂ ਸਮੇਂ ਤੇ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਰਹਿਵਰਾਂ ਨੇ ਅਵਾਜ਼ ਉਠਾਈ ਹੈ ਅਤੇ ਇਸ ਸਮਾਜਿਕ ਢਾਂਚੇ ਨੂੰ ਬਦਲਣ ਲਈ ਮੁਹਿੰਮ ਚਲਾਈ ਹੈ। ਇਨ੍ਹਾਂ ਰਹਿਬਰਾਂ ਵਿੱਚ ਦਲਿਤ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਬਾਬੂ ਕਾਂਸ਼ੀ ਰਾਮ ਜਿਨ੍ਹਾਂ ਨੂੰ ਸਾਹਿਬ ਅਤੇ ਮਾਨਿਆਵਾਰ ਕਾਂਸ਼ੀ ਰਾਮ ਵੀ ਕਿਹਾ ਜਾਂਦਾ ਦਾ ਨਾਮ ਵੀ ਸ਼ਾਮਲ ਹੈ। ਬਾਬੂ ਕਾਂਸ਼ੀ ਰਾਮ ਮੈਮੋਰੀਅਲ ਟਰਸਟ ਦੇ ਚੇਅਰਮੈਨ ਅਤੇ ਬਾਬੂ ਕਾਂਸ਼ੀ ਰਾਮ ਦੀ ਭੈਣ ਸਵਰਨ ਕੌਰ ਅਤੇ ਭਾਣਜੇ ਰਵਿੰਦਰ ਸਿੰਘ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਬਾਬੂ ਜੀ ਦਾ ਜਨਮ 15 ਮਾਰਚ 1934 ਨੂੰ ਉਨ੍ਹਾਂ ਦੇ ਨਾਨਕੇ ਘਰ ਨੰਗਲ-ਚੰਡੀਗੜ੍ਹ ਮੁੱਖ ਮਾਰਗ ਤੇ ਇਤਿਹਾਸਕ ਕਸਬਾ ਬੂੰਗਾ ਸਾਹਿਬ ਕੋਲ ਪੈਂਦੇ ਪਿੰਡ ਪ੍ਰਿਥੀਪੁਰ ਵਿੱਚ ਹੋਇਆ। ਬਾਬੂ ਕਾਂਸ਼ੀ ਰਾਮ ਅਪਣੇ ਮਾਤਾ ਸਵਰਗੀ ਬਿਸ਼ਨ ਕੌਰ ਅਤੇ ਪਿਤਾ ਹਰੀ ਸਿੰਘ ਦੇ 7 ਬੱਚਿਆਂ ਵਿਚੋਂ ਸਭਤੋਂ ਵੱਡੇ ਸਨ। ਸਵਰਗੀ ਬਾਬੂ ਕਾਂਸ਼ੀ ਰਾਮ ਦਾ ਪਰਿਵਾਰ ਰੂਪਨਗਰ ਜਿਲ੍ਹੇ ਦੇ ਪਿੰਡ ਖੁਆਸਪੁਰਾ ਵਿੱਚ ਰਹਿੰਦਾ ਸੀ ਅਤੇ ਬਾਬੂ ਜੀ ਦੇ ਪਰਿਵਾਰ ਦੇ ਬਾਕੀ ਮੈਂਬਰਾਂ ਦੇ ਨਾਮ ਸਿੱਖ ਧਰਮ ਨਾਲ ਸਬੰਧਿਤ ਰੱਖਦੇ ਸਨ ਪ੍ਰੰਤੂ ਬਾਬੂ ਜੀ ਦਾ ਜਨਮ ਨਾਨਕੇ ਪਿੰਡ ਹੋਣ ਕਾਰਨ ਉਨ੍ਹਾਂ ਦਾ ਨਾਮ ਕਾਂਸ਼ੀ ਰਾਮ ਰੱਖਿਆ ਗਿਆ। ਬਾਬੂ ਜੀ ਦੇ ਨਾਨਾ ਜੀ ਦਾ ਨਾਮ ਸਾਹਿਬ ਦਿਤਾ ਸੀ ਅਤੇ ਉਨ੍ਹਾਂ ਦਾ ਬਾਬੂ ਜੀ ਦੇ ਜਨਮ ਤੋਂ ਪਹਿਲਾਂ ਹੀ ਸਵਰਗਵਾਸ ਹੋ ਚੁੱਕਾ ਸੀ। ਬਾਬੂ ਜੀ ਦੀ ਨਾਨੀ ਦਾ ਨਾਮ ਪ੍ਰਸਿੰਨੀ ਦੇਵੀ ਸੀ ਅਤੇ ਬਾਬੂ ਜੀ ਦੇ ਨਾਨਕੇ ਪਰਿਵਾਰ ਵਿੱਚ ਹੋਰ ਕੋਈ ਮਾਮਾ ਨਾਂ ਹੋਣ ਕਾਰਨ ਬਾਬੂ ਜੀ ਦਾ ਅਪਣੀ ਨਾਨੀ ਨਾਲ ਬਹੁਤ ਗੂੜ੍ਹਾ ਪਿਆਰ ਸੀ ਜਿਸ ਕਰਕੇ ਬਾਬੂ ਜੀ ਅਕਸਰ ਨਾਨਕੇ ਪਿੰਡ ਜਾਂਦੇ ਰਹਿੰਦੇ ਸਨ। ਨਾਨਕੇ ਪਿੰਡ ਨਾਲ ਪਿਆਰ ਕਾਰਨ ਹੀ ਬਾਬੂ ਜੀ ਨੇ ਆਪਣਾ ਮਕਾਨ ਵੀ ਨਾਨਕੇ ਪਿੰਡ ਵਿੱਚ ਹੀ ਬਣਾਇਆ ਸੀ। ਬਾਬੂ ਕਾਂਸ਼ੀ ਰਾਮ ਰਵਿਦਾਸੀਆ ਜਾਤ ਨਾਲ ਸਬੰਧ ਰੱਖਦੇ ਸਨ ਜੋਕਿ ਕਈ ਹੋਰ ਜਾਤਾਂ ਵਾਂਗ ਹੀ ਸਦੀਆਂ ਤੋਂ ਅਛੂਤ ਰਹੀ ਹੈ ਅਤੇ ਬਹੁਤੇ ਲੋਕ ਇਸ ਵਰਗ ਦੇ ਲੋਕਾਂ ਨੂੰ ਛੂਹਣਾ ਵੀ ਪਾਪ ਮੰਨਦੇ ਸਨ। ਬਾਬੂ ਕਾਂਸ਼ੀ ਰਾਮ ਨੇ ਮੁਢਲੀ ਪੜਾਈ ਪਿੰਡ ਤੋਂ ਲੈਣ ਉਪਰੰਤ ਸਰਕਾਰੀ ਕਾਲਜ ਰੋਪੜ੍ਹ ਤੋਂ ਵਿਗਿਆਨ ਵਿੱਚ ਗ੍ਰੈਜੂਏਸਨ ਕੀਤੀ। ਬਾਬੂ ਕਾਂਸ਼ੀ ਰਾਮ ਨੇ ਲੱਖਾਂ ਅਛੂਤਾਂ ਵਾਂਗ ਅਛੂਤਾਂ ਨਾਂਲ ਹੋ ਰਹੇ ਗੈਰ ਮਨੁਖੀ ਵਿਤਕਰੇ ਨੂੰ ਅਪਣੇ ਅੱਖੀਂ ਵੇਖਿਆਂ ਅਤੇ ਕਈ ਵਾਰ ਆਪ ਹੰਢਾਇਆ। ਬਾਬੂ ਜੀ ਨੇ ਬਚਪਨ ਵਿੱਚ ਹੀ ਇਸ ਸਮਾਜਿਕ ਬੁਰਾਈ ਦਾ ਵਿਰੋਧ ਕਰਨਾ ਸ਼ੁਰੂ ਕਰ ਦਿਤਾ। 1957 ਵਿੱਚ ਐਕਸਪਲੋਸਿਵ ਰਿਸਰਚ ਐਂਡ ਡਿਵੈਲਪਮੈਂਟ ਲੈਵੋਰਟਰੀ ਮਹਾਂਰਾਸ਼ਟਰ ਵਿੱਚ ਰਿਸਰਚ ਸਟਾਫ ਦੇ ਤੋਰ ਤੇ ਕੰਮ ਸ਼ੁਰੂ ਕੀਤਾ ਪਰ ਨਾਲ ਦੇ ਸਟਾਫ ਮੈਂਬਰ ਦੀਨਾ ਭਾਨ ਜੋਕਿ ਅਛੂਤ ਸੀ ਦੇ ਇੱਕ ਕੇਸ ਵਿੱਚ ਸ਼ਾਮਿਲ ਹੋਣ ਕਾਰਨ ਨੋਕਰੀ ਛੱਡ ਦਿਤੀ। ਵਰਣਨਯੋਗ ਹੈ ਕਿ ਦੀਨਾ ਭਾਨ ਜੋਕਿ ਰਾਜਾਸਥਾਨ ਦਾ ਰਹਿਣ ਵਾਲਾ ਸੀ ਨੇ ਕੰਪਨੀ ਵਲੋਂ ਭਾਰਤੀ ਸੰਵਿਧਾਨ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਦੇ ਜਨਮ ਦਿਵਸ ਸਬੰਧੀ ਛੁਟੀ ਨਾਂ ਕਰਨ ਕਾਰਨ ਰੋਸ ਪ੍ਰਦਰਸਨ ਕੀਤਾ ਸੀ। ਬਾਬੂ ਕਾਂਸ਼ੀ ਰਾਮ ਨੇ ਜਾਤ ਅਧਾਰਤ ਵਿਤਕਰੇ ਨੂੰ ਖਤਮ ਕਰਵਾਉਣ ਲਈ ਮੁਹਿੰਮ ਸ਼ੁਰੂ ਕਰ ਦਿਤੀ। ਬਾਬੂ ਜੀ ਨੇ ਦੀਨਾ ਭਾਨ ਨਾਲ ਮਿਲਕੇ ਸੰਘਰਸ ਕਰਕੇ ਤੇ ਲੰਬੀ ਲੜਾਈ ਲੜਕੇ ਇਸ ਕੰਪਨੀ ਵਿੱਚ ਬਾਬਾ ਸਾਹਿਬ ਦੇ ਜਨਮ ਦਿਵਸ ਅਤੇ ਬੁੱਧ ਜਯੰਤੀ ਦੀ ਬੰਦ ਕੀਤੀ ਗਈ ਛੁੱਟੀ ਮੁੜ੍ਹ ਸ਼ੁਰੂ ਕਰਵਾਈ। ਬਾਬੂ ਜੀ ਨੇ ਅਪਣੀ ਨੋਕਰੀ ਦੌਰਾਨ ਦਲਿਤ ਰਹਿਵਰਾਂ ਵਲੋਂ ਕੀਤੇ ਗਏ ਸੰਘਰਸ ਨੂੰ ਪੜਿਆ ਅਤੇ ਸਮਝਿਆ। ਭਾਰਤੀ ਸੰਵਿਧਾਲ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਤੋਂ ਬਾਅਦ ਉਹਨਾਂ ਨੇ ਦੇਸ਼ ਦੇ ਦਲਿਤਾਂ ਨੂੰ ਸਹੀ ਅਰਥਾਂ ਵਿੱਚ ਏਕੇ ਦੇ ਸੂਤਰ ਵਿੱਚ ਬੰਨਣ ਦਾ ਸੁਪਨਾ ਸੱਚ ਕਰ ਦਿਖਾਇਆ। ਇਸਤੋਂ ਬਾਦ ਬਾਬੂ ਜੀ ਨੇ ਅਪਣਾ ਸਾਰਾ ਜੀਵਨ ਸਮਾਜ ਦੇ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਲਗਾ ਦਿਤਾ। ਬਾਬੂ ਜੀ ਨੇ ਅਪਣੇ ਸੰਘਰਸ਼ ਵਿੱਚ ਘੱਟ ਗਿਣ-ਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਸ਼ਾਮਿਲ ਕਰਕੇ ਇੱਕ ਵੱਡੀ ਤਾਕਤ ਬਣਾਈ। ਬਾਬੂ ਜੀ ਨੇ ਦਲਿਤਾਂ ਨੂੰ ਇਸ ਦੇਸ਼ ਦੇ ਮੁਢਲੇ ਵਾਸੀ ਕਹਿਕੇ ਆਦਿ ਦਾ ਨਾਮ ਦਿਤਾ। ਬਾਬੂ ਕਾਂਸ਼ੀ ਰਾਮ ਨੇ ਮੋਜੂਦਾ ਦਲਿਤ ਲੀਡਰਸ਼ਿਪ ਨੂੰ ਨਕਾਰਦਿਆਂ ਕਿਹਾ ਕਿ ਪੂਨਾ ਪੈਕਟ ਜੋਕਿ ਬਾਬ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਮਹਾਤਮਾ ਗਾਂਧੀ ਵਿਚਕਾਰ ਇੱਕ ਸਮਝੋਤਾ ਸੀ ਨੇ ਸਿਰਫ ਚਮਚੇ ਹੀ ਪੈਦਾ ਕੀਤੇ ਹਨ। ਉਹ ਅਕਸਰ ਪੂਨਾ ਪੈਕਟ ਦੀ ਵਿਰੋਧਤਾ ਕਰਦਿਆਂ ਕਹਿੰਦੇ ਸਨ ਕਿ ਇਸ ਸਮਝੋਤੇ ਕਾਰਨ ਪੀ ਐਮ ਰਾਮਸੇ ਮੈਕਡੋਨਲਡ ਦੇ ਕਮਿਊਨਲ ਐਵਾਰਡ ਦੁਆਰਾ ਦੱਸੇ ਗਏ ਵੱਖਰੇ ਵੋਟ ਦੇ ਅਧਿਕਾਰ ਤੋਂ ਸਦੀਆਂ ਤੋਂ ਲਿਤਾੜੇ ਵਰਗਾਂ ਨੂੰ ਬਾਂਝੇ ਰਹਿਣਾ ਪਿਆ ਹੈ। ਬਾਬੂ

(ਬਾਕੀ ਸਫਾ 24 ਤੇ)



ਕੁਲਦੀਪ ਚੰਦ
ਨੇੜੇ ਸਰਕਾਰੀ ਪ੍ਰਾਇਮਰੀ ਸਕੂਲ ਦੋਭੇਟਾ
ਤਹਿਸੀਲ ਨੰਗਲ ਜਿਲ੍ਹਾ ਰੂਪਨਗਰ ਬੰਜਾਬ
9417563054

# ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਅਛੂਤ ਦਾ ਸਵਾਲ




ਡਾ. ਰੌਣਕੀ ਰਾਮ

ਡੀਨ, ਆਰਟਸ ਫੈਕਲਟੀ

ਆਨਰੇਰੀ ਡਾਇਰੈਕਟਰ, ਆਈ. ਸੀ. ਐਸ. ਐਸ. ਆਰ

ਸ਼ਹੀਦ ਭਗਤ ਸਿੰਘ ਪ੍ਰੋਫੈਸਰ ਆਫ ਪੋਲੀਟੀਕਲ ਸਾਇੰਸ

ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ (91-977-914-2308)


–ਹੁਣ ਜਾਂ ਕਦੇ ਵੀ ਕੁਝ ਹਾਸਲ ਕਰ ਸਕਣ ਦੀ ਕਿਸੇ ਵੀ ਖੁਦਗਰਜ਼ੀ ਤੋਂ ਬਿਨਾਂ ਮੈਂ ਕਾਫ਼ੀ ਬੇਲਾਗ ਹੋ ਕੇ ਆਪਣੀ ਜ਼ਿੰਦਗੀ ਆਜ਼ਾਦੀ ਦੇ ਆਦਰਸ਼ ਦੇ ਲੇਖੇ ਲਾਈ ਹੈ, ਕਿਉਂਕਿ ਮੇਰੇ ਕੋਲ ਇਸ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਜਿਸ ਦਿਨ ਮਨੁੱਖਤਾ ਦੀ ਸੇਵਾ ਤੇ ਦੁਖ ਭੋਗ ਰਹੀ ਮਨੁੱਖਤਾ ਦੇ ਨਜਾਤ ਦੀ ਭਾਵਨਾ ਨਾਲ ਪ੍ਰੇਰਿਤ ਬਹੁਤ ਸਾਰੇ ਮਰਦ-ਔਰਤਾਂ ਅੱਗੇ ਆ ਗਏ, ਜਿਹੜੇ ਇਸ ਬਗੈਰ ਹੋਰ ਕਿਸੇ ਚੀਜ਼ ਤੇ ਜੀਵਨ ਨਹੀਂ ਲਗਾ ਸਕਦੇ। ਉਸ ਦਿਨ ਤੋਂ ਮੁਕਤੀ ਦਾ ਯੁੱਗ ਸ਼ੁਰੂ ਹੋਵੇਗਾ। ਉਹ ਦਮਨਕਾਰੀ, ਲੋਟੂਆਂ ਤੇ ਜ਼ਾਲਮਾਂ ਨੂੰ ਏਸ ਗੱਲੋਂ ਨਹੀਂ ਵੰਗਾਰਨਗੇ ਕਿ ਉਹ ਇਸ ਜਾਂ ਅਗਲੇ ਜਨਮ ਵਿੱਚ ਜਾਂ ਮੌਤ ਮਗਰੋਂ ਬਹਿਸ਼ਤ ਵਿੱਚ ਬਾਦਸ਼ਾਹ ਬਣ ਜਾਣਗੇ ਜਾਂ ਉਨ੍ਹਾਂ ਨੂੰ ਕੋਈ ਇਨਾਮ ਮਿਲ ਜਾਵੇਗਾ, ਸਗੋਂ ਮਨੁੱਖਤਾ ਦੀ ਧੌਣ ਤੋਂ ਗੁਲਾਮੀ ਦਾ ਜੂਲਾ ਲਾਹੁਣ ਲਈ ਅਤੇ ਆਜ਼ਾਦੀ ਤੇ ਅਮਨ ਕਾਇਮ ਕਰਨ ਲਈ ਹੀ ਉਹ ਇਸ ਬਿਖੜੇ ਪਰ ਇੱਕੋ ਇਕ ਸ਼ਾਨਦਾਰ ਮਾਰਗ ਉਤੇ ਚਲਣਗੇ।

**-ਸ਼ਹੀਦ ਭਗਤ ਸਿੰਘ**



ਭਾਰਤੀ ਇਤਿਹਾਸ ਦੇ (ਅਤੇ ਵਿਸ਼ਵ ਇਤਿਹਾਸ ਦੇ ਵੀ) ਇਕ ਅਣਕਿਆਸੇ ਮੁਸ਼ਕਲ ਦੌਰ ਵਿੱਚ ਇਨਸਾਨੀਅਤ ਦੀ ਰੂਹ ਵਿੱਚ ਹਰਕਤ ਪੈਦਾ ਕਰਨ ਦੇ ਲਈ, ਇਨਕਲਾਬ ਸਪਿਰਟ ਤਾਜ਼ਾ ਕਰਨ ਦੇ ਲਈ, ਭਾਰਤੀ ਲੋਕ-ਮੁਕਤੀ ਸੰਘਰਸ਼ ਦੇ ਮਹਾਨ ਨਾਇਕ ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਵਿਚਾਰਾਂ ਨੂੰ ਅੱਜ ਵਾਰ-ਵਾਰ ਪੜ੍ਹਨ ਦੀ ਜ਼ਰੂਰਤ ਹੈ; ਉਹਨਾਂ ਨੂੰ ਹਰ ਧੜਕਦੇ ਦਿਲ ਤਕ ਪਹੁੰਚਾਉਣ ਦੀ ਵੀ ਜ਼ਰੂਰਤ ਹੈ। ... ਨਵੇਂ ਇਨਕਲਾਬ ਦੇ ਰਾਹ ਚੱਲਣ ਲਈ ਭਗਤ ਸਿੰਘ ਦੇ ਵਿਚਾਰਾਂ ਨਾਲ ਇਨਕਲਾਬੀ ਇਤਿਹਾਸ ਦੀ ਉਸ ਗੌਰਵਮਈ ਵਿਰਾਸਤ ਤੋਂ ਜਾਣੂ ਹੋਣਾ ਵੀ ਜ਼ਰੂਰੀ ਹੈ ਜਿਸ ਨੂੰ ਆਮ ਲੋਕਾਈ ਤੱਕ ਪਹੁੰਚਾਉਣ ਤੋਂ ਰੋਕਣ ਦੀ ਹਰ ਕੋਸ਼ਿਸ਼ ਦੇਸੀ ਹੁਕਮਰਾਨਾਂ ਦੇ ਹਮੇਸ਼ਾ ਤੋਂ ਕੀਤੀ ਹੈ ਅਤੇ ਇਹ ਸੱਚ ਹੈ ਕਿ ਅੱਜ ਦੇ ਜ਼ਿਆਦਾਤਰ ਨੌਜਵਾਨ ਨਹੀਂ ਜਾਣਦੇ ਕਿ 23 ਸਾਲ ਦੀ ਛੋਟੀ ਜਿਹੀ ਉਮਰ ਵਿੱਚ ਫਾਂਸੀ ਦਾ ਰੱਸਾ ਚੁੰਮਣ ਵਾਲਾ ਉਹ ਜਾਂ-ਬਾਜ਼ ਨੌਜਵਾਨ ਇਕ ਦੂਰਦਰਸ਼ੀ ਵਿਚਾਰਕ ਸੀ। ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਵਿਚਾਰਾਂ ਨੂੰ ਭੁੱਲਾ ਦੇਣ ਦੀ ਸਾਜ਼ਿਸ਼ ਦੇ ਵਿਰੁੱਧ ਸੰਘਰਸ਼ ਕਰਨਾ ਹੈ। ਵਿਰਾਸਤ ਨੂੰ ਭੁਲਾਉਣ ਵਿਰੁੱਧ ਸਾਡਾ ਇਹ ਸੰਘਰਸ਼ ਫਿਰ ਤੋਂ ਸਾਨੂੰ ਸੁਪਨੇ ਵੇਖਣ ਦੀ ਸਮਰੱਥਾ ਦੇਵੇਗਾ, ਸਾਡੇ ਕਲਪਨਾਲੋਕ ਨੂੰ ਮੁਕਤ ਕਰੇਗਾ ਅਤੇ ਸਾਡੇ ਹਾਰ-ਬੋਧ ਨੂੰ ਸਮਾਪਤ ਕਰੇਗਾ।

**–ਸੱਤਿਅਮ**

ਭਾਰਤ ਦੀਆਂ ਗ਼ੈਰ-ਦਲਿਤ ਸਮਾਜ ਸੁਧਾਰਕ ਅਤੇ ਕੌਮੀ ਮੁਕਤੀ ਲਹਿਰਾਂ ਵਿੱਚੋਂ ਕੇਵਲ ਅਜਿਹੀਆਂ ਦੋ ਹੀ ਤਹਿਰੀਕਾਂ ਹਨ ਜਿਨ੍ਹਾਂ ਨੇ ਭਾਰਤੀ ਸਮਾਜ ਦੇ ਦੋ ਅਹਿਮ ਮੁੱਦਿਆਂ-ਧਰਮ ਅਤੇ ਜਾਤ 'ਤੇ ਲੋਕਤਾਂਤਰਿਕ ਅਤੇ ਧਰਮ ਨਿਰਪੱਖ ਸੋਚ ਨੂੰ ਅਪਣਾ ਕੇ ਕੌਮੀ ਮੁਕਤੀ ਦੇ ਨਾਲ-ਨਾਲ ਦਲਿਤ ਮੁਕਤੀ ਦੇ ਸਵਾਲ ਨੂੰ ਵੀ ਛੂਹਿਆ। ਇਹ ਦੋਵੇਂ ਤਹਿਰੀਕਾਂ ਇਨਕਲਾਬੀ ਜਦੋਜਹਿਦ ਅਤੇ ਵਿਚਾਰਧਾਰਾ ਨਾਲ ਸੰਬੰਧਤ ਸਨ। ਇਨ੍ਹਾਂ ਵਿੱਚੋਂ ਪਹਿਲੀ ਤਹਿਰੀਕ ਸੀ ਗ਼ਦਰ ਲਹਿਰ। ਗ਼ਦਰ ਲਹਿਰ ਨੇ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਦੀ ਸ਼ੁਰੂਆਤ ਉੱਤਰੀ ਅਮਰੀਕਾ ਦੇ ਜਮਹੂਰੀ ਵਾਤਾਵਰਣ ਤੋਂ ਪ੍ਰੇਰਨਾ ਲੈਂਦੇ ਹੋਏ ਹਥਿਆਰਬੰਦ ਤਰੀਕਾ ਅਪਣਾ ਕੇ ਕੀਤੀ। ਗ਼ਦਰ ਪਾਰਟੀ ਨੇ ਧਰਮ ਅਤੇ ਰਾਜਨੀਤੀ ਨੂੰ ਵੱਖ-ਵੱਖ ਰੱਖਕੇ ਸੰਪਰਦਾਇਕ ਸਦਭਾਵਨਾ ਦਾ ਪ੍ਰਚਾਰ ਕਰਦੇ ਹੋਏ ਛੂਤ-ਛਾਤ ਨੂੰ ਪੂਰਨ ਤੌਰ ਤੇ ਰੱਦ ਕੀਤਾ ਅਤੇ ਕਿਸੇ ਵੀ ਤਰ੍ਹਾਂ ਦੇ ਜਾਤੀ, ਨਸਲ ਅਤੇ ਧਰਮ ਆਦਿ ਦੇ ਭੇਦਭਾਵ ਦਾ ਪੁਰਜ਼ੋਰ ਖੰਡਨ ਕੀਤਾ। ਇਸ ਲਹਿਰ ਨੂੰ ਪਰਣਾਏ ਹੋਏ ਇਨਕਲਾਬੀਆਂ ਦੀ ਇਹ ਮਨਸ਼ਾ ਸੀ ਕਿ ਭਾਰਤ ਵਿੱਚ ਅਮਰੀਕਾ ਵਰਗੇ ਲੋਕਤੰਤਰੀ ਰਾਜ ਦੀ ਸਥਾਪਨਾ ਹੋਵੇ ਜਿਥੇ ਸਭ ਲੋਕਾਂ ਵਿੱਚ ਸਮਾਜਿਕ ਬਰਾਬਰਤਾ ਦਾ ਬੋਲਬਾਲਾ ਹੋਵੇ। ਉਹ ਆਰਥਿਕ ਖੇਤਰ ਵਿੱਚ ਵੀ ਬਰਾਬਰਤਾ ਦੇ ਸਿਧਾਂਤ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਚਾਹੁੰਦੇ ਸਨ।

ਗ਼ਦਰ ਲਹਿਰ ਦੀ ਕੇਂਦਰੀ ਜਥੇਬੰਦੀ ਦਾ ਨਾਂ 'ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ' ਸੀ ਅਤੇ ਇਸ ਦਾ ਆਪਣਾ ਇਕ ਬਹੁ-ਚਰਚਿਤ ਉਰਦੂ ਅਤੇ ਪੰਜਾਬੀ ਹਫਤਾਵਾਰ ਅਖ਼ਬਾਰ 'ਗ਼ਦਰ' ਸੀ। ਇਸ ਸੰਸਥਾ ਦਾ ਕੇਂਦਰੀ ਦਫਤਰ ਸਨਫਰਾਂਸਿਸਕੋ ਵਿਖੇ ਸਥਾਪਿਤ ਕੀਤਾ ਗਿਆ ਸੀ ਜਿਸ ਦਾ ਨਾਂ ਯੁਗਾਂਤਰ ਆਸ਼ਰਮ ਰੱਖਿਆ ਗਿਆ ਸੀ। 21 ਅਪ੍ਰੈਲ 1913 ਨੂੰ ਅਸਟੋਰੀਆ ਵਿੱਚ ਹੋਏ ਹਿੰਦ ਪ੍ਰਵਾਸੀਆਂ ਦੇ ਇਜਲਾਸ ਦੌਰਾਨ ਇਸ ਕੇਂਦਰੀ ਜਥੇਬੰਦੀ ਦੇ ਸਰਬਸੰਮਤੀ ਨਾਲ ਬਾਬਾ ਸੋਹਣ ਸਿੰਘ ਭਕਨਾ ਨੂੰ ਪ੍ਰਧਾਨ, ਲਾਲ ਹਰਦਿਆਲ ਨੂੰ ਜਨਰਲ ਸਕੱਤਰ ਅਤੇ ਕਾਂਸ਼ੀ ਰਾਮ ਮੜੌਲੀ ਨੂੰ ਖਜ਼ਾਨਚੀ ਚੁਣਿਆ ਗਿਆ ਸੀ। ਬਾਬਾ ਭਗਤ ਸਿੰਘ ਬਿਲਗਾ ਦੇ ਸ਼ਬਦਾਂ ਵਿੱਚ, ''ਇਸ ਜਥੇਬੰਦੀ ਦਾ ਮੰਤਵ ਹਿੰਦੋਸਤਾਨ ਵਿੱਚ ਹਥਿਆਰਬੰਦ ਇਨਕਲਾਬ ਕਰਕੇ ਜਮਹੂਰੀ ਰੀਪਬਲਿਕ ਕਾਇਮ ਕਰਨਾ ਸੀ। ਇਸ ਜਥੇਬੰਦੀ ਦੇ ਵਿਧਾਨ ਵਿੱਚ ਦਰਜ ਸੀ ਕਿ ਇਸ ਦੀਆਂ ਮੀਟਿੰਗਾਂ ਵਿੱਚ ਕੋਈ ਵੀ ਮਜ਼ਹਬੀ ਬਹਿਸ ਨਹੀਂ ਹੋਵੇਗੀ। ਮਜ਼ਹਬ ਹਰ ਕਿਸੇ ਦਾ ਆਪਣਾ ਨਿੱਜੀ ਮਾਮਲਾ ਹੈ। ਛੂਤਛਾਤ ਵਿੱਚ ਯਕੀਨ ਰੱਖਣ ਵਾਲਾ ਆਦਮੀ ਇਸ ਦਾ ਮੈਂਬਰ ਨਹੀਂ ਬਣ ਸਕਦਾ''। ਗ਼ਦਰ ਪਾਰਟੀ ਦੇ ਮਨੋਰਥ ਬਾਰੇ ਗੱਲ ਕਰਦਿਆਂ ਉਹ ਅੱਗੇ ਲਿਖਦੇ ਹਨ, ''ਗ਼ਦਰੀ ਹਿੰਦੋਸਤਾਨ ਵਿੱਚ ਇੱਕ ਰੀਪ-ਬਲਿਕ, ਲੋਕਾਂ ਦੀਆਂ ਵੋਟਾਂ ਨਾਲ ਚੁਣੀ ਹੋਈ ਡੈਮੋਕਰੈਟਿਕ ਹਕੂਮਤ ਸਥਾਪਤ ਕਰਨੀ ਚਾਹੁੰਦੇ ਸਨ। ਛੂਤ-ਛਾਤ ਨੂੰ ਉਹ ਸਮਾਜ ਦਾ ਕੋਹੜ ਸਮਝਦੇ ਸਨ। ਉਨ੍ਹਾਂ ਦੀ ਰਾਜਸੀ ਸੋਚ ਧਰਮਨਿਰਲੇਪ ਸੀ, ਨਿਰੋਲ ਸੈਕੂਲਰ, ਜਿਸ ਉਤੇ ਉਹ ਜ਼ਿੰਦਗੀ ਭਰ ਖੜੇ ਰਹੇ। ਸੂਬਾਵਾਦ ਜਾਂ ਜਾਤ ਤੁਅੱਸਬ ਉਨ੍ਹਾਂ ਦੇ ਨੇੜਿਓਂ ਵੀ ਨਹੀਂ ਸੀ ਲੰਘਿਆ ਹੋਇਆ। ...ਗ਼ਦਰ ਪਾਰਟੀ ਨੇ ਮਜ਼ਹਬੀ ਫਸਾਦ ਕਰਾਉਣ ਵਾਲੇ ਪੰਡਤਾਂ, ਮੁਲਾਣਿਆਂ ਅਤੇ ਭਾਈਆਂ ਦੇ ਪਰਦੇ ਫਾਸ਼ ਕੀਤੇ ਸਨ।

ਗ਼ਦਰੀ ਬਾਬਿਆਂ ਨੇ ਗ਼ਦਰ ਲਹਿਰ ਦੇ ਉਦੇਸ਼ਾਂ ਅਤੇ ਮਨੋਰਥਾਂ ਨੂੰ ਆਖ਼ਰੀ ਸਾਹਾਂ ਤੱਕ ਨਿਭਾਇਆ। ਗ਼ਦਰੀ ਬਾਬਿਆਂ ਨੇ ਜਾਤਪਾਤ ਦੇ ਵਿਧਾਨ ਨੂੰ ਆਪਣੀ ਕਾਰਗੁਜ਼ਾਰੀ ਅਤੇ ਆਪਸੀ ਸੰਬੰਧ ਦੇ ਖੇਤਰ ਵਿੱਚ ਪੂਰੀ ਤਰ੍ਹਾਂ ਰੱਦ ਕੀਤਾ ਹੋਇਆ ਸੀ। ਬਾਬਾ ਬਿਲਗਾ ਦੀ 'ਗ਼ਦਰ ਲਹਿਰ ਦੇ ਅਣਫੋਲੇ ਵਰਕੇ' ਪੁਸਤਕ ਵਿਚਲੇ ਇਕ ਉਲੇਖ ਤੋਂ ਗ਼ਦਰੀ ਬਾਬਿਆਂ ਦੀ ਜਾਤਪਾਤੀ ਵਿਤਕਰੇ ਪ੍ਰਤੀ ਅਣਹੋਂਦ ਦਾ ਜੋ ਜ਼ਿਕਰ ਮਿਲਦਾ ਹੈ ਉਸ ਨੂੰ ਦਰਸਾਉਣਾ ਇਥੇ ਪ੍ਰਸੰਗਕ ਹੈ। ਇਹ ਉਲੇਖ ਅੰਡੇਮਾਨ ਜੇਲ੍ਹ ਵਿੱਚ ਹਵਾਲਾਤੀ ਗ਼ਦਰੀ ਬਾਬਿਆਂ ਦੀ ਲੂੰ-ਕੰਡੇ ਖੜ੍ਹੇ ਕਰਨ ਵਾਲੀ ਦਾਸਤਾਂ ਨਾਲ ਸੰਬੰਧਤ ਹੈ ਜਿਸ ਵਿੱਚ ਗ਼ਦਰੀ ਬਾਬਾ ਸੋਹਣ ਸਿੰਘ ਭਕਨਾ ਅਤੇ ਬਾਬਾ ਪ੍ਰਿਥਵੀ ਸਿੰਘ ਦੀ ਭੁੱਖ ਹੜਤਾਲ ਦਾ ਵੇਰਵਾ ਮਿਲਦਾ ਹੈ। ਜਦੋਂ ਇਨ੍ਹਾਂ ਦੋਨਾਂ ਗ਼ਦਰੀ ਬਾਬਿਆਂ ਦੀ ਭੁੱਖ ਹੜਤਾਲ ਦੌਰਾਨ ਹਾਲਤ ਨਾਜ਼ਕ ਹੋ ਜਾਂਦੀ ਹੈ ਤਾਂ ਇਨ੍ਹਾਂ ਨੂੰ ਜਬਰੀ ਖੁਰਾਕ ਦਿਤੀ ਜਾਣ ਲਗਦੀ ਹੈ। ਜਬਰੀ ਖੁਰਾਕ ਜੇਲ੍ਹ ਦੇ ਹੀ ਭੰਗੀਆਂ ਤੋਂ ਦੁਆਈ ਜਾਂਦੀ ਸੀ, ਜੋ ਆਪਣੇ-ਆਪ ਦੇ ਵਿੱਚ ਵੀ ਇਕ ਸਜ਼ਾ ਸੀ ਕਿਉਂਕਿ ਭੰਗੀਆਂ ਨੂੰ ਤਾਂ ਅਪਵਿੱਤਰ ਮੰਨਿਆ ਜਾਂਦਾ ਸੀ ਅਤੇ ਸਵਰਨ ਲੋਕੀ ਉਨ੍ਹਾਂ ਨੂੰ ਆਪਣੇ ਤੋਂ ਭਿੱਟ ਹੋ ਜਾਣ ਦੇ ਡਰ ਕਾਰਨ ਦੂਰ ਰੱਖਦੇ ਸਨ। ਇਸ ਲਈ ਉਨ੍ਹਾਂ ਤੋਂ ਖੁਰਾਕ ਖਾਣਾ, ਇਸ ਨੁਕਤਾ-ਨਿਗਾਹ ਤੋਂ, ਸਜ਼ਾ ਮੰਨਿਆ ਜਾਂਦਾ ਸੀ। ਜਦੋਂ ਬਾਬਾ ਸੋਹਣ ਸਿੰਘ ਭਕਨਾ ਤੇ ਬਾਬਾ ਪ੍ਰਿਥਵੀ ਸਿੰਘ ਨੂੰ ਭੰਗੀਆਂ ਤੋਂ ਜਬਰੀ ਖੁਰਾਕ ਦੇਣ ਦਾ ਵੇਲਾ ਆਇਆ ਤਾਂ ਇਨ੍ਹਾਂ ਦੋਨਾਂ ਗ਼ਦਰੀ ਬਾਬਿਆਂ ਨੇ ਭੰਗੀਆਂ ਨੂੰ ਦੇਖ ਕੇ ''ਉਨ੍ਹਾਂ ਨੂੰ ਜੱਫੀਆਂ ਪਾ ਲਈਆਂ ਅਤੇ ਕਿਹਾ ਕਿ ਧੰਨਭਾਗ ਹਨ ਸਾਡੇ ਕਿ ਤੁਹਾਡੇ ਪਵਿੱਤਰ ਹੱਥ ਸਾਨੂੰ ਲੱਗੇ ਹਨ''।

ਗ਼ਦਰ ਲਹਿਰ ਦੌਰਾਨ ਕੌਮੀ ਮੁਕਤੀ ਅੰਦੋਲਨ ਦੇ ਨਾਲ-ਨਾਲ ਸ਼ਾਇਦ ਇਹ ਪਹਿਲ ਕਦਮੀ ਸੀ ਜਦੋਂ ਇਸ ਪੱਧਰ ਉੱਤੇ ਅਤੇ ਇਨਕਲਾਬੀ ਤੌਰ ਤੇ ਜਾਤਪਾਤ ਦੇ ਖੰਡਨ ਅਤੇ ਪਤਨ ਦੀ ਗੱਲ ਤੁਰੀ ਹੋਵੇ। ਗ਼ਦਰ ਲਹਿਰ ਦੀ ਇਸ ਪਹਿਲ-ਕਦਮੀ ਦਾ ਦਲਿਤ ਮੁਕਤੀ ਅੰਦੋਲਨ ਵਿੱਚ ਹਮੇਸ਼ਾ ਜ਼ਿਕਰ ਹੁੰਦਾ ਰਵੇਗਾ। ਗ਼ਦਰ ਲਹਿਰ ਤੋਂ ਬਾਅਦ ਦੂਸਰੀ ਇਨਕਲਾਬੀ ਤਹਿਰੀਕ ਜਿਸ ਦੌਰਾਨ ਇਕ ਵਾਰ ਫਿਰ ਦਲਿਤ ਮੁਕਤੀ ਅੰਦੋਲਨ ਦੀ ਗੱਲ ਤੁਰਦੀ ਹੈ ਉਹ ਹੈ-ਸ਼ਹੀਦ-ਏ-ਆਜ਼ਮ ਭਗਤ ਸਿੰਘ ਹੁਰਾਂ ਦੀ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕ ਪਾਰਟੀ'। ਇਹ ਤਹਿਰੀਕ ਰਣਜੀਤ ਲਹਿਰਾ ਦੇ ਸ਼ਬਦਾਂ ਵਿੱਚ ਜਾਤਪਾਤੀ ''ਸਵਾਲਾਂ ਨੂੰ ਹੋਰ ਵੀ ਵਧੇਰੇ ਜਮਹੂਰੀ ਤੇ ਵਿਗਿਆਨਿਕ ਦ੍ਰਿਸ਼ਟੀ ਕੋਣ ਤੋਂ ਸੰਬੋਧਤ'' ਹੁੰਦੀ ਹੈ। ਭਗਤ ਸਿੰਘ ਦੇ ਜਾਤਪਾਤੀ ਮਸਲਿਆਂ ਨਾਲ ਸੰਬੰਧਤ ਵਿਚਾਰਾਂ ਬਾਰੇ ਚਰਚਾ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਬਣਦਾ ਹੈ ਕਿ ਉਨ੍ਹਾਂ ਦੇ ਜੀਵਨ ਉਤੇ ਪਏ ਸਕਾਰਾਤਮਕ ਪ੍ਰਭਾਵਾਂ ਦਾ ਵੀ ਵਰਣਨ ਕੀਤਾ ਜਾਵੇ ਜਿਸ ਤੋਂ ਉਨ੍ਹਾਂ ਦੀ ਜਾਤ ਪ੍ਰਤੀ ਇਨਕਲਾਬੀ ਸੋਚ ਨੂੰ ਸਮਝਣ ਵਿੱਚ ਕਾਫ਼ੀ ਮੱਦਦ ਮਿਲੇਗੀ।

ਭਗਤ ਸਿੰਘ ਦਾ ਜਨਮ 28 ਸਤੰਬਰ 1907 ਨੂੰ ਪਿੰਡ ਬੰਗਾ, ਚੱਕ ਨੰਬਰ 105 ਜੀ. ਬੀ., ਜ਼ਿਲ੍ਹਾ ਲਾਇਲਪੁਰ (ਅੱਜ ਕੱਲ੍ਹ ਪਾਕਿਸਤਾਨ ਵਿੱਚ ਫੈਸਲਾਬਾਦ) ਵਿਖੇ ਹੋਇਆ। ਉਨ੍ਹਾਂ ਦਾ ਜੱਦੀ ਪਿੰਡ ਖਟਕੜ ਕਲਾਂ (ਨੇੜੇ ਬੰਗਾ) ਹੈ ਜਿਥੋਂ ਉਨ੍ਹਾਂ ਦੇ ਦਾਦਾ ਜੀ ਨਵੀਂ ਆਬਾਦ ਕੀਤੀ ਉਪਜਾਊ ਧਰਤੀ ਝਨਾਬ ਕਨਾਲ ਕਲੋਨੀ ਜਾ ਕੇ ਵਸ ਗਏ ਸਨ। ਸ਼ਹੀਦ ਭਗਤ ਸਿੰਘ ਦੇ ਪਰਿਵਾਰ ਦਾ ਅੰਗਰੇਜ਼ ਹਕੂਮਤ ਦੇ ਵਿਰੁੱਧ ਚੱਲ ਰਹੇ ਅੰਦੋਲਨ ਵਿੱਚ ਬਹੁਤ ਵੱਡਾ ਯੋਗਦਾਨ ਸੀ। ਉਨ੍ਹਾਂ ਦੇ ਚਾਚਾ ਅਜੀਤ ਸਿੰਘ ਨੇ ਲਾਲਾ ਲਾਜਪਤ ਰਾਏ ਅਤੇ ਬਾਂਕੇ ਦਿਆਲ ਨਾਲ ਮਿਲ ਕੇ ਅੰਗਰੇਜ਼ ਸਰਕਾਰ ਦੇ 'ਬਸਤੀਵਾਦ ਸੰਬੰਧੀ ਬਿੱਲ' ਦੀ ਮੁਖ਼ਾਲਫ਼ਤ ਕੀਤੀ। ਉਨ੍ਹਾਂ ਦੇ ਪਿਤਾ ਕਿਸ਼ਨ ਸਿੰਘ ਨੇ ਵੀ ਇਸ ਸੰਘਰਸ਼ ਵਿੱਚ ਹਿੱਸਾ ਪਾਇਆ। ਇਸ ਸੰਘਰਸ਼ ਕਰਕੇ ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਨੂੰ ਮਾਂਡਲੇ ਜੇਲ੍ਹ ਭੇਜ ਦਿਤਾ ਗਿਆ ਅਤੇ ਕਿਸ਼ਨ ਸਿੰਘ ਨੂੰ ਵੀ ਜ਼ੇਲ੍ਹ ਵਿੱਚ ਭੇਜ ਦਿੱਤਾ। ਉਨ੍ਹਾਂ ਵੱਲੋਂ ਸ਼ੁਰੂ ਕੀਤਾ ਸੰਘਰਸ਼ ਸਫਲ ਹੋ ਗਿਆ ਅਤੇ ਉਹ ਬਿੱਲ 1907 ਵਿੱਚ ਵਾਪਸ ਲੈ ਲਿਆ ਗਿਆ ਅਤੇ ਇਸ ਤੋਂ ਥੋੜ੍ਹੀ ਦੇਰ ਬਾਅਦ ਹੀ ਅਜੀਤ ਸਿੰਘ, ਲਾਲਾ ਲਾਜਪਤ ਰਾਏ ਅਤੇ ਕਿਸ਼ਨ ਸਿੰਘ ਨੂੰ ਰਿਹਾਅ ਕਰ ਦਿੱਤਾ ਗਿਆ। ਭਗਤ ਸਿੰਘ ਦੇ ਚਾਚਾ ਤੇ ਪਿਤਾ ਜੀ ਨੇ 1906 ਦੇ ਕੱਲਕਤਾ ਵਾਲੇ ਕਾਂਗਰਸ ਦੇ ਇਜਲਾਸ ਵਿੱਚ ਵੀ ਸ਼ਮੂਲੀਅਤ ਕੀਤੀ ਸੀ ਜਿਥੇ ਉਨ੍ਹਾਂ ਨੂੰ ਬਾਲ ਗੰਗਾਧਰ ਤਿਲਕ ਦੇ ਵਿਚਾਰਾਂ ਨੇ ਕਾਫ਼ੀ ਪ੍ਰਭਾਵਿਤ ਕੀਤਾ। ਉਨ੍ਹਾਂ ਨੇ ਕਾਂਗਰਸ ਵਲੋਂ ਦਿਤੇ ਗਏ 'ਵਿਦੇਸ਼ੀ ਵਸਤਾਂ ਦੇ ਬਾਈਕਾਟ' ਦੇ ਬੁਲਾਵੇ ਨੂੰ ਲਾਗੂ ਕਰਨ ਵਿੱਚ ਕਾਫ਼ੀ ਯੋਗਦਾਨ ਪਾਇਆ ਅਤੇ ਅੰਗਰੇਜ਼ ਸਰਕਾਰ ਵਿਰੁੱਧ ਆਪਣੀ ਆਵਾਜ਼ ਨੂੰ ਦੂਰ ਤਕ ਪਹੁੰਚਾਉਣ ਹਿਤ ਕੁਝ ਸਮੇਂ ਲਈ 'ਭਾਰਤ ਮਾਤਾ' ਨਾਂ ਦਾ ਅਖ਼ਬਾਰ ਵੀ ਕੱਢਿਆ। ਬਾਅਦ ਵਿੱਚ ਉਨ੍ਹਾਂ ਦੇ ਉਦਮਾਂ ਸਦਕਾਂ 'ਭਾਰਤ ਮਾਤਾ' ਨਾਂ ਦੀ ਸੰਸਥਾ ਦੀ ਸਥਾਪਨਾ ਕੀਤੀ ਗਈ। ਇਨ੍ਹਾਂ ਸਾਰੀਆਂ ਪਰਿਵਾਰਕ ਗਤੀਵਿਧੀਆਂ ਦਾ ਭਗਤ ਸਿੰਘ ਉਤੇ ਬਹੁਤ ਸਾਰਥਕ ਪ੍ਰਭਾਵ ਪਿਆ।

ਪਰਿਵਾਰ ਤੋਂ ਬਾਅਦ ਭਗਤ ਸਿੰਘ ਤੇ ਜਿਸ ਸ਼ਖ਼ਸੀਅਤ ਨੇ ਬਹੁਤ ਪ੍ਰਭਾਵ ਪਾਇਆ ਅਤੇ ਜਿਸ ਨੂੰ ਉਹ ਆਪਣਾ ਪ੍ਰੇਰਨਾ ਸਰੋਤ ਸਮਝਦੇ ਸਨ ਉਹ ਸੀ ਸ਼ਹੀਦ ਕਰਤਾਰ ਸਿੰਘ ਸਰਾਭਾ। ਉਹ ਆਪਣੀ ਮਾਤਾ ਜੀ ਵਿਦਿਆਵਤੀ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਫੋਟੋ ਵਿਖਾ ਕੇ ਕਿਹਾ ਕਰਦੇ ਸਨ, ''ਪਿਆਰੀ ਬੇਬੇ ਜੀ, ਇਹ ਹੈ ਮੇਰਾ ਗੁਰੂ, ਮੇਰਾ ਸਾਥੀ ਅਤੇ ਮੇਰਾ ਭਰਾ।'' ਉਹ ਆਪਣੀ ਹੀ ਮਸਤੀ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਵਲੋਂ ਲਿਖਿਆ ਗਿਆ ਬੈਂਤ ਗੁਾਉਂਦਾ ਰਹਿੰਦਾ ਸੀ:

''ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,<br>
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।<br>
ਜਿਨ੍ਹਾਂ ਵੀ ਦੇਸ਼ ਸੇਵਾ ਵਿੱਚ ਪੈਰ ਪਾਇਆ,<br>
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ''।

ਜਗਮੋਹਨ ਸਿੰਘ ਅਨੁਸਾਰ ਸ਼ਹੀਦ ਭਗਤ ਸਿੰਘ ਕਰਤਾਰ ਸਿੰਘ ਸਰਾਭਾ ਨੂੰ ਆਪਣਾ ਰਾਜਨੀਤਕ ਗੁਰੂ, ਆਗੂ ਤਸੱਵਰ ਕਰਦਾ ਸੀ। ਭਗਤ ਸਿੰਘ ਦੇ ਜੀਵਨ ਤੇ ਗ਼ਦਰ ਲਹਿਰ ਦਾ ਸਿੱਧਾ ਪ੍ਰਭਾਵ ਪਿਆ। ''1914-15 ਵਿੱਚ ਗ਼ਦਰ ਪਾਰਟੀ ਦੇ ਗ਼ਦਰੀਆਂ ਅਤੇ ਸ਼ਹੀਦ ਕਰਤਾਰ ਸਿੰਘ ਸਰਾਭੇ ਦਾ ਘਰ ਆਉਣ ਜਾਣ ਬਣਿਆ ਹੋਇਆ ਸੀ। ਤੇ ਉਸ ਤੋਂ ਬਾਅਦ ਵੀ ਘਰ ਵਿੱਚ ਗ਼ਦਰ ਪਾਰਟੀ ਦੀਆਂ ਗੱਲਾਂ ਚਲਦੀਆਂ ਸਨ। ਇਸ ਤਰ੍ਹਾਂ ਅੱਠ-ਨੌਂ ਸਾਲ ਦੇ ਭਗਤ ਸਿੰਘ ਨੂੰ ਗ਼ਦਰ ਲਹਿਰ ਦਾ ਸਿੱਧਾ ਸੰਪਰਕ ਵੀ ਪ੍ਰਾਪਤ ਹੋਇਆ''। ਜਿਥੋਂ ਤਕ ਜਾਤਪਾਤ ਦੇ ਵਿਰੋਧ ਦਾ ਸਵਾਲ ਹੈ ਇਸ ਦੇ ਪ੍ਰਭਾਵ ਦਾ ਸੰਬੰਧ ਭਗਤ ਸਿੰਘ ਦੇ ਪਰਿਵਾਰ ਵਿੱਚ ਜਾਤਪਾਤ ਦੀ ਅਣਹੋਂਦ ਨਾਲ ਹੈ। ਭਗਤ ਸਿੰਘ ਦੇ ਦਾਦਾ ਜੀ ਸਰਦਾਰ ਅਰਜਨ ਸਿੰਘ ''ਆਰੀਆ ਸਮਾਜੀ ਪ੍ਰਭਾਵ ਹੇਠ ਆ ਕੇ ਅੰਧ-ਵਿਸ਼ਵਾਸਾਂ ਅਤੇ ਛੂਤਛਾਤ ਤੋਂ ਮੁਕਤ ਹੋ ਗਏ ਸਨ ਅਤੇ ਪੇਂਡੂ ਦੱਬੇ-ਕੁਚਲੇ ਵਰਗ ਦੇ ਬਹੁਤ ਨੇੜੇ ਆ ਕੇ ਸਹਾਰਾ ਬਣ ਗਏ ਸੀ। ...ਪਿੰਡ ਵਿੱਚ ਹੀ ਨਹੀਂ ਇਲਾਕੇ ਭਰ ਵਿੱਚ ਵਿਚਾਰੇ ਸਿੱਧੇ-ਸਾਧੇ ਪੇਂਡੂਆਂ ਵਾਸਤੇ ਜ਼ੁਲਮ, ਦਬਾਅ ਅਤੇ ਲੁੱਟ ਦੇ ਉੱਲਟ ਲੜਨ ਲਈ ਉਹ ਇਕ ਸਹਾਰਾ ਸਨ।'' ਜ

ਗਮੋਹਨ ਸਿੰਘ ਅਗੇ ਲਿਖਦੇ ਹਨ, ''ਬਚਪਨ ਵਿੱਚ ਭਗਤ ਸਿੰਘ ਨੂੰ ਕਾਮੇ, ਕਿਰਤੀ ਤੇ ਕਿਸਾਨਾਂ ਲਈ ਪਿਆਰ, ਅੰਧ-ਵਿਸ਼ਵਾਸੀ ਤੋਂ ਮੁਕਤੀ ਅਤੇ ਹਰ ਚੀਜ਼ ਨੂੰ ਤਰਕਸ਼ੀਲਤਾ ਨਾਲ ਘੋਖਣਾ ਬਾਬਾ ਜੀ ਤੋਂ ਮਿਲਿਆ ਸੀ''। ਭਗਤ ਸਿੰਘ ਨੇ ਆਪਣੇ ਪਿਤਾ ਕਿਸ਼ਨ ਸਿੰਘ ਤੋਂ ਵੀ ਆਜ਼ਾਦੀ ਦੇ ਸੰਘਰਸ਼ ਵਿੱਚ ਕੁੱਦਣ ਦੀ ਪ੍ਰੇਰਨਾ ਲਈ। ਜਗਮੋਹਨ ਸਿੰਘ ਦੇ ਸ਼ਬਦਾਂ ਵਿੱਚ, ''ਸ. ਕਿਸ਼ਨ ਸਿੰਘ ਜਦ ਕਦੇ ਕਿਸੇ ਜਨਤਕ ਜਲਸੇ ਵਿੱਚ ਜਾਂਦੇ ਤਾਂ ਸ. ਭਗਤ ਸਿੰਘ ਵੀ ਨਾਲ ਹੁੰਦੇ ਅਤੇ ਕਈ ਵਾਰ 10 ਤੋਂ 12 ਸਾਲ ਦਾ ਭਗਤ ਸਿੰਘ ਤਕਰੀਰ ਵੀ ਕਰਦਾ। ਇਸ ਤਰ੍ਹਾਂ ਭਗਤ ਸਿੰਘ ਉਸ ਵਕਤ ਦੀਆਂ ਚੱਲ ਰਹੀਆਂ ਜਨਤਕ ਲਹਿਰਾਂ ਦਾ ਤਜਰਬਾ ਹਾਸਲ ਕਰਦੇ ਰਹੇ। ... 17-19 ਜਨਵਰੀ 1921 ਨਾਮਧਾਰੀ ਲਹਿਰ ਤੋਂ ਪਾਬੰਦੀ ਉਠਾਈ ਗਈ ਤਾਂ ਮੁੱਠਡੇ (ਜਲੰਧਰ) ਇੱਕਠ ਹੋਇਆ। ਆਪਣੇ ਪਿਤਾ ਨਾਲ ਭਗਤ ਸਿੰਘ ਨਾਲ ਇਥੇ ਆਏ ਤੇ ਤਕਰੀਰ ਵੀ ਕੀਤੀ''। ਸ਼ਹੀਦ ਭਗਤ ਸਿੰਘ ਦੇ ਆਪਣੇ ਸ਼ਬਦਾਂ ਵਿੱਚ, ''...ਫੇਰ ਮੈਂ ਆਪਣੇ ਪਿਤਾ ਜੀ ਨਾਲ ਰਹਿਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਧਾਰਮਕ ਦ੍ਰਿਸ਼ਟੀਕੋਣ ਉਦਾਰ ਸੀ। ਉਨ੍ਹਾਂ ਦੀਆਂ ਸਿੱਖਿਆਵਾਂ ਸਦਕਾ ਹੀ ਮੈਂ ਆਪਣੀ ਜ਼ਿੰਦਗੀ ਆਜ਼ਾਦੀ ਦੇ ਆਦਰਸ਼ ਨੂੰ ਅਰਪੀ''। ਭਗਤ ਸਿੰਘ ਨੇ ਆਪਣੀ ਪ੍ਰਾਇਮਰੀ ਤਕ ਦੀ ਪੜ੍ਹਾਈ ਪਿੰਡ ਬੰਗਾਂ ਤੋਂ ਹੀ ਕੀਤੀ ਤੇ 1916 ਵਿੱਚ ਲਾਹੌਰ ਦੇ ਡੀ. ਏ. ਵੀ. ਸਕੂਲ ਬੋਰਡਿੰਗ ਵਿੱਚ ਦਾਖਲਾ ਲੈ ਲਿਆ। 1917 ਵਿੱਚ ਉਨ੍ਹਾਂ ਦੇ ਪਿਤਾ ਸ. ਕਿਸ਼ਨ ਸਿੰਘ ਨੇ ਆਪਣਾ ਘਰ ਲਾਹੌਰ ਲੈ ਆਂਦਾ ਤਾਂ ਕਿ ਭਗਤ ਸਿੰਘ ਦੀ ਪੜ੍ਹਾਈ-ਲਿਖਾਈ ਅਤੇ ਸਿਹਤ ਦੀ ਦੇਖ-ਰੇਖ ਚੰਗੀ ਹੋ ਸਕੇ। ਉਨ੍ਹਾਂ ਦੇ ਲਾਹੌਰ ਦੇ ਵਿੱਚ ਮਕਾਨ ਦੇ ਕੋਲ ਹੀ ਇਕ ਵੱਡੀ ਹਵੇਲੀ ਵਿੱਚ ਨਾਮਧਾਰੀ ਗੁਰੂ ਆ ਕੇ ਠਹਿਰਿਆ ਕਰਦੇ ਸਨ ਜਿਸ ਕਰਕੇ ਭਗਤ ਸਿੰਘ ਹੁਰਾਂ ਨੂੰ ਨਾਮਧਾਰੀ ਲਹਿਰ ਨੂੰ ਵੀ ਬਹੁਤ ਨੇੜਿਓਂ ਹੋ ਕੇ ਜਾਣਨ ਦਾ ਮੌਕਾ ਮਿਲਿਆ। ਜਿਸ ਬਾਰੇ ਫਰਵਰੀ 1928 ਵਿੱਚ ਦਿਲੀ ਤੋਂ ਛਪਣ ਵਾਲੇ ਹਿੰਦੀ ਦੇ ਰਸਾਲੇ 'ਮਹਾਰਥੀ' ਵਿੱਚ ਉਨ੍ਹਾਂ ਨੇ ਬੀ. ਐਸ. ਸੰਧੂ ਦੇ ਕਲਮੀ ਨਾਂ ਹੇਠਾਂ ਕੂਕਾ ਲਹਿਰ ਤੇ ਲੇਖ ਲਿਖਿਆ। ਜਦੋਂ ਭਗਤ ਸਿੰਘ ਨੇ ਇਹ ਲੇਖ ਲਿਖਿਆ ਉਸ ਵੇਲੇ ਉਹ ਮਸਾਂ 20 ਸਾਲ ਦੇ ਸਨ। ਇਸ ਲੇਖ ਨੂੰ ਪੜ੍ਹਦਿਆਂ ਇਹ ਸਹਿਜੇ ਹੀ ਪਤਾ ਚਲ ਜਾਂਦਾ ਹੈ ਕਿ ਉਸ ਵੇਲੇ ਉਨ੍ਹਾਂ ਦੀ ਜਾਣਕਾਰੀ ਦਾ ਪੱਧਰ ਅਤੇ ਵਿਸ਼ਲੇਸ਼ਣ ਕਰਨ ਦੀ ਸੋਝੀ ਕਿੰਨੀ ਤੀਬਰ ਸੀ ਜੋ ਉਨ੍ਹਾਂ ਦੀ ਆਪਣੇ ਆਲੇ-ਦੁਆਲੇ ਦੇ ਹਾਲਾਤਾਂ ਨੂੰ ਸਮਝਣ ਲਈ ਕੀਤੇ ਬੌਧਿਕ ਅਤੇ ਯਥਾਰਥਕ ਯਤਨ ਉਸ ਦੀ ਮੂੰਹ ਬੋਲਦੀ ਤਸਵੀਰ ਹੈ। ਅਕਤੂਬਰ 1928 ਦੇ 'ਕਿਰਤੀ' ਮਾਸਿਕ ਪੱਤਰ ਵਿੱਚ ਉਨ੍ਹਾਂ ਨੇ ਇਕ ਵਾਰ ਫਿਰ 'ਕੂਕਾ ਬਗ਼ਾਵਤ' ਤੇ ਵਿਦਰੋਹੀ ਦੇ ਕਲਮੀ ਨਾਂ ਹੇਠ ਲੇਖ ਲਿਖ ਕੇ ਇਸ ਲਹਿਰ ਦੇ ਬਾਰੇ ਆਪਣੀ ਵਿਸਥਾਰ ਪੂਰਵਕ ਜਾਣਕਾਰੀ ਅਤੇ ਵਿਸ਼ਲੇਸ਼ਣ ਦੇ ਰਾਹੀਂ ਪੰਜਾਬ ਦੀਆਂ ਰਾਜ ਪਲਟਾਊ ਲਹਿਰਾਂ ਬਾਰੇ ਰੌਸ਼ਨੀ ਪਾਈ। ਉਨ੍ਹਾਂ ਨੇ ਜਵਾਨ ਹੁੰਦਿਆਂ ਹੀ ਬਹੁਤ ਸਾਰੀਆਂ ਇਤਿਹਾਸ ਪੂਰਵਕ ਘਟਨਾਵਾਂ ਅਤੇ ਗਤੀਵਿਧੀਆਂ ਵਿੱਚ ਹਾਜ਼ਰੀ ਲਗਵਾਈ। ਜਦੋਂ 13 ਅਪ੍ਰੈਲ 1919 ਨੂੰ ਅੰਮ੍ਰਿਤਸਰ ਵਿਖੇ ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ ਹੋਇਆ ਉਸ ਸਮੇਂ ਉਹ ਮਸਾਂ 12 ਸਾਲ ਦੇ ਸਨ। ਉਹ ਦੂਸਰੇ ਦਿਨ ਜਲ੍ਹਿਆਂ ਵਾਲੇ ਬਾਗ਼ ਪੁੱਜੇ ਅਤੇ ਉਥੋਂ ਦੀ ਖ਼ੂਨ ਨਾਲ ਲੱਥਪੱਥ ਮਿੱਟੀ ਨੂੰ ਆਪਣੇ ਘਰ ਲੈ ਆਏ। ਉਨ੍ਹਾਂ ਨੇ ਨਨਕਾਣਾ ਸਾਹਿਬ ਦੇ ਸਾਕੇ ਦਾ ਹਾਲ ਵੀ ਲਾਹੌਰ ਤੋਂ ਲਾਇਲਪੁਰ ਜਾਂਦੇ ਹੋਏ ਉਥੇ ਰੁਕ ਕੇ ਦੇਖਿਆ। ਨਵੰਬਰ 1921 ਵਿੱਚ ਸ਼ੁਰੂ ਹੋਈ ਨਾ-ਮਿਲਵਰਤਨ ਲਹਿਰ ਵਿੱਚ ਉਨ੍ਹਾਂ ਨੇ ਡੀ.ਏ.ਵੀ. ਸਕੂਲ ਲਾਹੌਰ ਵਿਖੇ ਦਸਵੀਂ ਜਮਾਤ ਨੂੰ ਵਿਚੇ ਛੱਡ ਕੇ ਕੌਮੀ ਲਹਿਰ ਵਿੱਚ ਹਿੱਸਾ ਲਿਆ ਇਸ ਸਮੇਂ ਦੌਰਾਨ ਹੀ ਉਨ੍ਹਾਂ ਨੇ 14 ਨਵੰਬਰ 1921 ਲਾਹੌਰ ਤੋਂ ਆਪਣੇ ਦਾਦਾ ਜੀ ਨੂੰ ਲਿਖੇ ਖ਼ਤ ਵਿੱਚ ਆਪਣੇ ਪਿੰਡ ਦੇ ਮੰਗੂ ਚਮਾਰ ਬਾਰੇ ਪੁੱਛਿਆ ਅਤੇ ਨਾਲ ਹੀ ਰੇਲਵੇ ਹੜਤਾਲ ਬਾਰੇ ਜਾਣਕਾਰੀ ਦਿਤੀ ਜੋ ਕਿ ਸ਼ਹੀਦ ਭਗਤ ਸਿੰਘ ਦੇ ਕੌਮੀ ਸੰਘਰਸ਼ ਬਾਰੇ ਅਤੇ ਉਸ ਦੀ ਅਖੌਤੀ ਅਛੂਤ ਜਾਣੇ-ਜਾਂਦੇ ਲੋਕਾਂ ਬਾਰੇ ਸਨੇਹ ਦੀ ਦੱਸ ਪਾਉਂਦਾ ਹੈ।

ਗ਼ਦਰ ਲਹਿਰ ਤੋਂ ਬਾਅਦ ਦੂਸਰੀ ਤਹਿਰੀਕ ਜਿਸ ਨੇ ਜਾਤਪਾਤੀ ਵਿਤਕਰੇ ਦੇ ਵਿਰੁੱਧ ਇਨਕਲਾਬੀ ਸੋਚ ਅਪਣਾਈ ਉਹ ਸੀ ਭਗਤ ਸਿੰਘ ਹੁਰਾਂ ਦੀ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕ ਪਾਰਟੀ'। ਫਿਰੋਜ਼ਸ਼ਾਹ ਕੋਟਲਾ ਦਿੱਲੀ ਵਿਖੇ 1928 ਵਿੱਚ ਹੋਏ 'ਹਿੰਦੋਸਤਾਨ ਰਿਪਬਲਿਕਨ ਐਸੋਸ਼ੀਏਸ਼ਨ' ਦੇ ਇਜਲਾਸ ਤੋਂ ਪਹਿਲਾਂ ਇਸ ਐਸੋਸੀਏਸ਼ਨ ਦੇ ਨਾਂ ਵਿੱਚ 'ਸੋਸ਼ਲਿਸਟ' ਦਾ ਸ਼ਬਦ ਨਹੀਂ ਹੁੰਦਾ ਸੀ। ਇਸ ਸ਼ਬਦ ਨੂੰ ਭਗਤ ਸਿੰਘ ਦੇ ਹਿੰਦੋਸਤਾਨ ਰਿਪਬਲਿਕਨ ਐਸੋਸ਼ੀਏਸ਼ਨ ਵਿੱਚ ਸ਼ਾਮਲ ਹੋਣ ਦੇ ਬਾਅਦ ਹੀ ਇਸ ਨਾਂ ਵਿੱਚ ਜੋੜਿਆ ਗਿਆ। ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਮਿਲ ਕੇ 1926 ਵਿੱਚ ਲਾਹੌਰ ਵਿਖੇ 'ਨੌਜਵਾਨ ਭਾਰਤ ਸਭਾ' ਦੀ ਸਥਾਪਨਾ ਵੀ ਕੀਤੀ। ਇਹ ਸਭਾ ਉਸ ਵਕਤ ਦੀ ਸਾਰੀ ਦੀ ਸਾਰੀ ਅਛੂਤ ਅਤੇ ਧਾਰਮਿਕ ਰਾਜਨੀਤੀ ਤੋਂ ਪਰ੍ਹਾਂ ਸੀ ਅਤੇ ਧਰਮ ਨਿਰਪੱਖਤਾ ਦੇ ਪੱਖ ਵਿੱਚ ਖੜ੍ਹੀ ਸੀ। ਜਿਸ ਤਰ੍ਹਾਂ ਕਿ ਉਪਰ ਚਰਚਾ ਕਰ ਆਏ ਹਾਂ ਕਿ ਭਗਤ ਸਿੰਘ ਦੀ ਸੋਚ ਤੇ ਗ਼ਦਰ ਲਹਿਰ ਦਾ ਬਹੁਤ ਡੂੰਘਾ ਅਸਰ ਸੀ, ਤਾਂ ਜਦੋਂ ਉਨ੍ਹਾਂ ਨੇ ਨਿਰੰਤਰ ਤੌਰ ਤੇ ਲਿਖਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਦੀਆਂ ਜ਼ਿਆਦਾਤਰ ਲਿਖਤਾਂ ਇਸ ਲਹਿਰ ਤੋਂ ਪ੍ਰੇਰਤ 'ਕਿਰਤੀ' ਰਸਾਲੇ ਵਿੱਚ ਪ੍ਰਕਾਸ਼ਤ ਹੋਈਆਂ। ਜਿਥੋਂ ਤਕ ਅਛੂਤ ਦਾ ਸਵਾਲ ਅਤੇ ਮਜ਼ਹਬੀ ਕੱਟੜਪੰਥੀ ਅੰਧਵਿਸ਼ਵਾਸ ਆਦਿ ਅਲਾਮਤਾਂ ਦਾ ਸੰਬੰਧ ਹੈ। ਇਨ੍ਹਾਂ ਬਾਰੇ ਤਿੰਨ ਮੁੱਖ ਲੇਖਾਂ ਦਾ ਜ਼ਿਕਰ ਕਰਨਾ ਜ਼ਰੂਰੀ ਬਣਦਾ ਹੈ। ਇਹ ਲੇਖ ਹਨ- 'ਧਰਮਵਾਰ (ਫਿਰਕੂ) ਫ਼ਸਾਦ ਤੇ ਉਨ੍ਹਾਂ ਦਾ ਇਲਾਜ', 'ਮਜ਼ਹਬ ਤੇ ਸਾਡੀ ਆਜ਼ਾਦੀ ਦੀ ਜੰਗ', ਅਤੇ 'ਅਛੂਤ ਦਾ ਸਵਾਲ', ਇਨ੍ਹਾਂ ਤਿੰਨਾਂ ਲੇਖਾਂ ਚੋਂ ਪਹਿਲੇ ਦੋ ਲੇਖ ਜੋ ਕਿ

(ਬਾਕੀ ਅਗਲੇ ਸਫ਼ੇ ਤੇ)

# ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਅਛੂਤ ਦਾ ਸਵਾਲ

ਕ੍ਰਮਵਾਰ ਜੂਨ 1927 ਅਤੇ ਮਈ 1928 ਦੇ 'ਕਿਰਤੀ' ਵਿੱਚ ਛਪੇ ਸਨ, ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੇ ਵਿਚਾਰ ਦਾ ਪ੍ਰਗਟਾਵਾ ਕਰਦੇ ਹਨ। ਤੀਸਰਾ ਲੇਖ 'ਅਛੂਤ ਦਾ ਸਵਾਲ' 'ਕਿਰਤੀ' ਦੇ ਜੂਨ 1928 ਦੇ ਅੰਕ ਵਿੱਚ ਭਗਤ ਸਿੰਘ ਵਲੋਂ ਵਿਦਰੋਹੀ ਦੇ ਕਲਮੀ ਨਾਂ ਹੇਠ ਛਪਵਾਇਆ ਗਿਆ ਸੀ।

ਮਜ਼ਹਬ ਅਤੇ ਜਾਤਪਾਤ ਬਾਰੇ ਭਗਤ ਸਿੰਘ ਅਤੇ ਉਸ ਦੇ ਸਾਥੀ ਅੰਮ੍ਰਿਤਸਰ ਵਿਖੇ 11, 12 ਤੇ 13 ਅਪ੍ਰੈਲ 1928 ਨੂੰ ਹੋਈ ਪੰਜਾਬ ਪੋਲੀਟੀਕਲ ਕਾਨਫਰੰਸ ਅਤੇ ਨੌਜਵਾਨਾਂ ਦੀ ਕਾਨਫਰੰਸ ਦੌਰਾਨ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਹਿੰਦੇ ਹਨ, ''ਮਜ਼ਹਬ ਸਾਡੇ ਰਸਤੇ ਵਿੱਚ ਇਕ ਬੜਾ ਭਾਰੀ ਰੋੜਾ ਹੈ, ਮਸਲਨ ਅਸੀਂ ਚਾਹੁੰਦੇ ਹਾਂ ਕਿ ਸਭੇ ਲੋਕੀ ਇਕੋ ਜਿਹੇ ਹਨ। ਇਹਨਾਂ ਵਿੱਚ ਸਰਮਾਏਦਾਰਾਂ ਦੇ ਉਚ-ਨੀਚ ਦੀ, ਛੂਤ ਅਛੂਤ ਦੀ ਕੋਈ ਵੰਡ ਨਾ ਰਹੇ ਪਰ ਸਨਾਤਨ ਧਰਮ ਤੇ ਇਸ ਭਿੰਨ ਭੇਦ ਦੇ ਹੱਕ ਵਿੱਚ ਹੈ। ...ਜੇ ਇਸ ਮਜ਼ਹਬ ਦੇ ਵਿਰੁੱਧ ਕੁਝ ਨਾ ਕਹਿਣ ਦੀ ਸੌਂਹ ਖਾ ਲਈਏ ਤਾਂ ਚੁੱਪ ਕਰਕੇ ਘਰ ਬੈਠ ਜਾਣਾ ਚਾਹੀਦਾ ਹੈ। ਨਹੀਂ ਤਾਂ ਮਜ਼ਹਬ ਦੀ ਮੁਖਾਲਫ਼ਿਤ ਹੋਵੇਗੀ। ਲੋਕੀ ਇਹ ਵੀ ਕਹਿੰਦੇ ਹਨ ਕਿ ਇਨ੍ਹਾਂ ਬੁਰਾਈਆਂ ਦਾ ਸੁਧਾਰ ਕੀਤਾ ਜਾਵੇ। ਬਹੁਤ ਖ਼ੂਬ! ਛੂਤ ਅਛੂਤ ਨੂੰ ਜੋ ਸਵਾਮੀ ਦਯਾਨੰਦ ਹੁਰਾਂ ਮਿਟਾਇਆ ਤੇ ਚਾਰ ਵਰਨਾਂ ਤੋਂ ਅੱਗੇ ਉਹ ਵੀ ਨਾ ਵਧ ਸਕੇ। ਭਿੰਨ ਭੇਦ ਤਾਂ ਫਿਰ ਵੀ ਰਹਿ ਗਿਆ। ਗੁਰਦੁਆਰੇ ਵਿੱਚ ਜਾ ਕੇ ਜੋ ਸਿੱਖ 'ਰਾਜ ਕਰੇਗਾ ਖਾਲਸਾ' ਗਾ ਲੈਣ ਤੇ ਬਾਹਰ ਆ ਕੇ ਪੰਚਾਇਤੀ ਰਾਜ ਦੀਆਂ ਗੱਲਾਂ ਕਰਨ 'ਤੇ ਕੀ ਮਤਲਬ ਹੋਵੇਗਾ?'' ਨੌਜਵਾਨ ਭਾਰਤ ਸਭਾ ਦੇ ਮੈਨੀਫੈਸਟੋ ਵਿੱਚ, ਜਿਸ ਦੇ ਭਗਤ ਸਿੰਘ ਪਹਿਲੇ ਜਨਰਲ ਸੈਕਟਰੀ ਤੇ ਭਗਵਤੀ ਚਰਨ ਵੋਹਰਾ ਪ੍ਰਾਪੇਗੰਡਾ ਸਕੱਤਰ ਸਨ, ਮਜ਼ਹਬੀ ਵਹਿਮ ਅਤੇ ਕੱਟੜਪੰਥੀ ਦਾ ਵਿਰੋਧ ਕਰਦੇ ਹੋਏ ਜੋ ਵਿਚਾਰ ਪ੍ਰਗਟਾਏ ਗਏ ਹਨ ਉਨ੍ਹਾਂ ਦੀ ਮਹੱਤਤਾ ਅੱਜ ਵੀ ਉਸੇ ਤਰ੍ਹਾਂ ਹੀ ਜਾਪਦੀ ਹੈ। ਪੇਸ਼ ਹਨ ਕੁਝ ਸਤਰਾਂ, ''ਮਜ਼੍ਹਬੀ ਵਹਿਮ ਅਤੇ ਤੁਅੱਸਬ ਸਾਡੀ ਤਰੱਕੀ ਦੇ ਰਾਹ ਵਿੱਚ ਵੱਡੀ ਰੁਕਾਵਟ ਹਨ। ਇਹ ਹਮੇਸ਼ਾ ਸਾਡੇ ਰਾਹ ਵਿੱਚ ਰੋੜ੍ਹਾ ਸਾਬਤ ਹੋਏ ਹਨ ਅਤੇ ਸਾਨੂੰ ਇਨ੍ਹਾਂ ਨੂੰ ਪਰ੍ਹੇ ਵਗਾਹ ਮਾਰਨਾ ਚਾਹੀਦਾ ਹੈ। ਜਿਹੜੀ ਚੀਜ਼ ਆਜ਼ਾਦ ਵਿਚਾਰਾਂ ਦੀ ਕਸਵੱਟੀ ਉਤੇ ਪੂਰੀ ਨਹੀਂ ਉਤਰਦੀ ਅਵੱਸ਼ ਖ਼ਤਮ ਹੋ ਜਾਂਦੀ ਹੈ''।

ਧਰਮ ਅਤੇ ਸਿਆਸਤ ਨੂੰ ਅਲੱਗ-ਅਲੱਗ ਰੱਖਣ ਵਾਸਤੇ ਭਗਤ ਸਿੰਘ ਅਤੇ ਉਸ ਦੇ ਸਾਥੀ 'ਧਰਮਵਾਰ (ਫ਼ਿਰਕੂ) ਫ਼ਸਾਦ ਤੇ ਉਨ੍ਹਾਂ ਦਾ ਇਲਾਜ' ਲੇਖ ਵਿੱਚ ਗ਼ਦਰ ਲਹਿਰ ਦਾ ਹਵਾਲਾ ਦਿੰਦੇ ਹੋਏ ਆਪਣੇ ਵਿਚਾਰ ਪੇਸ਼ ਕਰਦੇ ਹਨ ਕਿ, ''1914-15 ਦੇ ਸ਼ਹੀਦਾਂ ਨੇ ਧਰਮ ਨੂੰ ਪਾਲੇਟਿਕਸ ਤੋਂ ਵੱਖਰਾ ਕਰ ਦਿੱਤਾ ਹੋਇਆ ਸੀ। ਉਹ ਸਮਝਦੇ ਸਨ ਕਿ ਧਰਮ ਪੁਰਸ਼ਾਂ ਦਾ ਆਪਣਾ ਆਪਣਾ ਵੱਖਰਾ ਕਰਤੱਵ ਹੈ, ਤੇ ਇਸ ਵਿੱਚ ਦੂਜੇ ਦਾ ਕੋਈ ਦਖ਼ਲ ਨਹੀਂ। ਨਾ ਹੀ ਇਸ ਨੂੰ ਰਾਜਨੀਤੀ ਵਿੱਚ ਘੁਸੇੜਨਾ ਚਾਹੀਦਾ ਹੈ ਕਿਉਂਕਿ ਇਹ ਸਰਬੱਤ ਨੂੰ ਸਾਂਝੇ ਇਕ ਥਾਂ ਮਿਲ ਕੇ ਕੰਮ ਨਹੀਂ ਕਰਨ ਦੇਂਦਾ ਹੈ। ਇਸੇ ਲਈ ਹੀ ਉਹ ਗ਼ਦਰ ਵਰਗੀ ਲਹਿਰ ਵਿੱਚ ਵੀ ਇਕ-ਮੁੱਠ ਤੇ ਇਕ ਜਾਨ ਰਹੇ ਸਨ ਤੇ ਜਿਥੇ ਸਿੱਖ ਵਧ ਵਧ ਕੇ ਫਾਂਸੀਆਂ ਤੇ ਟੰਗੇ ਗਏ ਸਨ ਉਥੇ ਹਿੰਦੂਆਂ ਤੇ ਮੁਸਲਮਾਨਾਂ ਨੇ ਵੀ ਕੋਈ ਘੱਟ ਨਹੀਂ ਗੁਜ਼ਾਰੀ ਸੀ''।

ਸ਼ਹੀਦ ਭਗਤ ਸਿੰਘ ਭਾਰਤ ਵਿਚਲੀ ਜਾਤਪਾਤੀ ਅਲਾਮਤ ਨੂੰ ਵੀ ਧਰਮ ਦੀ ਹੀ ਦੇਣ ਮੰਨਦੇ ਸਨ। ਉਨ੍ਹਾਂ ਦਾ ਇਹ ਮੰਨਣਾ ਸੀ ਕਿ ਭਾਰਤ ਵਿੱਚ ਨੀਵੀਆਂ ਸਮਝੀਆਂ ਜਾਣ ਵਾਲੀਆਂ ਜਾਤਾਂ ਤੋਂ, ਜੋ ਅਖੌਤੀ ਨੀਵੇਂ ਕੰਮ ਕਰਿਆ ਕਰਦੀਆਂ ਹਨ, ਨੂੰ ਪੁਸ਼ਤ-ਦਰ-ਪੁਸ਼ਤ ਇਨ੍ਹਾਂ ਹੀ ਕੰਮਾਂ ਵਿੱਚ ਲਗਾਏ ਰੱਖਣ ਲਈ ਉਚ ਜਾਤੀ ਦੇ ਲੋਕਾਂ ਨੇ ਧਾਰਮਿਕ ਫਲਸਫੇ ਰਾਹੀਂ ਉਨ੍ਹਾਂ ਨੂੰ ਅੰਧਵਿਸ਼ਵਾਸ ਵਿੱਚ ਫਸਾ ਕੇ ਉਨ੍ਹਾਂ ਦੇ ਇਨ੍ਹਾਂ ਗੰਦੇ ਕੰਮਾਂ ਵਿੱਚ ਫਸੇ ਰਹਿਣ ਨੂੰ ਹੀ ਮੁਕਤੀ ਦਾ ਦੁਆਰ ਦਰਸਾਇਆ। ਇਸ ਵਿਸ਼ੇ ਤੇ ਵਿਸਥਾਰ ਪੂਰਵਕ ਆਪਣੇ ਵਿਚਾਰ ਪੇਸ਼ ਕਰਦਿਆਂ ਉਹ 'ਅਛੂਤ ਦਾ ਸਵਾਲ' ਦੇ ਲੇਖ ਵਿੱਚ ਲਿਖਦੇ ਹਨ, ''ਸਭ ਤੋਂ ਪਹਿਲਾਂ ਇਹ ਫ਼ੈਸਲਾ ਕਰ ਲੈਣਾ ਚਾਹੀਦਾ ਹੈ ਕਿ ਸਭ ਇਨਸਾਨ ਇਕੋ ਜਿਹੇ ਹਨ ਅਤੇ ਨਾ ਤੇ ਜਨਮ ਨਾਲ ਕੋਈ ਭਿੰਨ ਭੇਦ ਪੈਂਦਾ ਹੈ ਤੇ ਨਾ ਕੰਮਕਾਜ ਨਾਲ। ਯਾਨੀ ਚੂੰਕਿ ਇਕ ਆਦਮੀ ਗ਼ਰੀਬ ਭੰਗੀ ਦੇ ਘਰ ਪੈਦਾ ਹੋ ਗਿਆ ਹੈ, ਇਸ ਕਰਕੇ ਸਾਰੀ ਉਮਰ ਟੱਟੀਆਂ ਹੀ ਸਾਫ਼ ਕਰੇਗਾ ਤੇ ਦੁਨੀਆਂ ਵਿੱਚ ਕਿਸੇ ਕਿਸਮ ਦੀ ਤਰੱਕੀ ਦਾ ਉਸ ਨੂੰ ਕੋਈ ਹੱਕ ਨਹੀਂ। ਇਹ ਗੱਲਾਂ ਫਜ਼ੂਲ ਹਨ। ਇਨ੍ਹਾਂ ਵਰਗਿਆਂ ਆਦਮੀਆਂ ਨਾਲ ਜਦੋਂ ਸਾਡੇ ਬਜ਼ੁਰਗ ਆਰੀਅਨ ਲੋਕਾਂ ਨੇ ਇਹ ਜ਼ੁਲਮ ਕੀਤਾ ਅਤੇ ਉਨ੍ਹਾਂ ਨੂੰ ਨੀਚ ਕਹਿ ਕੇ ਪਰ੍ਹੇ ਕਰ ਦਿੱਤਾ ਅਤੇ ਨੀਚ ਕੰਮ ਕਰਾਉਣ ਲੱਗ ਪਏ ਅਤੇ ਨਾਲ ਹੀ ਇਹ ਵੀ ਫ਼ਿਕਰ ਪਿਆ ਕਿ ਇਹ ਬਗ਼ਾਵਤ ਨਾ ਕਰ ਦੇਣ, ਤਦੋਂ ਪੁਨਰ ਜਨਮ ਦੀ ਫਿਲੋਸਫੀ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਹ ਤੁਹਾਡੇ ਪੁਰਾਣੇ ਜਨਮ ਦੇ ਪਾਪਾਂ ਦਾ ਫਲ ਹੈ। ਕੀ ਹੋ ਸਕਦਾ ਹੈ? ਚੁੱਪ ਕਰਕੇ ਗੁਜ਼ਾਰਾ ਕਰੋ। ਇਸ ਤਰ੍ਹਾਂ ਉਨ੍ਹਾਂ ਨੂੰ ਸਬਰ ਦਾ ਸਬਕ ਪੜ੍ਹਾ ਕੇ ਉਹ ਲੋਕੀਂ ਇਨ੍ਹਾਂ ਨੂੰ ਚਿਰ ਵਾਸਤੇ ਚੁੱਪ ਕਰਾ ਗਏ। ਪਰ ਉਨ੍ਹਾਂ ਬੜਾ ਪਾਪ ਕੀਤਾ। ਇਨਸਾਨਾਂ ਦੇ ਅੰਦਰੋਂ ਇਨਸਾਨੀਅਤ ਦਾ ਮਾਦਾ ਆਤਮਵਿਸ਼ਵਾਸ ਅਤੇ ਆਤਮ-ਨਿਰਭਰਤਾ ਦਾ ਭਾਵ ਮਾਰ ਸੁੱਟਿਆ ਬੜਾ ਜ਼ੁਲਮ ਤੇ ਕਹਿਰ ਕਮਾਇਆ ਖੈਰ ਅੱਜ ਉਸ ਦੇ ਪ੍ਰਾਸ਼ਚਿਤ ਦਾ ਵੇਲਾ ਹੈ। ...

ਇਸ ਦੇ ਨਾਲ ਹੀ ਇਕ ਹੋਰ ਖ਼ਰਾਬੀ ਪੈਦਾ ਹੋ ਗਈ। ਲੋਕਾਂ ਦੇ ਦਿਲਾਂ ਵਿੱਚ ਜ਼ਰੂਰੀ ਕੰਮਾਂ ਵਾਸਤੇ ਘਿਰਣਾ ਪੈਦਾ ਹੋ ਗਈ। ਅਸੀਂ ਜੁਲਾਹੇ ਨੂੰ ਵੀ ਪਰ੍ਹੇ ਦੁਰਕਾਰ ਦਿੱਤਾ ਤੇ ਅੱਜ ਕੱਪੜਾ ਬੁਣਨ ਵਾਲੇ ਅਛੂਤ ਸਮਝੇ ਜਾਂਦੇ ਹਨ। ਯੂ. ਪੀ. ਵੱਲ ਕਹਾਰ (ਝੀਰ) ਨੂੰ ਵੀ ਅਛੂਤ ਸਮਝਿਆ ਜਾਂਦਾ ਹੈ। ਇਸ ਨਾਲ ਬੜੀ ਖਰਾਬੀ ਪੈਦਾ ਹੋ ਗਈ ਜਿਸ ਨਾਲ ਕਿ ਸਾਡੀ ਤਰੱਕੀ ਵਿੱਚ ਬੜੀ ਰੁਕਾਵਟ ਪੈਂਦੀ ਹੈ''।

ਉਪਰੋਕਤ ਵਰਣਿਤ ਵਿਚਾਰਾਂ ਤੋਂ ਇਹ ਸਾਫ-ਸਾਫ ਜ਼ਾਹਿਰ ਹੁੰਦਾ ਹੈ ਕਿ ਅਛੂਤ ਵਰਗ ਦੀ ਦਾਸਤਾਂ ਪਿਛੇ ਧਰਮ ਦੀ ਕਿੰਨੀ ਵੱਡੀ ਘਿਨਾਉਣੀ ਭੂਮਿਕਾ ਹੈ ਜਿਸ ਦੇ ਤਹਿਤ ਉਹ ਅਖੌਤੀ ਘਟੀਆ ਤੋਂ ਘਟੀਆ ਕੰਮ ਵਿੱਚ ਆਪਣੀ ਖ਼ੂਨ ਪਸੀਨੇ ਦੀ ਮਿਹਨਤ ਦੇ ਬਾਵਜੂਦ ਵੀ ਜ਼ਿੰਦਗੀ ਦੀ ਸੁੱਖ-ਸੁਵਿਧਾ ਦਾ ਕੋਈ ਲਾਭ ਨਹੀਂ ਉਠਾ ਸਕਦਾ ਅਤੇ ਬਜਾਏ ਕਿ ਉਹ ਆਪਣੀ ਇਸ ਤਰਾਸਦੀ ਵਾਲੀ ਜ਼ਿੰਦਗੀ ਲਈ ਕਿਸੇ ਨੂੰ ਜ਼ਿੰਮੇਵਾਰ ਠਹਿਰਾਵੇ ਉਹ ਇਸ ਨੂੰ ਆਪਣੀ ਕਿਸਮਤ ਹੀ ਸਮਝ ਬੈਠਦਾ ਹੈ।

ਭਾਰਤ ਵਿੱਚ ਮਜ਼ਹਬ ਦੀ ਗੱਲ ਕਰਦਿਆਂ ਭਗਤ ਸਿੰਘ 'ਅਛੂਤ ਦਾ ਸਵਾਲ' ਲੇਖ ਵਿੱਚ ਕਟਾਸਮਈ ਤਰੀਕੇ ਨਾਲ ਅਗਾਂਹ ਲਿਖਦੇ ਹਨ, ''ਸਾਡਾ ਮੁਲਕ ਬੜਾ ਅਧਿਆਤਮਵਾਦੀ ਯਾਨੀ ਰੂਹਾਨੀਅਤ ਪਸੰਦ ਹੈ, ਅਸੀਂ ਮਨੁੱਖ ਨੂੰ ਮਨੁੱਖ ਦਾ ਦਰਜਾ ਦੇਣੋਂ ਵੀ ਝਕਦੇ ਹਾਂ ਤੇ ਉਹ ਬਿਲਕੁਲ ਹੀ ਮਾਇਆਵਾਦੀ ਯੂਰੋਪ ਕਈ ਸਦੀਆਂ ਤੋਂ ਇਕ-ਮਈ ਦਾ ਸ਼ੋਰ ਮਚਾ ਰਿਹਾ ਹੈ। ਉਨ੍ਹਾਂ ਬ੍ਰਚ.;ਜਵਖ (ਬਰਾਬਰੀ) ਦਾ ਐਲਾਨ ਅਮਰੀਕਾ ਅਤੇ ਫ਼ਰਾਂਸ ਦੇ ਇਨ-ਕਲਾਬ ਵਿੱਚ ਹੀ ਕਰ ਦਿੱਤਾ ਸੀ ਤੇ ਅੱਜ ਰੂਸ ਨੇ ਹੋਰ ਵੀ ਕਿਸੇ ਕਿਸਮ ਭਿੰਨ ਭੇਦ ਮਿਟਾਉਣ ਦੀ ਖਾਤਰ ਇਕਮਈ ਦੇ ਅਸੂਲ ਤੇ ਲੱਕ ਬੱਧਾ ਹੋਇਆ ਹੈ ਤੇ ਅਸੀਂ ਸਦਾ ਹੀ ਆਤਮਾ ਪਰਮਾਤਮਾ ਦੇ ਰੋਣੇ ਰੋਣ ਵਾਲੇ ਅੱਜ ਵੀ ਅਸੀਂ ਇਸ ਗੱਲ ਤੇ ਜ਼ੋਰ ਨਾਲ ਬਹਿਸ ਕਰਕੇ ਕਿ ਅਛੂਤਾਂ ਨੂੰ ਜਨੇਊ ਦੇ ਦਿੱਤਾ ਜਾਵੇਗਾ, ਕੀ ਉਹ ਵੇਦ ਸਾਸ਼ਤਰ ਪੜ੍ਹਨ ਦੇ ਹੱਕਦਾਰ ਹਨ ਕਿ ਨਹੀਂ! ਅਸੀਂ ਨਾ ਮਨਜ਼ੂਰ ਕਰ ਦਿੰਦੇ ਹਾਂ ਤੇ ਸਾਨੂੰ ਸ਼ਿਕਾਇਤ ਇਹ ਹੈ ਕਿ ਦੂਜੇ ਮੁਲਕਾਂ ਵਿੱਚ ਸਾਡੇ ਨਾਲ ਸਲੂਕ ਚੰਗਾ ਨਹੀਂ ਹੁੰਦਾ। ਗੋਰੇਸ਼ਾਹੀ ਵਿੱਚ ਸਾਨੂੰ ਗੋਰੇ ਦੇ ਬਰਾਬਰ ਨਹੀਂ ਸਮਝਿਆ ਜਾਂਦਾ ਹੈ ਸਾਨੂੰ ਇਹ ਸ਼ਿਕਾਇਤ ਕਰਨ ਦਾ ਹੱਕ ਹੀ ਕੀ ਹੈ?'' ਸਿੰਧ ਦੇ ਇਕ ਮੁਸਲਮਾਨ ਸੱਜਣ ਮਿ. ਨੂਰ ਮੁਹੰਮਦ ਮੈਂਬਰ ਬੰਬਈ ਕੌਂਸਲ ਦੇ 1926 ਵਿੱਚ ਇਸ ਮਸਲੇ ਤੇ ਹਵਾਲੇ ਨਾਲ ਗੱਲ ਕਰਦੇ ਹੋਏ ਭਗਤ ਸਿੰਘ ਲਿਖਦੇ ਹਨ ਕਿ, ''ਉਹ ਕਹਿੰਦੇ ਹਨ ਕਿ ਜਦੋਂ ਤੁਸੀਂ ਇਕ ਇਨਸਾਨ ਨੂੰ ਪੀਣ ਵਾਸਤੇ ਪਾਣੀ ਦੇਣ ਤੋਂ ਇਨਕਾਰੀ ਹੋ, ਜਾਂ ਜਦੋਂ ਤੁਸੀਂ ਉਨ੍ਹਾਂ ਨੂੰ ਮਦਰੱਸੇ ਵਿੱਚ ਪੜ੍ਹਨ ਹੀ ਨਹੀਂ ਦੇਂਦੇ, ਤਾਂ ਤੁਹਾਡਾ ਕੀ ਹੱਕ ਹੈ ਕਿ ਆਪਣੇ ਵਾਸਤੇ ਹੋਰ ਹਕੂਕ ਮੰਗੋ? ਜਦ ਤੁਸੀਂ ਇਕ ਇਨਸਾਨ ਦੇ ਸਾਧਾਰਨ ਅਧਿਕਾਰ ਦੇਣ ਤੋਂ ਵੀ ਇਨਕਾਰੀ ਹੋ ਤਾਂ ਤੁਸੀਂ ਹੋਰ ਪੋਲੀਟੀਕਲ ਹੱਕ ਮੰਗਣ ਦੇ ਅਧਿਕਾਰੀ ਕਿਥੋਂ ਬਣ ਗਏ? ਗੱਲ ਬੜੀ ਸੱਚੀ ਹੈ, ਪਰ ਇਹ ਚੂੰਕਿ ਇਕ ਮੁਸਲਮਾਨ ਨੇ ਕਹੀ ਹੈ, ਇਸ ਵਾਸਤੇ ਹਿੰਦੂ ਕਹਿਣ ਲੱਗ ਪੈਂਦੇ ਹਨ, ਦੇਖੋ ਜੀ, ਉਹ ਉਨ੍ਹਾਂ ਅਛੂਤਾਂ ਨੂੰ ਮੁਸਲਮਾਨ ਬਣਾ ਕੇ ਆਪਣੇ ਵਿੱਚ ਮਿਲਾਉਣਾ ਚਾਹੁੰਦੇ ਹਨ। ਉਨ੍ਹਾਂ ਤੇ ਸਾਫ ਮੰਨ ਲਿਆ ਹੈ ਕਿ ਜਦੋਂ ਤੁਸੀਂ ਉਨ੍ਹਾਂ ਨੂੰ ਇਸ ਤਰ੍ਹਾਂ ਪਸ਼ੂਆਂ ਨਾਲੋਂ ਵੀ ਗਿਆ ਗੁਜ਼ਰਿਆ ਸਮਝੋਗੇ ਤੇ ਉਹ ਜ਼ਰੂਰ ਹੀ ਦੂਜਿਆਂ ਮਜ਼੍ਹਬਾਂ ਵਿੱਚ ਜਾ ਸ਼ਾਮਲ ਹੋਣਗੇ। ਜਿਨ੍ਹਾਂ ਵਿੱਚ ਕਿ ਉਨ੍ਹਾਂ ਨੂੰ ਵਧੇਰੇ ਅਧਿਕਾਰ ਮਿਲਣਗੇ, ਜਿਥੇ ਕਿ ਉਨ੍ਹਾਂ ਨਾਲ ਆਦ-ਮੀਆਂ ਵਾਲਾ ਸਲੂਕ ਕੀਤਾ ਜਾਵੇਗਾ। ਫੇਰ ਇਹ ਕਹਿਣਾ ਕਿ ਦੇਖੋ ਜੀ ਈਸਾਈ ਤੇ ਮੁਸਲਮਾਨ ਹਿੰਦੂ ਕੌਮ ਨੂੰ ਨੁਕਸਾਨ ਪੁਚਾ ਰਹੇ ਹਨ, ਫਜ਼ੂਲ ਹੋਵੇਗਾ''।

ਜਿਸ ਸਮੇਂ ਸ਼ਹੀਦ ਭਗਤ ਸਿੰਘ ਦਾ 'ਅਛੂਤ ਦਾ ਸਵਾਲ' ਲੇਖ ਛਪਦਾ ਹੈ ਉਸ ਸਮੇਂ ਤਕ ਪੰਜਾਬ ਦਾ ਰਾਜਨੀਤਕ ਅਖਾੜਾ ਮਘ ਚੁੱਕਾ ਹੁੰਦਾ ਹੈ। ਪੰਜਾਬ ਦੇ ਸਿਆਸੀ ਅਖਾੜੇ ਵਿੱਚ ਮੁਸਲਿਮ ਲੀਗ, ਅਹਿਮਦੀਆਂ ਲਹਿਰ, ਸਿੰਘ ਸਭਾ ਲਹਿਰ, ਆਰੀਆ ਸਮਾਜੀ, ਕਾਂਗਰਸ ਪਾਰਟੀ ਆਦਿ ਸਭ ਧਰਮ ਦੇ ਆਧਾਰ ਤੇ ਆਪਣੀਆਂ-ਆਪਣੀਆਂ ਵੋਟਾਂ ਮਗਰ ਲੱਗੇ ਹੋਏ ਸਨ। ਹਰ ਇਕ ਇਹ ਕੋਸ਼ਿਸ਼ ਕਰ ਰਿਹਾ ਸੀ ਕਿ ਸੰਪ੍ਰਦਾਇਕ ਆਧਾਰਤ ਰਾਜਨੀਤੀ ਵਿੱਚ ਉਹ ਕਿਤੇ ਪਿਛੇ ਨਾ ਰਹਿ ਜਾਏ। ਇਸ ਮਾਮਲੇ ਵਿੱਚ ਅੰਗਰੇਜ਼ ਆਪਣੀ 'ਪਾੜੋ ਅਤੇ ਰਾਜ ਕਰੋ' ਦੀ ਕੂਟਨੀਤੀ ਵਿੱਚ ਖੂਬ ਸਫਲ ਹੋ ਰਹੇ ਸਨ। ਇਸ ਮਸਲੇ ਨਾਲ ਸੰਬੰਧਤ ਕਾਕੀਨਾੜਾ ਵਿਖੇ 1923 ਵਿੱਚ ਕਾਂਗਰਸ ਦੇ ਇਜਲਾਸ ਦੌਰਾਨ ਮੁਹੰਮਦ ਅਲੀ ਨੇ ਅਛੂਤਾਂ ਨੂੰ ਹਿੰਦੂ ਅਤੇ ਮੁਸਲਮਾਨ ਮਿਸ਼ਨਰੀ ਸੰਸਥਾਵਾਂ ਵਿੱਚ ਵੰਡ ਦੇਣ ਦਾ ਵੀ ਸੁਝਾਅ ਦਿੱਤਾ। ਅਮੀਰ ਮੁਸਲਮਾਨ ਪੈਸੇ ਦੇ ਜ਼ੋਰ ਨਾਲ ਵੀ ਅਛੂਤਾਂ ਨੂੰ ਆਪਣੇ ਵੱਲ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਸਨ ਅਤੇ ਇਸੇ ਤਰ੍ਹਾਂ ਹਿੰਦੂ ਵੀ ਦਲਿਤ ਉਧਾਰ ਸੰਸਥਾਵਾਂ ਬਣਾ ਕੇ ਅਛੂਤਾਂ ਨੂੰ ਆਪਣੇ ਵਿੱਚ ਹੀ ਅੰਕਿਤ ਕਰਵਾ ਰਹੇ ਸਨ। ਇਸ ਤਰ੍ਹਾਂ ਦੀਆਂ ਗਤੀਵਿਧੀਆਂ ਜਿਥੇ ਅਛੂਤਾਂ ਦੀ ਖਿੱਚਧੂਹ ਕਰ ਰਹੀਆਂ ਸਨ ਉਥੇ ਇਹ ਮਜ਼੍ਹਬੀ ਵੰਡਾ ਨੂੰ ਵੀ ਖ਼ੂਬ ਤੂਲ ਦੇ ਰਹੀਆਂ ਸਨ। ਇਸ ਮਸਲੇ ਨੂੰ ਮੱਦੇਨਜ਼ਰ ਰੱਖਦੇ ਹੋਏ ਭਗਤ ਸਿੰਘ ਆਪਣੇ ਇਸ ਲੇਖ ਵਿੱਚ ਅੱਗੇ ਲਿਖਦੇ ਹਨ, ''ਮੁਲਕ ਵਿੱਚ ਆਜ਼ਾਦੀ ਦਾ ਜੋ ਵਿਕਾਸ ਹੋ ਰਿਹਾ ਹੈ, ਉਸ ਵਿੱਚ ਫ਼ਿਰਕਾਵਾਰਾਨਾ ਨਿਆਬੁਤ ਨੇ ਹੋਰ ਕੋਈ ਫਾਇਦਾ ਕੀਤਾ ਹੋਵੇ ਜਾਂ ਨਾ ਕੀਤਾ ਹੋਵੇ, ਇਹ ਫਾਇਦਾ ਜ਼ਰੂਰ ਕੀਤਾ ਹੈ ਕਿ ਵਧੀਕ ਹਕੂਕ ਮੰਗਣ ਵਾਸਤੇ ਆਪਣੀ ਕੌਮ ਦੀ ਗਿਣਤੀ ਵਧਾਉਣ ਦਾ ਫਿਕਰ ਸਭਨਾਂ ਨੂੰ ਪਿਆ ਮੁਸਲਮਾਨਾਂ ਨੇ ਜ਼ਰਾ ਵਧੇਰੇ ਜ਼ੋਰ ਦਿੱਤਾ। ਉਨ੍ਹਾਂ ਅਛੂਤਾਂ ਨੂੰ ਮੁਸਲਮਾਨ ਬਣਾ ਕੇ ਆਪਣੇ ਬਰਾਬਰ ਦਾ ਇਨਸਾਨ ਬਣਾ ਕੇ ਉਨ੍ਹਾਂ ਨੂੰ ਆਦਮੀ ਦੇ ਹਕੂਕ ਦੇਣੇ ਸ਼ੁਰੂ ਕਰ ਦਿੱਤੇ। ਹੁਣ ਹਿੰਦੂਆਂ ਦੇ ਵੀ ਸੱਟ ਵੱਜੀ। ਜ਼ਿੱਦ ਵਧੀ। ਫਸਾਦ ਵੀ ਹੋਏ। ਖ਼ੈਰ! ਹੌਲੀ-ਹੌਲੀ ਸਿੱਖਾਂ ਵਿੱਚ ਵੀ ਖ਼ਿਆਲ ਪੈਦਾ ਹੋਇਆ ਕਿ ਅਸੀਂ ਨਾ ਪਿੱਛੇ ਰਹਿ ਜਾਈਏ ਉਹਨਾਂ ਵੀ ਅੰਮ੍ਰਿਤ ਛਕਾਉਣਾ ਸ਼ੁਰੂ ਕਰ ਦਿੱਤਾ। ਹਿੰਦੂਆਂ ਸਿੱਖਾਂ ਵਿੱਚ ਅਛੂਤਾਂ ਦੇ ਜਨੇਊ ਲਾਹੁਣ ਜਾਂ ਕੇਸ ਕਟਾਉਣ ਦੇ ਸਵਾਲਾਂ ਤੇ ਝਗੜੇ ਹੋਏ। ਹੁਣ ਤਿੰਨੇ ਕੌਮਾਂ ਉਨ੍ਹਾਂ ਨੂੰ ਆਪਣੇ-ਆਪਣੇ ਵੱਖ ਖਿੱਚ ਰਹੀਆਂ ਹਨ ਤੇ ਬੜਾ ਸ਼ੋਰ ਸ਼ਰਾਬਾ ਹੈ। ਉਧਰ ਈਸਾਈ ਚੁੱਪ ਚਾਪ ਉਨ੍ਹਾਂ ਦਾ ਰੁਤਬਾ ਵਧਾ ਰਹੇ ਹਨ। ਇਸ ਸਾਰੀ ਹਲਚਲ ਨਾਲ ਹਿੰਦੋਸਤਾਨ ਦੀ ਲਾਅਨਤ ਦੂਰ ਹੋ ਰਹੀ ਹੈ''।

ਇਕ ਪਾਸੇ ਅਛੂਤਾਂ ਨਾਲ ਰਾਜਨੀਤਿਕ ਪੈਂਤੜੇ ਤੇ ਆਧਾਰਤ ਉਤੋਂ-ਉਤੋਂ ਨੇੜਤਾ ਦਾ ਪ੍ਰਗਟਾਵਾ ਕਰਕੇ ਉਨ੍ਹਾਂ ਨੂੰ ਵਰਗਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਦੂਜੇ ਪਾਸੇ ਬ੍ਰਾਹਮਣਵਾਦੀ ਵਰਨ ਵਿਵਸਥਾ ਨੂੰ ਕੁਦਰਤ ਦੀ ਦੇਣ ਮੰਨ ਕੇ ਉਨ੍ਹਾਂ ਤੇ ਅਣਮਨੁੱਖੀ ਤਸ਼ੱਦਦ ਦਾ ਕਹਿਰ ਢਾਹਿਆ ਜਾ ਰਿਹਾ ਹੈ। ਸ਼ਹੀਦ ਭਗਤ ਸਿੰਘ ਆਪਣੇ ਇਸ ਲੇਖ ਵਿੱਚ ਇਸ ਵਿਰੋਧਾਭਾਸ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ, ''ਸਾਡੇ ਮੁਲਕ ਜਿੰਨੀ ਭੈੜੀ ਹਾਲਤ ਕਿਸੇ ਹੋਰ ਮੁਲਕ ਦੀ ਨਹੀਂ ਹੋਣੀ। ਇਥੇ ਅਜੀਬ ਤੋਂ ਅਜੀਬ ਸਵਾਲ ਪੈਦਾ ਹੋਏ ਹੁੰਦੇ ਹਨ। ਇਕ ਬੜਾ ਭਾਰੀ ਸਵਾਲ ਅਛੂਤ ਦਾ ਹੈ। ਸਵਾਲ ਇਹ ਕੀਤਾ ਜਾਂਦਾ ਹੈ ਕਿ 30 ਕਰੋੜ ਦੀ ਆਬਾਦੀ ਵਾਲੇ ਮੁਲਕ ਵਿੱਚ ਜੋ 6 ਕਰੋੜ ਆਦਮੀ ਅਛੂਤ ਕਹਾਉਂਦੇ ਹਨ, ਉਨ੍ਹਾਂ ਨਾਲ ਛੂਹ ਲੈਣ ਨਾਲ ਧਰਮ ਭ੍ਰਿਸ਼ਟ ਤੇ ਨਾ ਹੋਵੇਗਾ? ਕੀ ਉਨ੍ਹਾਂ ਨੂੰ ਮੰਦਰਾਂ ਵਿੱਚ ਜਾਣ ਦੇਣ ਨਾਲ ਦੇਵਤੇ ਨਾਰਾਜ਼ ਤੇ ਨਾ ਹੋ ਜਾਣਗੇ? ਕੀ ਉਨ੍ਹਾਂ ਦੇ ਖੂਹ ਤੋਂ ਪਾਣੀ ਕੱਢ ਲੈਣ ਨਾਲ ਖੂਹ ਪਲੀਤ ਤੇ ਨਾ ਹੋ ਜਾਵੇਗਾ? ਇਹ ਸਵਾਲ ਵੀਹਵੀਂ ਸਦੀ ਵਿੱਚ ਕੀਤੇ ਜਾ ਰਹੇ ਹਨ ਜਿਨ੍ਹਾਂ ਨੂੰ ਕਿ ਸੁਣਦਿਆਂ ਹੀ ਸ਼ਰਮ ਆਉਂਦੀ ਹੈ। ... ਜ਼ਰਾ ਸੋਚੋ ਤਾਂ ਸਹੀ ਕਿੱਡੀ ਸ਼ਰਮ ਦੀ ਗੱਲ ਹੈ। ਕੁੱਤਾ ਸਾਡੀ ਗੋਦ ਵਿੱਚ ਬੈਠ ਸਕਦਾ ਹੈ, ਸਾਡੇ ਚੌਕੇ ਵਿੱਚ ਨਿਸ਼ੰਗ ਫਿਰਦਾ ਹੈ ਪਰ ਇਕ ਆਦਮੀ ਸਾਡੇ ਨਾਲ ਛੂਹ ਜਾਵੇ ਤਾਂ ਬੱਸ ਧਰਮ ਖਰਾਬ ਹੋ ਜਾਂਦਾ ਹੈ, ਫੇਰ ਤੇ ਪੰਡਿਤ ਮਾਲਵੀਆ ਜੀ ਜੈਸੇ ਬੜੇ ਸਮਾਜ ਸੁਧਾਰਕ, ਅਛੂਤਾਂ ਦੇ ਬੜੇ ਪ੍ਰੇਮੀ ਹੋਰ ਵੀ ਨਾ ਜਾਣੇ ਕੀ-ਕੀ ਪਹਿਲੋਂ ਇਕ ਚੂਹੜੇ ਦੇ ਹੱਥੋਂ ਹਾਰ ਪੁਆ ਲੈਂਦੇ ਹਨ, ਪਿਛੋਂ ਕੱਪੜਿਆਂ ਸਮੇਤ ਇਸ਼ਨਾਨ ਕੀਤਿਆਂ ਬਿਨਾਂ ਆਪਣੇ ਆਪ ਨੂੰ ਅਸ਼ੁੱਧ ਸਮਝਦੇ ਹਨ। ਕਿਆ ਖ਼ੂਬ ਇਹ ਚਾਲ ਹੈ। ਸਭ ਨੂੰ ਪਿਆਰ ਕਰਨ ਵਾਲਾ ਰੱਬ! ਉਸ ਦੀ ਪੂਜਾ ਕਰਨ ਵਾਸਤੇ ਜੋ ਮੰਦਰ ਬਣਿਆ ਹੈ, ਉਥੇ ਅਗਰ ਉਹ ਗ਼ਰੀਬ ਜਾ ਵੜੇ ਤਾਂ ਮੰਦਰ ਪਲੀਤ ਹੋ ਜਾਂਦਾ ਹੈ, ਰੱਬ ਨਾਰਾਜ਼ ਹੋ ਜਾਂਦਾ ਹੈ। ਘਰ ਦੀ ਇਹ ਹਾਲਤ ਹੋਵੇ ਤੇ ਬਾਹਰ ਅਸੀਂ ਬ੍ਰਚ.;ਜਵਖ ਜਾਂ ਬਰਾਬਰੀ ਦੇ ਨਾਮ ਤੇ ਝਗੜਦੇ ਚੰਗੇ ਲਗਦੇ ਹਾਂ? ਫੇਰ ਸਾਡੇ ਇਸ ਰਵੱਈਏ ਵਿੱਚ ਕ੍ਰਿਤ ਘਣਤਾ ਦੀ ਵੀ ਹੱਦ ਪਾਈ ਜਾਂਦੀ ਹੈ। ਜੋ ਸਾਡੇ ਵਾਸਤੇ ਨੀਚ ਤੋਂ ਨੀਚ ਕੰਮ ਕਰਕੇ ਸਾਡੇ ਸੁੱਖਾਂ ਵਿੱਚ ਵਾਧਾ ਕਰਦੇ ਹਨ, ਉਨ੍ਹਾਂ ਨੂੰ ਹੀ ਅਸੀਂ ਪਰ੍ਹੇ ਪਰ੍ਹੇ ਕਰਦੇ ਹਾਂ। ਜਾਨ-ਵਰਾਂ ਦੀ ਪੂਜਾ ਕਰ ਸਕਦੇ ਹਾਂ ਪਰ ਇਨਸਾਨ ਨੂੰ ਕੋਲ ਵੀ ਨਹੀਂ ਬਿਠਾ ਸਕਦੇ''?

ਜਦੋਂ ਮੁਸਲਿਮ, ਈਸਾਈ ਅਤੇ ਸਿੱਖ ਧਰਮ ਵੱਲ ਦਲਿਤ ਵਰਗ ਦੇ ਲੋਕ ਧਰਮ ਪਰਿਵਰਤਨ ਲਈ ਰੁੱਖ ਕਰਦੇ ਹਨ ਤਾਂ ਇਸ ਗਤੀਵਿਧੀ ਦਾ ਹਿੰਦੂਆਂ ਨੂੰ ਵੀ ਫਿਕਰ ਪੈਂਦਾ ਹੈ। ਉਨ੍ਹਾਂ ਨੂੰ ਦਲਿਤ ਦੇ ਹਿੰਦੂ ਧਰਮ ਨੂੰ ਛੱਡ ਦੇਣ ਦਾ ਜੋ ਨੁਕਸਾਨ ਲਗਦਾ ਹੈ ਉਹ ਜ਼ਿਆਦਾ ਤੌਰ ਤੇ ਰਾਜਨੀਤਿਕ ਪੱਧਰ ਤੇ ਹੈ ਕਿਉਂਕਿ ਜਦੋਂ ਹਿੰਦੂ ਧਰਮ ਵਿੱਚ ਅੰਕਿਤ ਕੀਤੇ ਜਾਣ ਵਾਲੇ ਦਲਿਤ ਲੋਕ ਆਪਣੇ-ਆਪ ਨੂੰ ਹਿੰਦੂ ਧਰਮ ਤੋਂ ਕਿਨਾਰਾ ਕਰਕੇ ਦੂਸਰਿਆਂ ਧਰਮਾਂ ਵਿੱਚ ਪ੍ਰਵੇਸ਼ ਕਰਨਗੇ ਤਾਂ ਇਸ ਨਾਲ ਜਿਸ ਧਰਮ ਵਿੱਚ ਉਹ ਪ੍ਰਵੇਸ਼ ਕਰਦੇ ਹਨ ਉਸ ਦੀ ਸੰਖਿਆ ਵਿੱਚ ਵਾਧਾ ਹੁੰਦਾ ਹੈ ਅਤੇ ਇਸ ਸਿੱਧਾ ਨੁਕਸਾਨ ਹਿੰਦੂ ਧਰਮ ਵਾਲਿਆਂ ਦੀ ਗਿਣਤੀ ਦੇ ਘਟਣ ਵਿੱਚ ਸਾਹਮਣੇ ਆਉਂਦਾ ਹੈ ਜਿਸ ਨੂੰ ਉਹ ਪਚਾ ਨਹੀਂ ਸਨ ਸਕਦੇ। ਦਲਿਤਾਂ ਵਲੋਂ ਹਿੰਦੂ ਧਰਮ ਨੂੰ ਛੱਡ ਜਾਣ ਦੇ ਮਸਲੇ ਤੇ ਵਿਚਾਰ ਕਰਦੇ ਹੋਏ ਭਗਤ ਸਿੰਘ 'ਅਛੂਤ ਦਾ ਸਵਾਲ' ਲੇਖ ਵਿੱਚ ਲਿਖਦੇ ਹਨ, ''ਠੀਕ ਇਸੇ ਗੱਲ ਦਾ ਫਿਕਰ ਹਿੰਦੂਆਂ ਨੂੰ ਵੀ ਪਿਆ। ਸਨਾਤਨੀ ਪੰਡਿਤ ਵੀ ਕੁਝ ਕੁ ਇਸ ਮਸਲੇ 'ਤੇ ਸੋਚਣ ਲੱਗੇ। ਵਿੱਚ ਵਿੱਚ ਬੜੇ ''ਯੁੱਗ ਪਲਟਾਊ'' ਕਹਾਉਣ ਵਾਲੇ ਵੀ ਸ਼ਾਮਲ ਹੋਏ। ਪਟਨਾ ਹਿੰਦੂ ਮਹਾਂਸਭਾ ਹੋਈ। ਲਾਲਾ ਲਾਜਪਤ ਰਾਏ, ਜਿਹੜੇ ਕਿ ਅਛੂਤਾਂ ਦੇ ਬੜੇ ਪੁਰਾਣੇ ਹਾਮੀ ਚਲੇ ਆਉਂਦੇ ਹਨ, ਪ੍ਰਧਾਨ ਸਨ। ਬੜੀ ਬਹਿਸ ਛਿੜੀ, ਗਰਮਾ-ਗਰਮ ਝੜਪਾਂ ਹੋਈਆਂ, ਮਾਮਲਾ ਇਹ ਦਰਪੇਸ਼ ਸੀ, ਕਿ ਕੀ ਅਛੂਤਾਂ ਨੂੰ ਯਗੋ-ਪਵੀਤ (ਜਨੇਊ) ਪਾਉਣ ਦਾ ਹੱਕ ਹੈ? ਤੇ ਕੀ ਉਨ੍ਹਾਂ ਨੂੰ ਵੇਦ ਸਾਸ਼ਤਰ ਪੜ੍ਹਨ ਦਾ ਹੱਕ ਹੈ? ਬੜੇ ਬੜੇ ਢਕਰਿਗਠਕਗ (ਸਮਾਜ ਸੁਧਾਰਕ) ਗਰਮ ਹੋ ਪਏ, ਪਰ ਲਾਲਾ ਜੀ ਨੇ ਸਭ ਨੂੰ ਸਮਝਾ ਲਿਆ, ਤੇ ਇਹ ਦੋਵੇਂ ਗੱਲਾਂ ਮਨਜ਼ੂਰ ਕਰ ਕੇ ਹਿੰਦੂ ਧਰਮ ਦੀ ਲਾਜ ਰੱਖ ਲਈ''।

ਰਾਜਨੀਤਿਕ ਪੈਂਤੜੇ ਨੂੰ ਮੁੱਖ ਰੱਖਦੇ ਹੋਏ ਵੱਖ-ਵੱਖ ਸਿਆਸੀ ਧਿਰਾਂ ਵੱਲੋਂ ਦਲਿਤ ਵਸੋਂ ਦੀ ਆਪਣੇ-ਆਪਣੇ ਵੱਲ ਖਿਚੋ-ਤਾਣੀ ਨੇ ਦਲਿਤ ਲੋਕਾਂ ਦੇ ਮਨਾਂ ਅੰਦਰ ਵੀ ਉਨ੍ਹਾਂ ਦੀ ਚੋਖੀ ਸੰਖਿਆ ਦੀ ਰਾਜਨੀਤਿਕ ਸ਼ਕਤੀ ਵਜੋਂ ਹੈਸੀਅਤ ਦੀ ਅਹਿਮੀਅਤ ਨੂੰ ਉਜਾਗਰ ਕੀਤਾ। ਸ਼ਹੀਦ ਭਗਤ ਸਿੰਘ ਦੇ ਸ਼ਬਦਾਂ ਵਿੱਚ, ''ਇਧਰ ਜਦੋਂ ਅਛੂਤਾਂ ਦੇਖਿਆ ਕਿ ਸਾਡੀ ਖਾਤਰ ਇਹਨਾਂ ਵਿੱਚ ਫਸਾਦ ਹੋ ਰਿਹਾ ਹੈ ਅਤੇ ਸਾਨੂੰ ਹਰ ਕੋਈ ਆਪਣੀ ਆਪਣੀ ਖੁਰਾਕ ਸਮਝ ਰਿਹਾ ਹੈ ਤਾਂ ਅਸੀਂ ਜੁਦੇ ਹੀ ਕਿਉਂ ਨਾ ਸੰਗਠਤ ਹੋਈਏ। ਇਸ ਖ਼ਿਆਲ ਨੂੰ ਸ਼ੁਰੂ ਕਰਨ ਵਿੱਚ ਸਰਕਾਰ ਅੰਗਰੇਜ਼ੀ ਦਾ ਕੋਈ ਹੱਥ ਹੋਵੇ ਜਾਂ ਨਾ ਹੋਵੇ, ਇੰਨਾ ਜ਼ਰੂਰ ਹੈ ਕਿ ਉਸ ਦੇ ਪ੍ਰਚਾਰ ਵਿੱਚ ਸਰਕਾਰੀ ਆਦਮੀਆਂ ਦਾ ਵੀ ਕਾਫ਼ੀ ਹੱਥ ਹੈ ਸੀ। ਆਦਿ ਧਰਮ ਮੰਡਲ ਆਦਿਕਾ ਉਸੇ ਵਿਚਾਰ ਦੇ ਪ੍ਰਚਾਰ ਦਾ ਨਤੀਜਾ ਹਨ''। ਭਗਤ ਸਿੰਘ ਦਾ ਆਪਣੇ ਇਸ ਇਤਿਹਾਸਕ ਲੇਖ ਵਿੱਚ ਆਦਿ ਧਰਮ ਮੰਡਲ ਦਾ ਜ਼ਿਕਰ ਕਰਨਾ ਉਨ੍ਹਾਂ ਦੀ ਤਤਕ-ਾਲੀਨ ਭਖਵੇਂ ਮੁੱਦਿਆਂ ਤੇ ਡੂੰਘੀ ਪਕੜ ਦੀ ਨਿਸ਼ਾਨਦੇਹੀ ਕਰਦਾ ਹੈ। ਆਦਿ ਧਰਮ ਮੰਡਲ ਲਹਿਰ ਉਸ ਵੇਲੇ ਦੇ ਵਿਸ਼ਾਲ ਪੰਜਾਬ ਅੰਦਰ ਮਘ ਰਹੀ ਫਿਰਕੇਵਾਰਾਨਾ ਸਿਆਸਤ ਤੋਂ ਸੁਚੇਤ ਅਤੇ ਦਲਿਤ ਵਰਗ ਦੀ ਇਕ ਵੱਖਰੀ ਪਛਾਣ ਨੂੰ ਲੈ ਕੇ ਸਿਆਸੀ ਪਿੜ ਵਿੱਚ ਉਤਰੀ ਸੀ। ਇਹ ਲਹਿਰ, ਜਿਵੇਂ ਕਿ ਇਸ ਪੁਸਤਕ ਵਿੱਚ ਪਹਿਲਾਂ ਵੀ ਵਰਣਨ ਕੀਤਾ ਗਿਆ ਹੈ, ਵੱਖ-ਵੱਖ ਦਲਿਤ ਉਪ-ਜਾਤਾਂ ਨੂੰ ਇੱਕਠਾ ਕਰਕੇ ਅਤੇ ਇਕ ਵੱਖਰੇ ਧਰਮ ਦੇ ਤੌਰ ਤੇ ਸੰਗਠਿਤ ਕਰਕੇ ਉਨ੍ਹਾਂ ਦੀ ਇਸ ਖਿੱਤੇ ਵਿੱਚ ਮੂਲ ਨਿਵਾਸੀਆਂ ਦੇ ਤੌਰ ਤੇ ਪਛਾਣ ਬਣ-ਾਉਣ ਨੂੰ ਤਰਜੀਹ ਦਿੰਦੀ ਸੀ। ਇਸ ਲਹਿਰ ਵਲੋਂ ਦਲਿਤ ਵਰਗ ਨੂੰ ਇਕ ਵੱਖਰੇ ਧਰਮ ਦੇ ਤੌਰ ਤੇ ਉਭਾਰਨਾ ਅੰਗਰੇਜ਼ ਸਰਕਾਰ ਦੀ ਪਹਿਲਾਂ ਤੋਂ ਕਾਰਗਰ 'ਪਾੜੋ ਅਤੇ ਰਾਜ ਕਰੋ' ਦੀ ਚਾਲ ਨਾਲ ਮੇਲ ਖਾਂਦਾ ਸੀ। ਇਸ ਲਈ ਭਗਤ ਸਿੰਘ ਨੇ ਇਸ ਲਹਿਰ ਦੇ ਕਾਰਕੁੰਨਾਂ ਨੂੰ ਅੰਗਰੇਜ਼ ਦੀ ਇਸ ਕੋਹਝੀ ਚਾਲ ਤੋਂ ਬਚਣ ਲਈ ਆਪਣੀ ਰਾਏ ਪੇਸ਼ ਕੀਤੀ। ਉਹ ਸਹੀ ਮਾਅਨਿਆਂ ਵਿੱਚ ਦਲਿਤ ਵਰਗ ਦੇ ਹਿਤੈਸ਼ੀ ਸਨ ਅਤੇ ਉਹ ਚਾਹੁੰਦੇ ਸਨ ਕਿ ਸਦੀਆਂ ਤੋਂ ਲਤਾੜੇ ਹੋਏ ਇਨ੍ਹਾਂ ਦਲਿਤ ਲੋਕਾਂ ਦੀ ਹਾਲਤ ਵਿੱਚ ਸਾਰਥਕ ਤਬਦੀਲੀ ਜ਼ਰੂਰ ਆਵੇ ਅਤੇ ਉਹ ਕਿਰਤੀਆਂ, ਕੰਮੀ-ਕਮੀਣਾਂ ਅਤੇ ਕਿਰਸਾਨਾਂ ਦੇ ਆਰਥਿਕ ਅਤੇ ਸਮਾਜਿਕ ਮਸਲਿਆਂ ਦਾ ਸਮਾਧਾਨ ਵੀ ਰਾਜਨੀਤਕ ਆਜ਼ਾਦੀ ਦੇ ਵੱਡੇ ਮਸਲੇ ਦੇ ਨਾਲ-ਨਾਲ ਹੀ ਚਾਹੁੰਦੇ ਸਨ। ਉਨ੍ਹਾਂ ਦੀ ਅਜਿਹੀ ਸੋਚ ਹੀ ਉਨ੍ਹਾਂ ਨੂੰ ਉਸ ਵੇਲੇ ਦੀ ਕਾਂਗਰਸ ਦੇ ਆਜ਼ਾਦੀ ਅੰਦੋਲਨ ਤੋਂ ਅਲੱਗ ਪੇਸ਼ ਕਰਦੀ ਹੈ। ਉਨ੍ਹਾਂ ਦਾ ਆਜ਼ਾਦੀ ਤੋਂ ਭਾਵ ਗੋਰਿਆਂ ਤੋਂ ਛੁਟਕਾਰਾ ਪਾ ਕੇ ਭੂਰਿਆਂ ਦੇ ਵੱਸ ਪੈਣ ਤੋਂ ਕਤੱਈ ਨਹੀਂ ਸੀ। ਉਹ ਕਾਂਗਰਸ ਵਾਂਗ ਸਿਰਫ਼ ਰਾਜਨੀਤਿਕ ਆਜ਼ਾਦੀ ਦੀ ਗੱਲ ਨਹੀਂ ਸਨ ਕਰਦੇ ਸਗੋਂ ਆਰਥਿਕ ਅਤੇ ਸਮਾਜਿਕ ਅਜ਼ਾਦੀ ਤੇ ਵੀ ਪਹਿਰਾ ਦਿੰਦੇ ਸਨ। ਉਹ ਸਮਾਜਿਕ ਆਜ਼ਾਦੀ ਦੇ ਮੈਦਾਨ ਵਿੱਚ ਕੇਵਲ ਫੋਕੀਆਂ ਦਲੀਲਾਂ ਨਾਲ ਹੀ ਬ੍ਰਾਹਮਣਵਾਦ ਦੇ ਚਤੁਰਵਾਦੀ ਸਿਧਾਂਤ ਨੂੰ ਚਿੱਤ ਕਰਨਾ ਨਹੀਂ ਸਨ ਚਾਹੁੰਦੇ ਬਲਕਿ ਉਸ ਨਾਲ ਧਰਾਤਲ ਦੇ ਆਧਾਰ ਤੇ ਲੋਹਾ ਲੈਣ ਲੂੰ ਵੀ ਤਿਆਰ-ਬਰ-ਤਿਆਰ ਰਹਿੰਦੇ ਸਨ। ਉਨ੍ਹਾਂ ਨੇ ਨੌਜਵਾਨ ਭਾਰਤ ਸਭਾ ਅਤੇ ਨੌਜਵਾਨ ਕਾਨਫਰੰਸ ਦੇ ਸੰਘਰਸ਼ ਵਿੱਚ ਇਸ ਮੁੱਦੇ ਨੂੰ ਵੀ ਸ਼ਾਮਲ ਕੀਤਾ ਹੋਇਆ ਸੀ। ਉਹ ਇਸ ਗੱਲ ਨੂੰ ਜ਼ੋਰ ਦੇ ਕੇ ਕਿਹਾ ਕਰਦੇ ਸਨ ਕਿ ਸਾਨੂੰ ਇਨ੍ਹਾਂ ਲੋਕਾਂ ਨੂੰ ਨਾ ਤਾਂ ਅਛੂਤ ਕਹਿਣਾ ਚਾਹੀਦਾ ਅਤੇ ਨਾ ਹੀ ਸਮਝਣਾ ਚਾਹੀਦਾ ਹੈ। ਉਨ੍ਹਾਂ ਦੇ ਸ਼ਬਦਾਂ ਵਿੱਚ, "ਨੌਜਵਾਨ ਭਾਰਤ ਸਭਾ ਅਤੇ ਨੌਜਵਾਨ ਕਾਨਫਰੰਸ ਨੇ ਜੋ ਤਰੀਕਾ ਅਖ਼ਤਿਆਰ ਕੀਤਾ ਹੈ, ਉਹ ਡਾਢਾ ਸੁੰਦਰ ਹੈ। ਜਿਨ੍ਹਾਂ ਭਰਾਵਾਂ ਨੂੰ ਅੱਜ ਤੀਕ ਅਛੂਤ ਅਛੂਤ ਕਿਹਾ ਕਰਦੇ ਸਾਂ ਉਨ੍ਹਾਂ ਕੋਲੋਂ ਆਪਣੇ ਇਸ ਪਾਪ ਵਾਸਤੇ ਖ਼ਿਮਾ ਮੰਗਣੀ ਅਤੇ ਉਨ੍ਹਾਂ ਨੂੰ ਆਪਣੇ ਵਰਗਾ ਆਦਮੀ ਸਮਝਣਾ, ਬਿਨਾਂ ਅੰਮ੍ਰਿਤ ਛਕਾਇਆਂ, ਕਲਮਾ ਪੜ੍ਹਾਇਆਂ ਜਾਂ ਸ਼ੁੱਧ ਕੀਤਿਆਂ ਹੀ ਉਸ ਨੂੰ ਆਪਣੇ ਵਿੱਚ ਰਲਾ ਲੈਣਾ, ਉਸ ਦੇ ਹੱਥ ਦਾ ਪਾਣੀ ਪੀਣਾ ਇਹੋ ਠੀਕ ਤਰੀਕਾ ਹੈ ਤੇ ਆਪੋ ਵਿੱਚ ਖਿੱਚਾ ਧੂਹੀ ਕਰਨੀ ਤੇ ਅਮਲ ਵਿੱਚ ਕੋਈ ਵੀ ਹੱਕ ਨਾ ਦੇਣਾ ਕੋਈ ਠੀਕ ਗੱਲ ਨਹੀਂ ਹੈ''। ਸ਼ਹੀਦ ਭਗਤ ਸਿੰਘ ਦੇ ਇਹ ਵਿਚਾਰ ਉਸ ਵੇਲੇ ਦੀਆਂ ਰਾਜਨੀਤਿਕ ਸਰਗਰਮੀਆਂ ਨੂੰ ਮੱਦੇਨਜ਼ਰ ਰੱਖਦੇ ਹੋਏ ਜਿਥੇ ਇਕ ਪਾਸੇ ਬਹੁਤ ਇਨਕਲਾਬੀ ਹਨ ਉਥੇ ਦੂਸਰੇ ਪਾਸੇ ਇਹ ਉਨ੍ਹਾਂ ਦੇ ਦਲਿਤ ਲੋਕਾਂ ਨਾਲ ਡੂੰਘੀ ਹਮਦਰਦੀ ਦਾ ਵੀ ਪ੍ਰਗਟਾਵਾ ਕਰਦੇ ਹਨ। ਸ਼ਹੀਦ ਭਗਤ ਸਿੰਘ ਦੀ ਅਛੂਤ ਸਵਾਲ ਦੇ ਪ੍ਰਤੀ ਇਨਕਲਾਬੀ ਸੋਚ ਅਤੇ ਡੂੰਘੀ ਹਮਦਰਦੀ ਉਨ੍ਹਾਂ ਵੱਲੋਂ ਦੂਜੇ ਲਾਹੌਰ ਸਾਜ਼ਸ਼ ਕੇਸ ਅਧੀਨ ਸੈਂਟਰਲ ਜੇਲ੍ਹ ਲਾਹੌਰ ਅੰਦਰ ਬੋਘੇ ਭੰਗੀ ਨਾਲ ਨੇੜਤਾ ਤੋਂ ਸਾਫ-ਸਾਫ ਜ਼ਾਹਰ ਹੁੰਦੀ ਹੈ। ਉਹ ਬੋਘੇ ਨੂੰ ਉਸ ਦੇ ਦਿਲੋਂ-ਦਿਮਾਗ ਤੇ ਛਾਏ ਨੀਵੀਂ ਜਾਤ ਦਾ ਹੋਣ ਦੇ ਹੀਣ ਭਾਵ ਨੂੰ ਤੋੜਨ ਲਈ ਅਕਸਰ ਹੀ ਉਸ ਨੂੰ ਬੇਬੇ ਕਹਿ ਕੇ ਸੰਬੋਧਿਤ ਕਰਦੇ ਸਨ। ਇਸ ਘਟਨਾ ਦੀ ਦਵਿੰਦਰ ਦਮਨ ਨੇ ਆਪਣੇ ਨਾਟਕ ਛਿੱਪਣ ਤੋਂ ਪਹਿਲਾਂ ਵਿੱਚ ਬਹੁਤ ਖ਼ੂਬਸੂਰਤ ਢੰਗ ਨਾਲ ਪੇਸ਼ਕਾਰੀ ਕੀਤੀ ਹੈ।

ਜਿਸ ਤਰ੍ਹਾਂ ਕਿ ਉਸ ਸਮੇਂ ਇਹ ਆਮ ਹੀ ਦੇਖਣ ਵਿੱਚ ਆਉਂਦਾ ਸੀ ਕਿ ਵੱਖ-ਵੱਖ ਧਰਮਾਂ ਦੇ ਠੇਕੇਦਾਰ ਆਪਣੇ-ਆਪਣੇ ਰਹਿਤ ਮਰਿਆਦਾ ਦੇ ਅਨੁਸਾਰ ਅਛੂਤ ਲੋਕਾਂ ਨੂੰ ਆਪਣੇ-ਆਪਣੇ ਘੇਰੇ ਵਿੱਚ ਜਮ੍ਹਾਂ ਕਰਨ ਉਤੇ ਲੱਗੇ ਹੋਏ ਸਨ ਅਤੇ ਜਿਸ ਦਾ ਦਲਿਤ ਮੁਕਤੀ ਅਤੇ ਸ਼ਕਤੀਕਰਨ ਨਾਲ ਕੋਈ ਦੂਰ ਦਾ ਵੀ ਨਾਤਾ ਨਹੀਂ ਸੀ ਉਸ ਵੇਲੇ ਸ਼ਹੀਦ ਭਗਤ ਸਿੰਘ ਵਲੋਂ ਅਛੂਤ ਲੋਕਾਂ ਨੂੰ ਬਿਨਾਂ ਕਿਸੇ ਸ਼ਰਤ ਦੇ ਮਾਣ-ਇੱਜ਼ਤ ਦੇਣ ਦੀ ਗੱਲ ਕਰਨਾ ਇਕ ਇਨਕਲਾਬੀ ਕਦਮ ਸੀ। ਜਿਥੋਂ ਤਕ ਪੰਜਾਬੀ ਸਮਾਜ ਦੀ ਦਰਜਾਬੰਦੀ ਦਾ

(ਬਾਕੀ ਅਗਲੇ ਸਫੇ ਤੇ)

# ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਅਛੂਤ ਦਾ ਸਵਾਲ

ਸਵਾਲ ਹੈ ਸ਼ਹੀਦ ਭਗਤ ਸਿੰਘ ਸਚਾਈ ਬਹੁਤ ਕਰੀਬ ਖਲੋਤੇ ਨਜ਼ਰ ਆਉਂਦੇ ਹਨ। ਪੰਜਾਬ ਵਿਚਲੀ ਸਮਾਜਿਕ ਦਰਜਾਬੰਦੀ ਤੋਂ ਪੂਰੀ ਤਰ੍ਹਾਂ ਜਾਣੂ ਸ਼ਹੀਦ ਭਗਤ ਸਿੰਘ ਜੱਟ ਭਾਈਚਾਰੇ ਨੂੰ, ਜਿਸ ਨੂੰ ਤਤਕਾਲੀ ਸਰਕਾਰੀ ਮੁਲਾਜ਼ਮ ਇਹ ਕਹਿ ਕੇ ਭੜਕਾ ਰਹੇ ਸਨ ''ਕਿ ਦੇਖੋ ਇਹ ਚੂਹੜਿਆਂ ਚੱ-ਪੜਿਆਂ ਨੂੰ ਸਿਰ ਤੇ ਚੜ੍ਹਾ ਰਹੇ ਹਨ ਅਤੇ ਤੁਹਾਡਾ ਕੰਮ ਬੰਦ ਕਰਾਊ ਹਨ'', ਮੁਖ਼ਾਤਿਬ ਹੁੰਦੇ ਲਿਖਦੇ ਹਨ, ''ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹਨਾਂ ਦੀ ਹਾਲਤ ਉਨਾ ਚਿਰ ਨਹੀਂ ਸੁਧਰ ਸਕਦੀ ਜਿੰਨਾ ਚਿਰ ਕਿ ਉਹ ਇਹਨਾਂ ਗ਼ਰੀਬਾਂ ਨੂੰ ਕਮੀਨ ਅਤੇ ਨੀਚ ਕਹਿ ਕੇ ਆਪਣੇ ਪੈਰਾਂ ਹੇਠ ਦੱਬੀ ਰੱਖਣਾ ਚਾਹੁੰਦੇ ਹਨ''। ਭਗਤ ਸਿੰਘ ਕਿਰਤੀਆਂ ਅਤੇ ਕਿਰਸਾਨਾਂ ਦੀ ਸਮਾਜਿਕ ਬਰਾਬਰੀ ਵਿੱਚ ਹੀ ਇਨ੍ਹਾਂ ਦੋਨਾਂ ਧਿਰਾਂ ਦੀ ਉਨਤੀ ਦੀ ਤਸਵੀਰ ਉਸਰਦੀ ਦੇਖਦੇ ਹਨ ਜਿਸ ਦੀ ਅੱਜ ਕੱਲ੍ਹ ਦੇ ਪੰਜਾਬੀ ਸਮਾਜ ਵਿੱਚ ਬਹੁਤ ਲੋੜ ਹੈ। ਅੱਜ ਦੇ ਪੰਜਾਬ ਦੇ ਸਮਾਜਿਕ ਅਤੇ ਆਰਥਿਕ ਸੰਦਰਭਾਂ ਵਿੱਚ ਉਨ੍ਹਾਂ ਦੀ ਅਜਿਹੀ ਸੋਚ ਜਿਥੇ ਬਹੁਤ ਮਹੱਤਵਪੂਰਨ ਜਾਪਦੀ ਹੈ ਉਥੇ ਉਹ ਦੂਰਦਰਸ਼ੀ ਵੀ ਸਿੱਧ ਹੁੰਦੀ ਹੈ ਜਿਥੇ ਕਿ ਹਰ ਆਏ ਦਿਨ ਪਿੰਡਾਂ ਵਿੱਚ ਦਲਿਤਾਂ ਦੇ ਸਮਾਜਿਕ ਬਾਈਕਾਟਾ ਦੀ ਘੋਸ਼ਣਾ ਅਤੇ ਫਿਰ ਉਸ ਵਿੱਚੋਂ ਉਤਪੰਨ ਹੋਏ ਸਮਾਜਿਕ ਫਸਾਦਾਂ ਜਿਹੇ ਕੋਹੜ ਦਾ ਸੰਤਾਪ ਇਕ ਰੁਝਾਨ ਹੀ ਬਣ ਗਿਆ ਹੈ।

ਸ਼ਹੀਦ ਭਗਤ ਸਿੰਘ ਅਛੂਤ ਲੋਕਾਂ ਦੇ ਪ੍ਰਤੀ ਘਿਰਣਾ ਦਾ ਖੰਡਨ ਕਰਦੇ ਹੋਏ ਇਸ ਦਲੀਲ ਦਾ ਇਹ ਕਹਿ ਕੇ ਪਰਦਾਫਾਸ਼ ਕਰਦੇ ਹਨ ਕਿ ਜੇ ਉਹ ਸਾਫ ਨਹੀਂ ਰਹਿੰਦੇ ਤਾਂ ਇਸ ਦਾ ਕਾਰਨ ਉਨ੍ਹਾਂ ਦੀ ਗ਼ਰੀਬੀ ਹੈ ਅਤੇ ਗ਼ਰੀਬੀ ਦਾ ਹੱਲ ਕਰਨਾ ਚਾਹੀਦਾ ਹੈ ਨਾ ਕਿ ਉਨ੍ਹਾਂ ਨੂੰ ਘਿਰਣਾ ਦੇ ਪਾਤਰ ਗਰਦਾਨਿਆ ਜਾਣਾ ਚਾਹੀਦਾ ਹੈ। ਉਹ ਆਪਣੀ ਦਲੀਦ ਨੂੰ ਤਰਕਮਈ ਢੰਗ ਨਾਲ ਪੇਸ਼ ਕਰਦੇ ਹੋਏ ਅੱਗੇ ਲਿਖਦੇ ਹਨ, ''ਉੱਚੀਆਂ-ਉੱਚੀਆਂ ਕੁਲਾਂ ਦੇ ਗ਼ਰੀਬ ਲੋਕੀ ਕੋਈ ਘੱਟ ਗੰਦੇ ਨਹੀਂ ਹੁੰਦੇ। ਗੰਦਾ ਕੰਮ ਕਰਨ ਦਾ ਬਹਾਨਾ ਵੀ ਨਹੀਂ ਲੱਗ ਸਕਦਾ। ਮਾਵਾਂ ਬੱਚਿਆਂ ਦਾ ਗੰਦ ਸਾਫ ਕਰਨ ਨਾਲ ਚੂਹੜੀਆਂ ਤੇ ਅਛੂਤ ਨਹੀਂ ਹੋ ਜਾਂਦੀਆਂ''। ਸ਼ਹੀਦ ਭਗਤ ਸਿੰਘ ਅਨੁਸਾਰ ਦਲਿਤ ਸਵਾਲ ਦਾ ਹੱਲ ਕਿਸੇ ਹੋਰ ਨੇ ਨਹੀਂ ਕਰਨਾ। ਇਸ ਮਸਲੇ ਦਾ ਹੱਲ ਤਾਂ ਦਲਿਤ ਲੋਕਾਂ ਨੇ ਖੁਦ ਆਪ ਹੀ ਕੱਢਣਾ ਹੈ। ਉਨ੍ਹਾਂ ਦੇ ਸ਼ਬਦਾਂ ਵਿੱਚ, ''ਪਰ ਇਹ ਕੰਮ ਉੱਨਾ ਚਿਰ ਨਹੀਂ ਹੋ ਸਕਦਾ, ਜਿੰਨਾ ਚਿਰ ਕਿ ਅਛੂਤ ਕੌਮਾਂ ਆਪਣੇ ਆਪ ਨੂੰ ਸੰਗਠਤ ਨਾ ਕਰ ਲੈਣ। ਅਸੀਂ ਤਾਂ ਸਮਝਦੇ ਹਾਂ ਕਿ ਉਨ੍ਹਾਂ ਦਾ ਆਪਣੇ ਆਪ ਨੂੰ ਵੱਖਰਾ ਜੱਥੇਬੰਦ ਕਰਨਾ ਤੇ ਮੁਸਲਮਾਨਾਂ ਦੇ ਬਰਾਬਰ ਗਿਣਤੀ ਵਿੱਚ ਹੋਣ ਕਰਕੇ ਉਨ੍ਹਾਂ ਦੇ ਬਰਾਬਰ ਹੱਕ ਮੰਗਣਾ ਬੜੀ ਆਸਾਜਨਕ ਤਹਿਰੀਕ ਹੈ। ਜਾਂ ਤੇ ਫਿਰਕਾਵਾਰਾਨਾ ਨਿਆਬੁਤ ਦਾ ਟੰਟਾ ਹੀ ਮੁਕਾਓ ਨਹੀਂ ਤੇ ਉਨ੍ਹਾਂ ਦੇ ਵੱਖਰੇ ਹਕੂਕ ਉਨ੍ਹਾਂ ਨੂੰ ਦੇਵੋ''। ਸ਼ਹੀਦ ਭਗਤ ਸਿੰਘ ਦੇ ਅਜਿਹੇ ਵਿਚਾਰ ਉਨ੍ਹਾਂ ਨੂੰ ਡਾ. ਅੰਬੇਡਕਰ ਦੀ ਦਲਿਤ ਮੁਕਤੀ ਦੇ ਸਵਾਲ ਸੰਬੰਧੀ ਹੱਲ ਦੀ ਸੋਚ ਨਾਲ ਮੇਲ ਖਾਂਦੇ ਪੇਸ਼ ਕਰਦੇ ਹਨ। ਦਰਅਸਲ ਸ਼ਹੀਦ ਭਗਤ ਸਿੰਘ ਨੇ ਅਜਿਹੇ ਵਿਚਾਰ ਅੰਬੇਡਕਰ ਵਲੋਂ ਗੋਲਮੇਜ਼ ਕਾਨਫਰੰਸਾਂ ਵਿੱਚ ਅਛੂਤਾਂ ਵਾਸਤੇ ਵੱਖਰੇ ਚੋਣ ਖੇਤਰਾਂ ਦੀ ਵਕਾਲਤ ਤੋਂ ਕਾਫ਼ੀ ਸਮਾਂ ਪਹਿਲਾਂ ਹੀ ਪੇਸ਼ ਕਰ ਦਿੱਤੇ ਸਨ ਜੋ ਕਿ ਉਨ੍ਹਾਂ ਦੀ ਇਸ ਮੁੱਦੇ ਪ੍ਰਤੀ ਇਨਕਲਾਬੀ ਸੋਚ ਦੀ ਤਿੱਖੀ ਨਿਸ਼ਾਨਦੇਹੀ ਕਰਦੇ ਹਨ। ਉਨ੍ਹਾਂ ਅਨੁਸਾਰ, ''ਕੌਂਸਲਾਂ ਤੇ ਅਸੈਂਬਲੀਆਂ ਦਾ ਫਰਜ਼ ਹੈ ਕਿ ਸਕੂਲ, ਕਾਲਜ, ਖੂਹ ਤੇ ਸੜਕਾਂ ਦੇ ਇਸਤੇਮਾਲ ਦੀ ਪੂਰੀ ਆਜ਼ਾਦੀ ਇਨ੍ਹਾਂ ਨੂੰ ਦੁਆਉਣ। ਜ਼ਬਾਨੀ ਹੀ ਨਹੀਂ, ਬਲਕਿ ਨਾਲ ਲੈ ਜਾ ਕੇ ਉਨ੍ਹਾਂ ਨੂੰ ਖੂਹਾਂ ਤੇ ਚੜ੍ਹਾਉਣ, ਨਾਲ ਲੈ ਜਾ ਕੇ ਉਨ੍ਹਾਂ ਦੇ ਮੁੰਡਿਆਂ ਨੂੰ ਮਦਰਸਿਆਂ ਵਿੱਚ ਭਰਤੀ ਕਰਾਉਣ। ਪਰ ਜਿਸ ਲੈਜਿਸ-ਲੇਟਿਵ ਵਿੱਚ ਛੋਟੀ ਉਮਰ ਦੇ ਵਿਆਹ ਦੇ ਵਿਰੁੱਧ ਪੇਸ਼ ਕੀਤੇ ਗਏ ਬਿੱਲ ਤੇ ਮਜ਼੍ਹਬ ਦੇ ਬਹਾਨੇ ਲੈ ਕੇ ਤੋਬਾ ਮਚਾ ਦਿੱਤੀ ਜਾਂਦੀ ਹੈ, ਉੱਥੇ ਅਛੂਤਾਂ ਨੂੰ ਨਾਲ ਰਲਾਉਣ ਦੀ ਹਿੰਮਤ ਉਹ ਕਿਸ ਤਰ੍ਹਾਂ ਕਰ ਸਕਦੇ ਹਨ''।

'ਅਛੂਤ ਦਾ ਸਵਾਲ' ਲੇਖ ਲਿਖਣ ਤੋਂ ਦੋ ਸਾਲ ਬਾਅਦ 5-6 ਅਕਤੂਬਰ 1930 ਸ਼ਹੀਦ ਭਗਤ ਸਿੰਘ ਵਲੋਂ ਲਿਖਿਆ ਇਕ ਹੋਰ ਲੇਖ 'ਮੈਂ ਨਾਸਤਕ ਕਿਉਂ ਹਾਂ?' ਅਛੂਤ ਸਮੱਸਿਆ ਤੇ ਉਨ੍ਹਾਂ ਦੀ ਡੂੰਘੀ ਪਕੜ ਨੂੰ ਦਰਸਾਉਂਦਾ ਹੈ। ਉਹ ਇਸ ਲੇਖ ਵਿੱਚ ਉਸ ਨੂੰ ਨਾਸਤਕ ਕਹਿਣ ਵਾਲਿਆਂ ਨਾਲ ਸੰਵਾਦ ਦੇ ਰੂਪ ਵਿੱਚ ਰੱਬ ਦੀ ਅਣਹੋਂਦ ਬਾਰੇ ਤਰਕ ਸੰਗਤ ਅਛੂਤ ਬੰਦੇ ਦੀ ਤਰਾਸਦੀ ਨੂੰ ਬਿਆਨ ਕਰਦੇ ਹੋਏ ਲਿਖਦੇ ਹਨ, ''ਤੁਹਾਡੀ ਜਾਚੇ ਕਿਸੇ ਚਮਾਰ ਜਾਂ ਭੰਗੀ ਦੇ ਅਨਪੜ੍ਹ ਪਰਿਵਾਰ ਵਿੱਚ ਜੰਮੇ ਬੰਦੇ ਦੀ ਕੀ ਹੋਣੀ ਹੋਵੇਗੀ? ਉਹ ਗ਼ਰੀਬ ਹੈ। ਇਸ ਲਈ ਉਹ ਪੜ੍ਹਾਈ ਨਹੀਂ ਕਰ ਸਕਦਾ। ਖੁਦ ਨੂੰ ਚੰਗੇ ਸਮਝਣ ਵਾਲੇ ਦੂਜੇ ਇਨਸਾਨ ਉਸ ਨੂੰ ਨਫ਼ਰਤ ਕਰਦੇ ਹਨ ਤੇ ਧਿਕਾਰਦੇ ਹਨ, ਕਿਉਂਕਿ ਉਹ ਉਚੇਰੀ ਜਾਤ ਵਿੱਚ ਪੈਦਾ ਹੋਏ ਸਨ। ਉਸ ਦੀ ਅਗਿਆਨਤਾ ਉਸ ਦੀ ਗ਼ਰੀਬੀ ਤੇ ਜਿਹੜਾ ਸਲੂਕ ਉਸ ਦੇ ਨਾਲ ਹੁੰਦਾ ਹੈ, ਇਨ੍ਹਾਂ ਸਾਰੀਆਂ ਗੱਲਾਂ ਕਾਰਨ ਸਮਾਜ ਤਾਈਂ ਉਸ ਦਾ ਦਿਲ ਸਖ਼ਤ ਹੋ ਜਾਏਗਾ। ਫ਼ਰਜ਼ ਕਰੋ ਕਿ ਉਹ ਕੋਈ ਪਾਪ ਕਰਦਾ ਹੈ, ਤਾਂ ਉਸ ਦਾ ਖਾਮਿਆਜ਼ਾ ਕੌਣ ਭੁਗਤੇਗਾ? ਰੱਬ ਜਾਂ ਪਾਪ ਕਰਨਾ ਵਾਲ ਜਾਂ ਸਮਾਜ ਦੇ ਗੁਣੀ ਗਿਆਨੀ ਬੰਦੇ? ਉਨ੍ਹਾਂ ਲੋਕਾਂ ਨੂੰ ਮਿਲੀਆਂ ਸਜ਼ਾਵਾਂ ਬਾਰੇ ਤੁਸੀਂ ਕੀ ਆਖੋਗੇ ਜਿਨ੍ਹਾਂ ਨੂੰ ਹਿਰਸੀ ਤੇ ਹੰਕਾਰੀ ਬ੍ਰਾਹਮਣਾਂ ਨੇ ਜਾਣ ਬੁੱਝ ਕੇ ਅਗਿਆਨਤਾ ਦੀਆਂ ਗ਼ਾਰਾਂ ਵਿੱਚ ਸੁੱਟਿਆ ਸੀ। ਉਨ੍ਹਾਂ ਦਾ ਕਸੂਰ ਕਿ ਉਨ੍ਹਾਂ ਪਾਪੀਆਂ ਨੇ ਤੁਹਾਡੇ ਗਿਆਨ ਦੀਆਂ ਪਵਿੱਤਰ ਪੋਥੀਆਂ ਵੇਦਾਂ ਦੀਆਂ ਕੁਝ ਸਤਰਾਂ ਆਪਣੇ ਕੰਨੀ ਸੁਣ ਲਈਆਂ ਸਨ ਅਤੇ ਤੁਸੀਂ ਉਨ੍ਹਾਂ ਦੇ ਕੰਨਾਂ ਵਿੱਚ ਸਿੱਕਾ ਢਾਲ ਕੇ ਪਾ ਦਿੱਤਾ ਸੀ, ਜੇ ਉਨ੍ਹਾਂ ਨੇ ਕੋਈ ਕਸੂਰ ਕੀਤਾ ਸੀ ਤਾਂ ਇਸ ਦਾ ਜ਼ਿੰਮੇਵਾਰ ਕੌਣ ਸੀ ਤੇ ਬਿਪਤਾ ਕਿਸ ਦੇ ਸਿਰ ਪੈਣੀ ਸੀ? ਮੇਰੇ ਪਿਆਰੇ ਦੋਸਤੋ: ਇਹ ਸਾਰੇ ਸਿਧਾਂਤ ਖਾਸ ਅਧਿਕਾਰਾਂ ਦੇ ਮਾਲਕਾਂ ਦੀਆਂ ਕਾਢਾਂ ਹੀ ਹਨ, ਇਨ੍ਹਾਂ ਸਿਧਾਂਤਾਂ ਸਦਕਾ ਉਹ ਆਪਣੀ ਲੁੱਟੀ ਹੋਈ ਤਾਕਤ, ਦੌਲਤ ਤੇ ਉਤਮਤਾ ਨੂੰ ਵਾਜਬ ਠਹਿਰਾਉਂਦੇ ਹਨ''।

ਸ਼ਹੀਦ ਭਗਤ ਸਿੰਘ ਆਪਣੀ ਇਨਕਲਾਬੀ ਸੋਚ ਅਤੇ ਤੀਖਣ ਬੁੱਧੀ ਸਦਕਾ ਇਹ ਭਲੀਭਾਂਤ ਜਾਣ ਚੁੱਕੇ ਸਨ ਕਿ ਅਛੂਤਾਂ ਦੇ ਸੁਧਾਰ ਵਾਸਤੇ ਵੱਡੀਆਂ-ਵੱਡੀਆਂ ਗੱਲਾਂ ਕਰਨ ਵਾਲੇ ਅਸਲ ਵਿੱਚ ਉਨ੍ਹਾਂ ਨੂੰ ਰਾਜਨੀਤਿਕ ਪੱਤੇ ਦੇ ਤੌਰ ਤੇ ਹੀ ਵਰਤਣਾ ਚਾਹੁੰਦੇ ਹਨ। ਉਹ ਅਸਲ ਵਿੱਚ ਉਨ੍ਹਾਂ ਦੇ ਜੀਵਨ ਵਿੱਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਦੇਖਣੀ ਨਹੀਂ ਚਾਹੁੰਦੇ। ਲੈਜਿਸਲੇਟਿਵ ਅਸੈਂਬਲੀਆਂ ਵਿੱਚ ਵੀ ਤਕਰੀਰਾਂ ਤਾਂ ਜ਼ਰੂਰ ਹੁੰਦੀਆਂ ਹਨ ਕਿ ਅਛੂਤਾਂ ਦਾ ਸੁਧਾਰ ਹੋਣਾ ਚਾਹੀਦਾ ਹੈ ਪਰ ਅੰਤ ਨੂੰ ਇਨ੍ਹਾਂ ਅਖੌਤੀ ਅਛੂਤਾਂ ਦੇ ਪੱਲੇ ਕੁਝ ਨਹੀਂ ਪੈਂਦਾ। ਸੁਧਾਰ ਤਾਂ ਇਕ ਪਾਸੇ ਰਿਹਾ ਸਗੋਂ ਇੰਤਕਾਲੇ ਅਰਾਜ਼ੀ ਐਕਟ ਵਰਗੇ ਕਾਨੂੰਨੀ ਪ੍ਰਬੰਧਾਂ ਰਾਹੀਂ ਇਨ੍ਹਾਂ ਮਜ਼ਲੂਮਾਂ ਤੇ ਸਗੋਂ ਹੋਰ ਜ਼ੁਲਮ ਢਾਹਿਆ ਜਾਂਦਾ ਹੈ। ਸ਼ਹੀਦ ਭਗਤ ਸਿੰਘ ਇਨ੍ਹਾਂ ਅਛੂਤਾਂ ਨੂੰ ਨੌਕਰਸ਼ਾਹੀ ਤੋਂ ਵੀ ਬਚਣ ਦੀ ਤਾਕੀਦ ਕਰਦਾ ਹੈ। ਉਹ ਸਰਮਾਏਦਾਰੀ ਨਿਜ਼ਾਮ ਅਤੇ ਨੌਕਰਸ਼ਾਹੀ ਦੇ ਮਿਲਗੋਭੇ ਨੂੰ ਅਛੂਤਾਂ ਦੀ ਗ਼ੁਲਾਮੀ ਅਤੇ ਗ਼ਰੀਬੀ ਦਾ ਮੁੱਖ ਕਾਰਨ ਮੰਨਦਾ ਹੈ। ਉਹ ਇਨ੍ਹਾਂ ਨੂੰ ਸਰਮ-ਾਏਦਾਰੀ ਅਤੇ ਨੌਕਰਸ਼ਾਹੀ ਦੀਆਂ ਕੋਝੀਆਂ ਚਾਲਾਂ ਤੋਂ ਬਚਣ ਦੀ ਗੱਲ ਕਰਦਾ ਹੈ ਅਤੇ ਇਸ ਬਚਾਅ ਵਿੱਚ ਹੀ ਉਨ੍ਹਾਂ ਦੀ ਮੁਕਤੀ ਨੂੰ ਦੇਖਦਾ ਹੈ। ਇਨ੍ਹਾਂ ਵਿਚਾਰਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਸ਼ਹੀਦ ਭਗਤ ਸਿੰਘ ਅਛੂਤ ਲੋਕਾਂ ਵਲੋਂ ਆਪਣੇ ਵੱਖਰੇ ਨੁਮਾਇੰਦੇ ਚੁਣੇ ਜਾਣ ਦੀ ਪੁਰਜ਼ੋਰ ਵਕਾਲਤ ਕਰਦੇ ਹਨ। ਉਨ੍ਹਾਂ ਅਨੁਸਾਰ, ''ਉਹ ਆਪਣੀ ਵੱਖਰੀ ਤਾਦਾਦ ਕਿਉਂ ਨਾ ਮੰਗਣ? ਅਸੀਂ ਤਾਂ ਸਾਫ ਕਹਿੰਦੇ ਹਾਂ ਕਿ ਉੱਠੋ! ਅਛੂਤ ਕਹਾਉਣ ਵਾਲੇ ਅਸਲੀ ਸੇਵਕੋ ਤੇ ਵੀਰੋ ਉੱਠੋ! ਆਪਣਾ ਇਤਿਹਾਸ ਦੇਖੋ! ਗੁਰੂ ਗੋਬਿੰਦ ਸਿੰਘ ਦੀ ਫ਼ੌਜ ਦੀ ਅਸਲੀ ਤਾਕਤ ਤੁਹਾਡੀ ਸੀ। ਸ਼ਿਵਾ ਜੀ ਤੁਹਾਡੇ ਆਸਰੇ ਹੀ ਇਹ ਸਭ ਕੁਝ ਕਰ ਸਕਿਆ ਜਿਸ ਨਾਲ ਕਿ ਉਸ ਦਾ ਨਾਂ ਜ਼ਿੰਦਾ ਹੈ। ਤੁਹਾਡੀਆਂ ਕੁਰਬਾਨੀਆਂ ਸੋਨੇ ਦੇ ਅੱਖਰਾਂ ਵਿੱਚ ਲਿਖੀਆਂ ਹੋਈਆਂ ਹਨ। ਤੁਸੀਂ ਜੋ ਨਿੱਤ ਸੇਵਾ ਕਰਕੇ ਕੌਮ ਦੇ ਸੁੱਖ ਵਿੱਚ ਵਾਧਾ ਕਰਕੇ ਅਤੇ ਜ਼ਿੰਦਗੀ ਮੁਮਕਿਨ ਬਣਾ ਕੇ ਇਕ ਬੜਾ ਭਾਰੀ ਅਹਿਸਾਨ ਕਰ ਰਹੇ ਹੋ, ਉਸ ਨੂੰ ਅਸੀਂ ਲੋਕੀ ਨਹੀਂ ਸਮਝਦੇ''।

ਕਿਸੇ ਵੀ ਗ਼ੈਰ-ਦਲਿਤ ਧਿਰ ਤੋਂ ਆਸ ਦੀ ਅਣਹੋਂਦ ਵਿੱਚ ਸ਼ਹੀਦ ਭਗਤ ਸਿੰਘ ਅਛੂਤ ਲੋਕਾਂ ਨੂੰ ਵੰਗਾਰਦੇ ਹੋਏ ਲਿਖਦੇ ਹਨ, ''ਉਠੋ! ਆਪਣੀ ਤਾਕਤ ਪਛਾਣੋ। ਜੱਥੇਬੰਦ ਹੋ ਜਾਓ। ਅਸਲ ਵਿੱਚ ਤੇ ਤੁਹਾਡੇ ਆਪਣੇ ਯਤਨ ਕੀਤਿਆਂ ਬਿਨਾਂ ਤੁਹਾਨੂੰ ਕੁਝ ਵੀ ਨਹੀਂ ਮਿਲ ਸਕੇਗਾ। (ਠੀਰਤਕ ਮੀਰ ਮਰਚ;ਦ ਲਕ ਗਿਕਕ ਠਚਤਵ ਵੀਕ-ਠਤਕ;ਡਕਤ ਤਵਗਜਾਕ ਵੀਕ ਲ;ਰਮ) ਆਜ਼ਾਦੀ ਦੀ ਖਾਤਰ ਆਜ਼ਾਦੀ ਚਾਹੁਣ ਵਾਲਿਆਂ ਨੂੰ ਯਤਨ ਕਰਨਾ ਚਾਹੀਦਾ ਹੈ। ਮਨੁੱਖ ਦੀ ਹੌਲੀ-ਹੌਲੀ ਕੁਝ ਇਹੋ ਜਿਹੀ ਆਦਤ ਹੋ ਗਈ ਹੈ ਕਿ ਆਪਣੇ ਵਾਸਤੇ ਤੇ ਉਹ ਹੱਕ ਮੰਗਣਾ ਚਾਹੁੰਦਾ ਹੈ ਪਰ ਜਿਨ੍ਹਾਂ ਤੇ ਉਸ ਦਾ ਦਬਦਬਾ ਹੋਵੇ, ਉਨ੍ਹਾਂ ਨੂੰ ਉਹ ਪੈਰਾਂ ਥੱਲੇ ਹੀ ਰੱਖਣਾ ਚਾਹੁੰਦਾ ਹੈ। ਇਸ ਕਰਕੇ ਲੱਤਾਂ ਦੇ ਭੂਤ ਗੱਲਾਂ ਨਾਲ ਨਹੀਂ ਮੰਨਿਆ ਕਰਦੇ। ਜਥੇਬੰਦ ਹੋ ਕੇ ਆਪਣੇ ਪੈਰਾਂ 'ਤੇ ਖਲੋ ਕੇ ਸਾਰੇ ਸਮਾਜ ਨੂੰ ਚੈਲੰਜ ਕਰ ਦਿਓ। ਦੇਖੋ ਤਾਂ ਫੇਰ ਕੌਣ ਤੁਹਾਡੇ ਹੱਕ ਦੇਣ ਤੋਂ ਇਨਕਾਰ ਕਰਨ ਦੀ ਜੁਰਅਤ ਕਰ ਸਕੇਗਾ। ਤੁਸੀਂ ਲੋਕਾਂ ਦੀ ਖੁਰਾਕ ਨਾ ਬਣੋ। ਦੂਜਿਆਂ ਦੇ ਮੂੰਹ ਵੱਲ ਨਾ ਤੱਕੋ''।

ਦਲਿਤ ਮੁਕਤੀ ਅਤੇ ਸ਼ਕਤੀਕਰਨ ਦੇ ਸਵਾਲ ਤੇ ਸ਼ਹੀਦ ਭਗਤ ਸਿੰਘ ਅਤੇ ਡਾ. ਅੰਬੇਡਕਰ ਦੀ ਵਿਚਾਰਧਾਰਾ ਵਿੱਚ ਬਹੁਤ ਸਮਾਨਤਾ ਹੈ। ਜਿਥੋਂ ਤੱਕ ਡਾ. ਅੰਬੇਡਕਰ ਦੀ ਵਿਚਾਰਧਾਰਾ ਦਾ ਸੰਬੰਧ ਹੈ ਉਨ੍ਹਾਂ ਨੇ ਦਲਿਤ ਮੁਕਤੀ ਵਾਸਤੇ ਸਮਾਜਿਕ ਸੁਧਾਰਾਂ, ਖਾਸ ਕਰਕੇ ਹਿੰਦੂ ਸਮਾਜ ਦੇ ਅੰਦਰ ਸੁਧਾਰਾਂ ਲਈ ਸੰਘਰਸ਼, ਦਾ ਰਸਤਾ 13 ਅਕਤੂਬਰ 1935 ਨੂੰ ਯਿਓਲਾ ਵਿਖੇ ਕਾਨਫਰੰਸ ਦੌਰਾਨ ਹਮੇਸ਼ਾ-ਹਮੇਸ਼ਾ ਲਈ ਤਿਆਗ ਦਿੱਤਾ ਸੀ ਅਤੇ ਜਿਹੜਾ ਨਵਾਂ ਰਸਤਾ ਅਪਣਾਇਆ ਸੀ ਉਹ ਸੀ ਧਰਮ ਪਰਿਵਰਤਨ ਕਰਕੇ ਦਲਿਤ ਸਮਾਜ ਨੂੰ ਇਕ ਵੱਖਰੀ ਇਕਾਈ ਦੇ ਤੌਰ ਸੰਗਠਿਤ ਕਰਕੇ ਲੋਕਤਾਂਤਰਿਕ ਅਤੇ ਸੰਵਿਧਾਨਕ ਤਰੀਕੇ ਰਾਹੀਂ ਦਲਿਤ ਮੁਕਤੀ ਅਤੇ ਸ਼ਕਤੀਕਰਨ ਨੂੰ ਪ੍ਰਾਪਤ ਹੋਣਾ। ਪਰ ਸ਼ਹੀਦ ਭਗਤ ਸਿੰਘ ਦਾ ਤਾਂ ਇਹ ਸ਼ੁਰੂ ਤੋਂ ਹੀ ਮੰਨਣਾ ਸੀ ਕਿ ਅਛੂਤ ਲੋਕਾਂ ਨੂੰ ਖੁਦ ਆਪਣੇ ਸੰਗਠਨ ਬਣਾ ਕੇ ਆਪਣੀ ਮੁਕਤੀ ਲਈ ਸੰਘਰਸ਼ ਕਰਨਾ ਚਾਹੀਦਾ ਹੈ। ਉਹ ਆਪਣੇ 'ਅਛੂਤ ਦਾ ਸਵਾਲ' ਲੇਖ ਨੂੰ ਸਮੇਟਦੇ ਹੋਏ ਲਿਖਦੇ ਹਨ, ''ਤੁਸੀਂ ਅਸਲੀ ਕਿਰਤੀ ਹੋ। ਕਿਰਤੀਓ ਜਥੇਬੰਦ ਹੋ ਜਾਓ। ਤੁਹਾਡਾ ਕੁਝ ਨੁਕਸਾਨ ਨਹੀਂ ਹੋਵੇਗਾ ਕੇਵਲ ਗੁਲਾਮੀ ਦੀਆਂ ਜ਼ੰਜੀਰਾਂ ਕੱਟੀਆਂ ਜਾਣਗੀਆਂ। ਉਠੋ ਮੌਜੂਦਾ ਨਿਜ਼ਾਮ ਦੇ ਵਿਰੁੱਧ ਬਗਾਵਤ ਖੜ੍ਹੀ ਕਰ ਦਿਓ। ਹੌਲੀ-ਹੌਲੀ ਸੁਧਾਰ ਤੇ ਰੀਫਾਰਮਾਂ ਨਾਲ ਕੁਝ ਨਹੀਂ ਬਣ ਸਕਦਾ। ਸਮਾਜਿਕ (ਛਰਫਜ.;) ਐਜੀਟੇਸ਼ਨ ਇਨਕਲਾਬ ਪੈਦਾ ਕਰ ਦਿਓ ਅਤੇ ਪੋਲੀਟੀਕਲ ਤੇ ਆਰਥਿਕ ਇਨਕਲਾਬ ਵਾਸਤੇ ਕਮਰ ਕੱਸੇ ਕਰ ਲਵੋ। ਤੁਸੀਂ ਹੀ ਤੇ ਮੁਲਕ ਦੀ ਜੜ੍ਹ ਹੋ, ਅਸਲੀ ਤਾਕਤ ਹੋ, ਉਠੋ! ਸੁੱਤੇ ਹੋਏ ਸ਼ੇਰੋ ਵਿਦਰੋਹੀਓ ਵਿਪੱਲਵ ਜਾਂ ਵਿਦਰੋਹ ਖੜ੍ਹਾ ਕਰ ਦਿਓ''।

ਸ਼ਹੀਦ ਭਗਤ ਸਿੰਘ ਦੇ ਸਮਾਜਿਕ ਇਨਕਲਾਬ ਦੀ ਧਾਰਨਾ ਦੀ ਅਹਿਮੀਅਤ ਦਾ ਦਲਿਤ ਮੁਕਤੀ ਅੰਦੋਲਨ ਵਾਸਤੇ ਮਹੱਤਵ ਹੋਰ ਵੀ ਪ੍ਰਸੰਗਕ ਹੋ ਜਾਂਦਾ ਹੈ ਜਦੋਂ ਡਾ. ਅੰਬੇਡਕਰ ਆਪਣੀ 25 ਨਵੰਬਰ 1949 ਵਾਲੀ ਸੰਵਿਧਾਨ ਨਾਲ ਸੰਬੰਧਤ ਤਕਰੀਰ ਵਿੱਚ ਸਮਾਜਿਕ ਲੋਕਤੰਤਰ ਦੀ ਅਹਿਮੀਅਤ ਦੀ ਗੱਲ ਕਰਦੇ ਹੋਏ ਰਾਜਨੀਤਕ ਲੋਕਤੰਤਰ ਨੂੰ ਇਸ ਦੀਆਂ ਨੀਹਾਂ ਤੇ ਉਸਾਰਨ ਦੀ ਗੱਲ ਕਰਦੇ ਹਨ। ਉਹ ਭਾਰਤ ਵਾਸੀਆਂ ਨੂੰ ਪੁਰਜ਼ੋਰ ਸ਼ਬਦਾਂ ਵਿੱਚ ਸੁਚੇਤ ਕਰਦਿਆਂ ਕਹਿੰਦੇ ਹਨ, ''26 ਜਨਵਰੀ, 1950 ਨੂੰ ਅਸੀਂ ਰਾਜਸੀ ਤੌਰ ਤੇ ਬਰਾਬਰ ਅਤੇ ਆਰਥਿਕ ਤੌਰ 'ਤੇ ਨਾ ਬਰਾਬਰ ਹੋਵਾਂਗੇ। ਜਿੰਨੀ ਛੇਤੀ ਹੋ ਸਕੇ ਸਾਨੂੰ ਇਹ ਭਿੰਨ-ਭੇਦ ਅਤੇ ਵਿਤਕਰਾ ਦੂਰ ਕਰਨਾ ਚਾਹੀਦਾ ਹੈ।

ਜੇ ਅਜਿਹਾ ਨਾ ਕੀਤਾ ਗਿਆ ਤਾਂ ਉਹ ਲੋਕ ਜੋ ਇਸ ਵਿਤਕਰੇ ਦਾ ਸ਼ਿਕਾਰ ਹਨ ਰਾਜਸੀ ਲੋਕਤੰਤਰ ਦੇ ਢਾਂਚੇ ਨੂੰ ਖੇਰੂੰ-ਖੇਰੂੰ ਕਰ ਦੇਣਗੇ ਜੋ ਇਸ ਸਭਾ ਨੇ ਇੰਨੀ ਮਿਹਨਤ ਨਾਲ ਬਣਾਇਆ ਹੈ''।

ਜੋ ਵਿਚਾਰ ਡਾ. ਅੰਬੇਡਕਰ ਨਵੰਬਰ 1949 ਦੌਰਾਨ ਪੇਸ਼ ਕਰਦੇ ਹਨ ਸ਼ਹੀਦ ਭਗਤ ਸਿੰਘ ਕਈ ਸਾਲ ਪਹਿਲਾਂ ਅਛੂਤ ਲੋਕਾਂ ਨੂੰ (ਜੂਨ 1928) ਇੱਕਠੇ ਹੋ ਕੇ ਮੌ-ਜੂਦਾ ਨਿਜ਼ਾਮ ਦੇ ਵਿਰੁੱਧ ਸਮਾਜਿਕ ਇਨਕਲਾਬ ਪੈਦਾ ਕਰ ਦੇਣ ਦੇ ਲਈ ਉਤਸ਼ਾਹਿਤ ਕਰਦਾ ਹੈ ਜਿਸ ਦੀ ਦਲਿਤ ਪਛਾਣ, ਮੁਕਤੀ ਅਤੇ ਸ਼ਕਤੀਕਰਨ ਦੇ ਜਟਿਲ ਮੁੱਦਿਆਂ ਨੂੰ ਸਮਝਣ ਅਤੇ ਹੱਲ ਕਰਨ ਵਿੱਚ ਹਮੇਸ਼ਾ ਸਾਰਥਕ ਭੂਮਿਕਾ ਰਹੇਗੀ।

# ਦਲਿਤਾਂ ਦੇ ਵਿਕਾਸ ਅਤੇ ਸਮਾਜਿਕ ਵਿਤਕਰੇ ਖਿਲਾਫ ਚਲਾਏ ਅਭਿਆਨ ਲਈ ਸਦਾ ਯਾਦ ਕੀਤਾ ਜਾਵੇਗਾ ਬਾਬੂ ਕਾਂਸ਼ੀ ਰਾਮ ਨੂੰ

ਜੀ ਨੇ ਇਸ ਸਬੰਧੀ ਅਪਣੀ ਕਿਤਾਬ ਚਮਚਾ ਯੁੱਗ ਵਿੱਚ ਵਿਸਥਾਰ ਵਿੱਚ ਵਰਣਨ ਕੀਤਾ ਹੈ। ਬਾਬੂ ਜੀ ਨੇ ਦਲਿਤ ਕਰਮਚਾਰੀਆਂ ਨੂੰ ਸੰਗਠਿਤ ਕੀਤਾ ਅਤੇ ਉੱਚ ਜਾਤਿ ਦੇ ਕਰਮਚਾਰੀਆਂ ਅਤੇ ਲੋਕਾਂ ਵਲੋਂ ਕੀਤੇ ਜਾ ਰਹੇ ਅਤਿਆਚਾਰਾਂ ਦਾ ਸੰਘਰਸ਼ਮਈ ਵਿਰੋਧ ਕਰਨ ਲਈ ਤਿਆਰ ਕੀਤਾ। ਇਸ ਸਮੇਂ ਦੌਰਾਨ ਹੀ ਬਾਬੂ ਜੀ ਨੇ ਅਪਣਾ ਜੀਵਨ ਲਿਤਾੜ੍ਹੇ ਵਰਗਾਂ ਦੇ ਨਾਮ ਕਰਕੇ ਵਿਆਹ ਨਾਂ ਕਰਵਾਉਣ ਦਾ ਫੈਸਲਾ ਕੀਤਾ। ਇਸਤੋਂ ਬਾਦ ਬਾਬੂ ਜੀ ਨੇ ਦਲਿਤ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਅਪਣੇ ਕੁੱਝ ਸਾਥੀਆਂ ਨਾਲ ਸਾਇਕਲ ਯਾਤਰਾ ਕੀਤੀ ਅਤੇ ਜਾਗਰੂਕਤਾ ਅਭਿਆਨ ਚਲਾਇਆ। ਬਾਬ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਪ੍ਰੀਨਿਵਾਣ ਦਿਵਸ ਤੇ 06 ਦਿਸੰਬਰ, 1978 ਨੂੰ ਬਾਬੂ ਜੀ ਨੇ ਬੈਕਵਰਡ ਐਂਡ ਮਨਾਰਟੀਜ਼ ਕਮਿਊਨਿਟੀ ਇੰਪਲਾਇਜ਼ ਫੈਡਰੇਸ਼ਨ ਬਾਮਸੇਫ ਨਾਮ ਦਾ ਕਰਮਚਾਰੀ ਸੰਗਠਨ ਬਣਾਇਆ ਅਤੇ 3 ਸਾਲ ਬਾਦ 6 ਦਸੰਬਰ 1981 ਨੂੰ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ ਡੀ ਐਸ-4 ਨਾਮ ਦਾ ਸੰਗਠਨ ਤਿਆਰ ਕੀਤਾ। ਬਾਬ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਵਸ ਮੌਕੇ 14 ਅਪ੍ਰੈਲ 1984 ਨੂੰ ਬਾਬੂ ਜੀ ਨੇ ਰਾਜਨੀਤਿਕ ਪਾਰਟੀ ਬਹੁਜਨ ਸਮਾਜ ਪਾਰਟੀ (ਬੀ ਐਸ ਪੀ) ਬਣਾ ਦਿਤੀ ਅਤੇ ਦੇਸ਼ ਦੀ ਸੱਤਾ ਤੇ ਕਾਬਜ ਹੋਣ ਦਾ ਐਲਾਨ ਕਰ ਦਿਤਾ। ਬਾਬੂ ਜੀ ਦੁਆਰਾ 6000 ਜਾਤਾਂ ਨੂੰ ਇੱਕ ਪਲੇਟਫਾਰਮ ਤੇ ਲਿਆਉਣ ਅਤੇ 85 ਫਿਸਦੀ ਵਰਗ ਦੇ ਲੋਕਾਂ ਨੂੰ ਬਹੁਜ਼ਨ ਸਮਝਣ ਦੇ ਤਜ਼ਰਬੇ ਨਾਲ ਬੀ ਐਸ ਪੀ ਰਾਸ਼ਟਰੀ ਪਾਰਟੀ ਬਣ ਗਈ ਅਤੇ ਪਿਛਲੇ ਕਈ ਸਾਲਾਂ ਤੋਂ



ਚਲਦੀਆਂ ਰਾਜਨੀਤਿਕ ਪਾਰਟੀਆਂ ਨੂੰ ਪਿੱਛੇ ਛੱਡਕੇ ਤੀਜੇ ਨੰਬਰ ਤੇ ਪਹੁੰਚ ਗਈ। 1989 ਦੀਆਂ ਲੋਕ ਸਭਾ ਚੋਣਾਂ ਵਿੱਚ ਬਾਬੂ ਕਾਂਸ਼ੀ ਰਾਮ ਦੀ ਅਗਵਾਈ ਵਿੱਚ ਬੀ ਐਸ ਪੀ ਨੇ ਦੇਸ਼ ਵਿੱਚ 2.07 ਫਿਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 3 ਲੋਕ ਸਭਾ ਮੈਂਬਰ ਬਣੇ। 1992 ਵਿੱਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ



ਵਿੱਚ ਬਹੁਜਨ ਸਮਾਜ ਪਾਰਟੀ ਇੱਕ ਵੱਡੀ ਰਾਜਨੀਤਿਕ ਪਾਰਟੀ ਵਜੋਂ ਸਾਹਮਣੇ ਆਈ ਜਿਸ ਵਿੱਚ 9 ਵਿਧਾਇਕ ਚੁਣੇ ਗਏ ਅਤੇ ਪੰਜਾਬ ਵਿੱਚ ਮੁੱਖ ਵਿਰੋਧੀ ਪਾਰਟੀ ਬਣੀ। 1993 ਵਿੱਚ ਦੇਸ਼ ਦੀ ਰਾਜਨੀਤੀ ਦਾ ਗੜ੍ਹ ਰਹਿਣ ਵਾਲੇ ਉੱਤਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ 67 ਵਿਧਾਇਕ ਬਣਾਕੇ ਵੱਡੀ ਜਿੱਤ ਹਾਸਲ ਕੀਤੀ। ਬਾਬੂ ਜੀ ਆਪ ਦੋ ਵਾਰ 1991 ਅਤੇ 1996 ਵਿੱਚ ਲੋਕ ਸਭਾ ਮੈਂਬਰ ਚੁਣੇ ਗਏ। 1998 ਵਿੱਚ ਬਾਬੂ ਜੀ ਨੇ ਇਹ ਵਾਅਦਾ ਕੀਤਾ ਕਿ ਉਹ ਉਦੋਂ ਤੱਕ ਆਪ ਚੋਣ ਨਹੀਂ ਲੜਣਗੇ ਜਦੋਂ ਤੱਕ ਲੋਕ ਸਭਾ ਵਿੱਚ ਘਟੋ ਘਟ 100 ਮੈਂਬਰ ਜਿੱਤਕੇ ਨਹੀਂ ਜਾਂਦੇ ਤਾਂ ਜੋ ਦੇਸ਼ ਦੀ ਸੱਤਾ ਦੀ ਚਾਬੀ ਦਲਿਤਾਂ ਦੇ ਹੱਥਾਂ ਵਿੱਚ ਆ ਸਕੇ। ਉਸਤੋਂ ਬਾਦ ਬਹੁਜਨ ਸਮਾਜ ਪਾਰਟੀ ਬੇਸ਼ੱਕ ਪੰਜਾਬ ਵਿੱਚ ਪੂਰੀ ਤਰਾਂ ਕਾਮਯਾਬ ਨਹੀਂ ਹੋ ਸਕੀ ਪਰ ਉੱਤਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ ਕਈ ਵਾਰ ਸਰਕਾਰ ਬਣਾਈ। ਬਾਬੂ ਕਾਂਸ਼ੀ ਰਾਮ ਜੋ ਕਿ ਸ਼ੂਗਰ ਦੀ ਬਿਮਾਰੀ ਤੋਂ ਪੀੜ੍ਹਿਤ ਸਨ ਨੂੰ 1994 ਵਿੱਚ ਦਿਲ ਦਾ ਦੌਰਾ ਪੈ ਗਿਆ। 2003 ਵਿੱਚ ਬਾਬੂ ਜੀ ਦੀ ਹਾਲਤ ਹੋਰ ਜਿਆਦਾ ਖਰਾਬ ਹੋ ਗਈ ਅਤੇ 2004 ਤੋਂ ਬਾਦ ਬਾਬੂ ਜੀ ਨੇ ਹਰ ਤਰਾਂ ਦੇ ਜਨਤਕ ਪ੍ਰੋਗਰਾਮਾਂ ਵਿੱਚ ਜਾਣਾ ਬੰਦ ਕਰ ਦਿਤਾ। ਅੰਤ ਬਾਬੂ ਜੀ ਲੰਬੀ ਬਿਮਾਰੀ ਬਾਦ ਮਿਤੀ 09 ਅਕਤੂਬਰ 2006 ਨੂੰ ਸਦੀਵੀ ਵਿਛੋੜਾ ਦੇ ਗਏ। ਬਾਬੂ ਕਾਂਸ਼ੀ ਰਾਮ ਬੇਸ਼ੱਕ ਬਹੁਜਨ ਸਮਾਜ ਪਾਰਟੀ ਨਾਲ ਹੀ ਜੁੜ੍ਹੇ ਰਹੇ ਪਰੰਤੂ ਹੁਣ ਉਨ੍ਹਾਂ ਨੂੰ ਹਰ ਰਾਜਨੀਤਿਕ ਪਾਰਟੀ ਪੂਰਾ ਮਾਣ ਸਨਮਾਨ ਦਿੰਦੀ ਹੈ। ਦੇਸ਼ ਵਿੱਚ ਦਲਿਤ ਰਾਜਨੀਤੀ ਦਾ ਧੁਰਾ ਰਹੇ ਬਾਬੂ ਕਾਂਸ਼ੀ ਰਾਮ ਦਾ ਨਾਮ ਰਹਿੰਦੀ ਦੁਨੀਆਂ ਤੱਕ ਲੋਕਾਂ ਦੇ ਦਿਲਾਂ ਵਿੱਚ ਵਸਿਆ ਰਹੇਗਾ।